# ਵਾਇਰਸ ਪੰਜਾਬ ਦੇ

(ਕਾਵਿ-ਸੰਗ੍ਰਹਿ)

ਨਸ਼ਿਆਂ ਦਾ ਧੰਦਾ, ਧਰਮੀ ਮੱਠਾਂ ਦੇ
ਘੜੰਮ ਚੌਧਰੀਆਂ ਦੇ ਡੇਰਿਆਂ ਤੋਂ ਲੈ ਕੇ
ਰਾਜਨੀਤੀਵਾਨਾਂ, ਸਮਾਜ ਸੇਵਕਾਂ, ਪੁਲਿਸ ਅਧਿਕਾਰੀਆਂ, ਦੀ
ਛਤਰ ਛਾਇਆ ਹੇਠ ਵਧ ਫੁਲ ਰਿਹਾ ਹੈ
ਇਸ ਕੋਹੜ ਨੂੰ ਖਤਮ ਕਰਨ ਲਈ
ਕਦੀ ਕੋਈ, ਗੁਟਕੇ ਦੀ ਸਹੁੰ ਖਾਂਦਾ
ਕਦੀ ਕੋਈ, ਰਾਮ ਰਾਮ ਦਾ ਨਾਮ ਲੈਂਦਾ
ਕਦੀ ਕੋਈ, ਅੱਲਾ ਅੱਲਾ ਨੂੰ ਧਿਆ ਰਿਹਾ
ਕਦੀ ਕੋਈ, ਜੀਸਸ ਜੀਸਸ ਕਰਦਾ ਦਿਖ ਰਿਹਾ
ਪਰ, ਪਰਨਾਲਾ, ਦਹਾਕਿਆਂ ਬਾਹਦ ਵੀ
ਓਥੇ ਦੀ ਓਥੇ ਹੀ ਰਿਹਾ
-ਸੁਖਿੰਦਰ

# ਸੁਖਿੰਦਰ ਰਚਿਤ ਪੁਸਤਕਾਂ :

## ਵਿਗਿਆਨ :

- ਪੁਲਾੜ, ਸਮਾਂ ਤੇ ਪਦਾਰਥ (1972)
- ਕਾਸਮਿਕ ਕਿਰਨਾਂ ਤੇ ਵਿਸ਼ਵ (1973)
- ਵਿਸ਼ਵ ਚਰਚਾ (1975)

## ਕਵਿਤਾ :

- ਸ਼ਹਿਰ, ਧੁੰਦ ਤੇ ਰੌਸ਼ਨੀਆਂ (1974)
- ਲੱਕੜ ਦੀਆਂ ਮੱਛੀਆਂ (1979)
- ਤਿੰਨ ਕੋਣ (ਤਿੰਨ ਕਵੀ) (1979)
- ਤੂਫ਼ਾਨ ਦੀਆਂ ਜੜ੍ਹਾਂ ਵਿੱਚ (1985)
- ਬੁੱਢੇ ਘੋੜਿਆਂ ਦੀ ਆਤਮ-ਕਥਾ (1991)
- ਸ਼ਕਿਜ਼ੋਫ਼ਰੇਨੀਆਂ (1993)
- ਇਹ ਖ਼ਤ ਕਿਸਨੂੰ ਲਿਖਾਂ (1998)
- ਕੁੱਤਿਆਂ ਬਾਰੇ ਕਵਿਤਾਵਾਂ (2006)
- ਪ੍ਰਦੂਸ਼ਿਤ ਹਵਾ ਨਾਲ ਸੰਵਾਦ (2006)
- ਗਲੋਬਲੀਕਰਨ (2008)
- ਸਮੋਸਾ ਪਾਲਿਟਿਕਸ (2012)
- ਕਵਿਤਾ ਦੀ ਤਲਾਸ਼ ਵਿੱਚ (2013)
- ਕਵਿਤਾ ਦੀ ਵਾਪਸੀ (2013) (ਸ਼ਾਹਮੁਖੀ)
- ਆਮ ਆਦਮੀ ਦਾ ਇਨਕਲਾਬ (2015)
- ਡਾਇਰੀ ਦੇ ਪੰਨੇ (2016)
- ਲਹੂ ਦਾ ਰੰਗ (ਦੋ ਕਵੀ) (2017)
- ਸਾਜ਼ਿਸ਼ੀ ਮੌਸਮ (2018)
- ਕਵਿਤਾ ਕੇ ਸਾਥ ਸਾਥ (ਹਿੰਦੀ) (2018)
- ਬਾਂਦਰ ਨਾਲ ਬਹਿਸ ਕੌਣ ਕਰੇ (2019)
- ਲੌਕਡਾਊਨ (2020)
- ਕਿਸਾਨ ਯੁੱਧ (2020) (ਦੋ ਕਵੀਆਂ ਨਾਲ ਸਾਂਝੀ)
- ਕ੍ਰਾਂਤੀ ਦੀ ਭਾਸ਼ਾ (2022)

## ਆਲੋਚਨਾ :

- ਕੈਨੇਡੀਅਨ ਪੰਜਾਬੀ ਸਾਹਿਤ (2010)
- ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ) (2011)
- ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਤੀਜਾ) (2013)
- ਕ੍ਰਾਂਤੀ ਦੀ ਕਵਿਤਾ (2017)

## ਵਾਰਤਕ :

- ਸਿੱਧੀਆਂ ਸਪੱਸ਼ਟ ਗੱਲਾਂ (2010)
- ਮੇਰਾ ਪਾਕਿਸਤਾਨੀ ਸਫ਼ਰਨਾਮਾ (2015)
- ਮੇਰਾ ਪਾਕਿਸਤਾਨੀ ਸਫ਼ਰਨਾਮਾ (2016) (ਸ਼ਾਹਮੁਖੀ)
- ਗੱਲਾਂ ਪਾਕਿਸਤਾਨ ਦੀਆਂ (2019) (ਸ਼ਾਹਮੁਖੀ)
- ਗੱਲਾਂ ਪਾਕਿਸਤਾਨ ਦੀਆਂ (2019) (ਗੁਰਮੁਖੀ)

## ਸੰਪਾਦਨਾ :

- ਮਕਤਲ (ਪ੍ਰਗਤੀਵਾਦੀ ਕਵਿਤਾ-ਸਹਿ ਸੰਪਾਦਨਾ) (1982)
- ਬਘਿਆੜਾਂ ਦੇ ਵੱਸ (ਕੈਨੇਡੀਅਨ ਪੰਜਾਬੀ ਕਵਿਤਾ) (1986)
- ਮੇਰੀਆਂ ਝਾਂਜਰਾਂ ਦੀ ਛਨਛਨ (ਦਵਿੰਦਰ ਬਾਂਸਲ ਦੀ ਕੋਲਾਜ ਕਿਤਾਬ) (1999)
- ਅੰਦੋਲਨ, ਮੇਲਾ ਨਹੀਂ ਹੁੰਦਾ (52 ਕਵੀਆਂ ਦੀਆਂ ਕਵਿਤਾਵਾਂ) (2022)
- ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ : ਖੁੱਲ੍ਹੇ ਭੇਤ (ਆਲੋਚਨਾ) (2022)
- ਸੁਖਿੰਦਰ ਦੀ ਕਾਵਿ-ਸੰਵੇਦਨਾ (ਆਲੋਚਨਾ) (2023)
- ਪੰਜਾਬੀ ਸਾਹਿਤ ਅਤੇ ਸੱਭਿਆਚਾਰ (ਸਹਿ ਸੰਪਾਦਨਾ) (2023)

## ਨਾਵਲ :

- ਅਲਾਰਮ ਕਲਾਕ (2003)
- ਕਰੋਨਾ ਕਾਫਲੇ (2021)

## ਬੱਚਿਆਂ ਲਈ :

- ਅਨੀਤਾ ਆਂਟੀ ਅਤੇ ਬੱਚੇ (2004)

## English :

- Children Are Not Hamburger Meat (Poetry) (2005)

# ਵਾਇਰਸ ਪੰਜਾਬ ਦੇ

(ਕਾਵਿ-ਸੰਗ੍ਰਹਿ)

## ਸੁਖਿੰਦਰ

ਸਪਤਰਿਸ਼ੀ ਪਬਲੀਕੇਸ਼ਨ
ਚੰਡੀਗੜ੍ਹ

Copyright © 2023 Sukhinder

# Virus Punjab De

**(Poetry)**

***Sukhinder***
Box 67089, 2300 Yonge St.
Toronto ON M4P 1E0 Canada
Tel. (416) 858-7077
poet_sukhinder@hotmail.com

***Cover Design :***
***Saleem Pasha***
***Toronto Canada***

***ISBN:978-81-19370-69-6***

***First Edition :2023***

***Price*** :

$10 (In Canada & U.S.A.)
Rs. 150 (In India)

***Published by :***

**Sapatrishi Publications**
Plot No. 25/6, Industrial Area, Phase-2
Near Tribune Chowk, Chandigarh
**Website : sapatrishipublications.com**
Email: sapatrishi94@gmail.com
94638-36591
*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Author.*

# ਸਮਰਪਣ

ਸ਼ਾਇਰੀ ਦੀਆਂ ਬੁਲੰਦ ਆਵਾਜ਼ਾਂ
ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ
ਸ਼ੇਖ ਫਰੀਦ, ਕਬੀਰ, ਸ਼ਾਹ ਹੁਸੈਨ
ਮੀਆਂ ਮੁਹੰਮਦ ਬਖ਼ਸ਼
ਨੂੰ

# ਕਿੱਥੇ ਕੀ :


1. ਵਾਇਰਸ ਪੰਜਾਬ ਦੇ 17
2. ਤੁਹਾਨੂੰ, ਕੁਮੈਂਟ ਨਹੀਂ ਕਰਨਾ ਚਾਹੀਦਾ 20
3. ਦੋਸ਼ ਕਿਸ ਨੂੰ ਦਿਓਗੇ 22
4. ਸਾਹਿਤਕ ਦਲਾਲ 24
5. ਆਜ਼ਾਦੀ 27
6. ਭਾਂਤ ਭਾਂਤ ਦੇ ਮੌਕਾਪ੍ਰਸਤ 29
7. ਧੀਆਂ ਦੇ ਕਾਤਲ 31
8. ਅੱਗ ਲਗਾਊ ਯੰਤਰ 33
9. ਸੁਆਗਤੀ ਸ਼ਬਦ 35
10. ਹੁੱਲੜਬਾਜ਼ 38
11. ਸਾਡੇ ਸਮਿਆਂ ਦੇ ਰੁਝਾਨ 40
12. ਪੰਜਾਬੀ ਮਾਨਸਿਕਤਾ 42
13. ਸਾਹਿਤਕ ਖਲਨਾਇਕ 44
14. ਗੈਂਗਸਟਰ ਗਾਇਕਾਂ ਦੇ ਹਿਮਾਇਤੀ 46
15. ਗੋਲਕ ਚੋਰਾਂ ਦੇ ਕਿੱਸੇ 48
16. ਧਰਮੀ ਬੇਅਦਬੀਆਂ ਦੀ ਰੁੱਤ 50
17. ਮਾਣ-ਮਰਿਆਦਾ 52
18. ਨਾਟਕ ਦਾ ਆਖਰੀ ਦ੍ਰਿਸ਼ 55
19. ਚਲੋ, ਯਾਰੋ! 57
20. ਦੁਬਈ ਦੇ ਧਰਮੀ ਵਿਉਪਾਰੀ 59
21. ਲੋਕ ਆਖਦੇ ਹਨ 61
22. ਸਾਜ਼ਿਸ਼ੀ ਚੁੱਪ 63
23. ਕਵਿਤਾ ਸੋਚ ਰਹੀ ਹੈ 65
24. ਫੇਸਬੁੱਕ ਦੇ ਕਵੀ 67
25. ਕਵੀ ਦੀ ਕਵਿਤਾ 69
26. ਜ਼ੂਮ ਬੀਮਾਰੀ 70
27. ਜਸ਼ਨ 72
28. ਇੱਕ ਸਾਹਿਤਕ ਆਲੋਚਕ ਦੀ ਖਾਹਿਸ਼ 74
29. ਮੌਜ-ਮੇਲਾ ਸਮਾਰੋਹ 76
30. ਸੁਵਿਧਾਜਨਕ ਕਲਚਰ 78
31. ਲੋਕ ਆਖਦੇ ਹਨ-2 80
32. ਲਿਫ਼ਾਫਾ ਕਲਚਰ ਦੀ ਪੈਦਾਇਸ਼ ਤੋਤੇ 82
33. ਪਲਟੀਨਾ 84
34. ਬਲਾਤਕਾਰੀ ਕਾਨੂੰਨ-ਘਾੜੇ ਅਤੇ ਅਦਲਾਤਾਂ 85
35. ਲਾਹਨਤਾਂ 87
36. ਬਾਂਦਰਾਂ ਦੀ ਭੀੜ 89
37. ਦ੍ਰੋਪਦੀ ਨੂੰ ਕਹੋ 91
38. ਮੱਠਧਾਰੀ, ਖਲਨਾਇਕ, ਧੜੇਬੰਦਕ 93
39. ਮੁਖੌਟਿਆਂ ਦੀ ਕੁੱਤਾ-ਝਾਕ 95
40. ਸਾਹਿਤਕ ਖਲਨਾਇਕਾਂ ਦੀ ਸ਼ਕਤੀ ਦਾ ਜਾਦੂ 97
41. ਬਾਤ ਦਾ ਬਤੰਗੜ 99
42. ਧਰਮੀ ਘਪਲਿਆਂ ਦੀ ਦਾਸਤਾਨ 101
43. ਪੰਜਾਬ ਦਾ ਝੋਟਾ ਕਲਚਰ 104
44. ਝੋਟਾ 107
45. ਬਲਾਤਕਾਰੀ ਰਾਜਨੀਤੀ 109
46. ਨਸ਼ੇ ਦੇ ਸੌਦਾਗਰ 111
47. ਮਗਰਮੱਛ ਦੇ ਹੰਝੂ 114
48. 31 ਕਰੋੜੀ ਲੈਂਪ 116
49. ਮਾਹੌਲ 118
50. ਖ਼ੂਨੀ ਰੁੱਤ '84 ਦੀ 120
51. ਆਲੋਚਕ ਦੀ ਮਨੋ-ਭਾਵਨਾ 122
52. ਕਵੀ ਦੀ ਮੰਗ 125
53. ਰਾਜਨੀਤਿਕ ਕਵਿਤਾ 128
54. ਮੇਰੀ ਸ਼ਾਇਰੀ 130
55. ਬਦਲ ਰਹੇ ਸਮਿਆਂ ਵਿੱਚ 132
56. ਬਲੈਕ ਲਿਸਟਿਡ ਕਵੀ 134
57. ਪੁਰਸਕਾਰ 136
58. ਭੇਡਾਂ 139
59. ਜੇ, ਬਿੱਲੋ, ਤੂੰ.... 142
60. ਬੇਬੇ ਜੀ 144
61. ਵਿਸ਼ਵ-ਵਿਦਿਆਲਾ 146
62. ਇੱਕ, ਵਿਸ਼ਵ-ਵਿਦਿਆਲੇ ਦੀ ਮੌਤ 148
63. ਬਾਂਦਰਾਂ ਦੀ ਔਲਾਦ ਅਤੇ ਹਲਕੇ ਹੋਏ ਕੁੱਤੇ 150
64. ਫੇਸਬੁੱਕ ਦੀ ਬਾਂਦਰ ਸੈਨਾ 152
65. ਬਾਬੇ ਨੇ ਕਿਹਾ ਸੀ 154
66. ਫੇਸਬੁੱਕ ਮੀਡੀਆ ਉੱਤੇ ਗਧਿਆਂ ਦੀ ਹਕੂਮਤ 156
67. ਪਰੌਂਠਾ ਪਾਲਿਟਿਕਸ 158
68. ਕਾਲੈਡੋਸਕੋਪਿਕ ਦ੍ਰਿਸ਼ 161
69. ਤੁਸੀਂ, ਕਿਸ ਪਾਸੇ ਖੜ੍ਹੇ ਹੋ 163
70. ਗੱਬਰ ਸਿੰਘ ਦੇ ਲਲਕਾਰੇ-2 165
71. 1947 ਦੀ ਵੰਡ ਦੇ ਖਲਨਾਇਕ 166
72. ਭੂਤ, ਭਵਿੱਖ, ਵਰਤਮਾਨ 168
73. ਮੋਇਆਂ ਹੋਇਆਂ ਦੇ ਜਸ਼ਨ 171
74. ਬਾਂਦਰਾਂ ਦੀ ਕੌਮ ਵੱਖਰੀ 173
75. ਸਮਿਆਂ ਦੀ ਨਜ਼ਾਕਤ 176
76. ਹਥਿਆਰਾਂ ਦੇ ਵਿਉਪਾਰੀ 178
77. ਜੰਗਬਾਜ਼ਾਂ ਦੇ ਖ਼ਿਲਾਫ਼ 180
78. ਡਾਕਟਰ ਦੀ ਡਿਗਰੀ 182
79. ਇੱਕ, ਨਿੱਕੀ ਜਿਹੀ ਕੁੜੀ 184
80. ਸਾਜਿਸ਼ੀ ਚੁੱਪ ਹੈ ਹਰ ਪਾਸੇ 189
81. ਪੰਜਾਬ ਦੀਆਂ ਰਾਜਨੀਤਕ ਭੇਡਾਂ ਦੀ ਬਹਿਸ 191

# ਕੁਝ ਸ਼ਬਦ ਮੇਰੇ ਵੱਲੋਂ ਵੀ

ਪਿਛਲੇ, ਤਕਰੀਬਨ, 200 ਸਾਲ ਤੋਂ ਪੰਜਾਬ, ਪੰਜਾਬੀ ਸਭਿਆਚਾਰ ਅਤੇ ਪੰਜਾਬੀ ਵਿਰਸੇ ਨੂੰ, ਭਾਂਤ ਭਾਂਤ ਦੇ, ਵਾਇਰਸ ਚਿੰਬੜੇ ਹੋਏ ਹਨ. ਇਹ ਵਾਇਰਸ ਰਾਜਨੀਤਿਕ, ਸਮਾਜਿਕ, ਸਾਹਿਤਕ, ਸਭਿਆਚਾਰਕ, ਧਾਰਮਿਕ, ਵਿੱਦਿਅਕ ਅਤੇ ਨੈਤਿਕ ਖੇਤਰਾਂ ਨਾਲ ਸਬੰਧਿਤ ਹਨ.

ਇਹ ਵਾਇਰਸ ਆਪਣੇ ਨਿੱਜੀ ਲਾਭਾਂ ਖਾਤਿਰ ਪੰਜਾਬ ਨੂੰ ਨ ਸਿਰਫ ਬਾਰ ਬਾਰ ਟੁੱਕੜਿਆਂ ਵਿੱਚ ਵੰਡ ਕੇ ਖੇਰੂੰ ਖੇਰੂੰ ਕਰ ਰਹੇ ਹਨ; ਬਲਕਿ, ਇਹ ਵਾਇਰਸ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਵਿਰਸੇ ਦੇ ਨਿਰਮਲ ਪਾਣੀਆਂ ਨੂੰ ਗੰਧਲਾ ਵੀ ਕਰ ਰਹੇ ਹਨ.

ਇਹ ਵਾਇਰਸ ਪੰਜਾਬ/ਪੰਜਾਬੀਅਤ ਨੂੰ ਬਰਬਾਦ ਕਰਨ ਲਈ ਦੇਸ/ਬਦੇਸ ਦੀਆਂ ਹਕੂਮਤਾਂ ਵੱਲੋਂ ਵੀ ਪੈਦਾ ਕੀਤੇ ਜਾ ਰਹੇ/ਛੱਡੇ ਜਾ ਰਹੇ ਹਨ ਅਤੇ ਉਨ੍ਹਾਂ ਸ਼ਕਤੀਆਂ ਵੱਲੋਂ ਵੀ ਪੈਦਾ ਕੀਤੇ/ਛੱਡੇ ਜਾ ਰਹੇ ਹਨ ਜੋ ਪੰਜਾਬ/ਪੰਜਾਬੀਅਤ ਦੀ ਤਬਾਹੀ ਵਿੱਚੋਂ ਹੀ ਆਪਣੇ ਨਿੱਜੀ ਮੁਫਾਦ/ਲਾਭ ਢੂੰਡ ਰਹੀਆਂ ਹਨ.

ਜ਼ਿੰਦਗੀ ਦਾ ਕੋਈ ਵੀ ਅਜਿਹਾ ਖੇਤਰ, ਹੁਣ, ਬਾਕੀ ਨਹੀਂ ਰਿਹਾ ਜਿਸ ਖੇਤਰ ਵਿੱਚ ਵੜ ਕੇ ਇਨ੍ਹਾਂ ਵਾਇਰਸਾਂ ਨੇ ਤਬਾਹੀ ਨ ਕੀਤੀ ਹੋਵੇ. ਇਸ ਸਬੰਧ ਵਿੱਚ ਸਮਝਣ ਵਾਲੀ ਗੱਲ ਇਹ ਵੀ ਹੈ ਕਿ ਵੱਖੋ ਵੱਖ ਖੇਤਰਾਂ ਨਾਲ ਸਬੰਧਿਤ ਇਹ ਭਾਂਤ ਭਾਂਤ ਦੇ ਵਾਇਰਸ, ਕਿਸੇ-ਨ-ਕਿਸੇ ਪੱਧਰ ਉੱਤੇ, ਇੱਕ ਦੂਜੇ ਨਾਲ ਜੁੜੇ ਹੋਏ ਵੀ ਹੁੰਦੇ ਹਨ.

ਉਦਾਹਰਣ ਵਜੋਂ, ਸਾਹਿਤਕ ਖੇਤਰ ਨਾਲ ਸਬੰਧਿਤ ਵਾਇਰਸ ਸਭਿਆਚਾਰਕ ਖੇਤਰ, ਵਿੱਦਿਅਕ ਖੇਤਰ ਅਤੇ ਸਮਾਜਿਕ ਖੇਤਰ ਦੀਆਂ ਕਦਰਾਂ-ਕੀਮਤਾਂ ਨੂੰ ਵੀ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੇ ਹਨ.

ਸਾਹਿਤਕ ਖੇਤਰ ਨਾਲ ਸਬੰਧਿਤ ਸਾਹਿਤਕ ਖਲਨਾਇਕਾਂ ਨੇ ਸਾਹਿਤਕ/ ਸਭਿਆਚਾਰਕ/ਸਮਾਜਿਕ ਖੇਤਰਾਂ ਵਿੱਚ ਚੰਗੇ ਕੰਮ ਕਰਨ ਵਾਲਿਆਂ ਨੂੰ ਸਨਮਾਨਿਤ ਕੀਤੇ ਜਾਣ ਦੇ ਤੌਰ-ਤਰੀਕਿਆਂ ਨੂੰ ਇਸ ਹੱਦ ਤੱਕ ਭ੍ਰਿਸ਼ਟ ਕਰ ਦਿੱਤਾ ਹੈ ਕਿ ਲੋਕ, ਹੁਣ, ਆਪਣੇ ਚੰਗੇ ਸਾਹਿਤਕ/ਸਭਿਆਚਾਰਕ/ਸਮਾਜਿਕ ਕੰਮਾਂ ਲਈ ਸਨਮਾਨਿਤ ਕੀਤੇ ਜਾਣ ਤੋਂ ਵੀ ਬਚਣ ਦੀਆਂ ਕੋਸ਼ਿਸ਼ਾਂ ਕਰਨ ਲੱਗੇ ਹਨ.

ਰਾਜਨੀਤਿਕ ਖੇਤਰ ਵਿੱਚ ਰਾਜਨੀਤਿਕ ਖਲਨਾਇਕ ਵਾਇਰਸਾਂ ਨੇ, ਮਹਿਜ਼, ਰਾਜਨੀਤਿਕ ਕੁਰਸੀ ਪ੍ਰਾਪਤ ਕਰਨ ਲਈ ਹਰ ਤਰ੍ਹਾਂ ਦੇ ਘਟੀਆ ਤੋਂ ਘਟੀਆ ਕਿਸਮ ਦੇ ਹੱਥ ਕੰਡੇ ਵਰਤਣੇ ਸ਼ੁਰੂ ਕਰ ਦਿੱਤੇ ਹਨ. ਜਿਵੇਂ ਕਿ ਵੋਟਰ ਨੂੰ ਆਪਣੇ ਹੱਕ ਵਿੱਚ ਪ੍ਰਭਾਵਿਤ ਕਰਨ ਲਈ, ਉਹ ਉਸਨੂੰ, ਨਕਦ ਰੁਪਏ, ਸ਼ਰਾਬ ਜਾਂ ਹੋਰ ਕਿਸੇ ਕਿਸਮ ਦਾ ਨਸ਼ਾ ਵੀ ਦੇ ਸਕਦੇ ਹਨ. ਅਜਿਹੇ ਭ੍ਰਿਸ਼ਟ ਰਾਜਨੀਤੀਵਾਨ ਆਪਣੇ ਅਜਿਹੇ ਭ੍ਰਿਸ਼ਟ ਤੌਰ-ਤਰੀਕਿਆਂ ਨਾਲ ਚੋਣਾਂ ਜਿੱਤ ਕੇ, ਫਿਰ ਜਨਤਾ ਦਾ ਹਰ ਕੰਮ ਕਰਨ ਲਈ ਰਿਸ਼ਵਤ ਵਜੋਂ ਵੱਡੀਆਂ ਵੱਡੀਆਂ ਰਕਮਾਂ ਦੀ ਮੰਗ ਕਰਦੇ ਹਨ.

ਵਿੱਦਿਆ ਦੇ ਖੇਤਰ ਵਿੱਚ ਅਜਿਹੇ ਖਲਨਾਇਕ ਵਾਇਰਸ ਘੁਸਪੈਠ ਕਰ ਚੁੱਕੇ ਹਨ ਜੋ ਹਰ ਤਰ੍ਹਾਂ ਦੇ ਭ੍ਰਿਸ਼ਟ ਤੌਰ-ਤਰੀਕਿਆਂ ਨਾਲ ਉੱਚ ਡਿਗਰੀਆਂ ਪ੍ਰਾਪਤ ਕਰਨ ਦੇ ਢੰਗ ਲੋਕਾਂ ਨੂੰ ਦਸ ਕੇ ਉਨ੍ਹਾਂ ਤੋਂ ਲੱਖਾਂ ਰੁਪਏ ਬਟੋਰ ਰਹੇ ਹਨ. ਇਸਦੇ ਨਾਲ ਨਾਲ ਉਹ ਅਨੇਕਾਂ ਵਿਦਿਆਰਥੀਆਂ ਦਾ ਸਰੀਰਕ/ਮਾਨਸਿਕ ਤੌਰ ਉੱਤੇ ਸ਼ੋਸ਼ਨ ਵੀ ਕਰ ਰਹੇ ਹਨ.

ਅਦਾਲਤਾਂ ਵਿੱਚ ਵੀ ਬੁਰਾ ਹਾਲ ਹੋ ਚੁੱਕਾ ਹੈ. ਜੱਜ ਵਿਕ ਰਹੇ ਹਨ ਅਤੇ ਕਾਤਲ/ਨਸ਼ਾ ਸਮੱਗਲਰ/ਬਲਾਤਕਾਰੀ ਪੈਸੇ ਦੇ ਜ਼ੋਰ ਨਾਲ ਸਜ਼ਾਵਾਂ ਤੋਂ ਬਚ ਰਹੇ ਹਨ.

ਧਾਰਮਿਕ ਸਥਾਨਾਂ ਵਿੱਚ ਵੀ ਭ੍ਰਿਸ਼ਟ ਲੋਕ ਧਾਰਮਿਕ ਸਥਾਨਾਂ ਉੱਤੇ ਕਾਬਿਜ਼ ਹਨ ਅਤੇ ਧਾਰਮਿਕ ਸਥਾਨਾਂ ਦੀਆਂ ਗੋਲਕਾਂ 'ਚੋਂ ਅੰਨ੍ਹੀ ਲੁੱਟ ਮਚਾ ਰਹੇ ਹਨ.

ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਪੰਜਾਬ ਅਤੇ ਪੰਜਾਬੀ ਸਭਿਆਚਾਰ ਨਸਿਆਂ ਅਤੇ ਗੈਂਗਸਟਰਾਂ ਦੀ ਮਾਰ ਝੱਲ ਰਿਹਾ ਹੈ. ਵਿਸ਼ੇਸ਼ ਕਰਕੇ ਨੌਜੁਆਨ ਪੀੜ੍ਹੀ ਨਸ਼ਿਆਂ ਅਤੇ ਗੈਂਗਸਟਰਵਾਦ ਦੀ ਦਲਦਲ ਵਿੱਚ ਧਸਦੀ ਜਾ ਰਹੀ ਹੈ. ਇਸ ਲਈ ਹਕੂਮਤਾਂ ਅਤੇ ਹਕੂਮਤਾਂ ਦੇ ਕਾਨੂੰਨ ਦੇ ਰਾਖੇ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ; ਪਰ ਇਸ ਤ੍ਰਾਸਦੀ ਲਈ ਪੰਜਾਬੀ ਗੀਤਕਾਰਾਂ ਅਤੇ ਪੰਜਾਬੀ ਗਾਇਕਾਂ ਨੂੰ ਵੀ ਜ਼ਿੰਮੇਵਾਰ ਸਮਝਿਆ ਜਾਣਾ ਚਾਹੀਦਾ ਹੈ ਜੋ ਕਿ ਆਪਣੇ ਗੀਤਾਂ ਵਿੱਚ ਹਥਿਆਰਾਂ ਅਤੇ ਨਸ਼ਿਆਂ ਨੂੰ ਉਤਸਾਹਿਤ ਕਰਦੇ ਹਨ. ਇਸ ਤ੍ਰਾਸਦੀ ਲਈ ਅਜਿਹੇ ਲਾਲਚੀ ਕਿਸਮ ਦੇ ਗ਼ੈਰ-ਜ਼ਿੰਮੇਵਾਰ ਮੀਡੀਆ ਨਾਲ ਸਬੰਧਿਤ ਲੋਕ ਵੀ ਜ਼ਿੰਮੇਵਾਰ ਹਨ ਜੋ ਕਿ ਅਜਿਹੇ ਗ਼ੈਰ-ਜ਼ਿੰਮੇਵਾਰ ਕਿਸਮ ਦੇ ਪੰਜਾਬੀ ਗਾਇਕਾਂ ਦੇ ਅਜਿਹੇ ਗੀਤਾਂ ਨੂੰ ਪ੍ਰਚਾਰਦੇ ਹਨ.

ਇਸ ਤਰ੍ਹਾਂ, ਹਰ ਪੱਧਰ ਉੱਤੇ ਹੀ, ਇਹ ਵਾਇਰਸ-ਨੁਮਾ ਸ਼ਕਤੀਆਂ ਪੰਜਾਬ, ਪੰਜਾਬੀਅਤ, ਪੰਜਾਬੀ ਵਿਰਸੇ ਨੂੰ ਖੋਖਲਾ ਕਰ ਰਹੀਆਂ ਹਨ.

'ਵਾਇਰਸ ਪੰਜਾਬ ਦੇ' ਕਾਵਿ-ਸੰਗ੍ਰਹਿ ਵਿੱਚ ਸ਼ਾਮਿਲ 81 ਨਜ਼ਮਾਂ ਵਿੱਚ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਵਿਰਸੇ ਨੂੰ ਚਿੰਬੜੇ ਉਪਰੋਕਤ ਕਿਸਮ ਦੇ ਸਭ ਵਾਇਰਸਾਂ ਦਾ ਭਰਪੂਰ ਜ਼ਿਕਰ ਕੀਤਾ ਗਿਆ ਹੈ; ਤਾਂ ਜੋ, ਪੰਜਾਬੀਆਂ ਨੂੰ ਇਨ੍ਹਾਂ ਵਾਇਰਸਾਂ ਬਾਰੇ ਚੇਤੰਨ ਕੀਤਾ ਜਾ ਸਕੇ.

ਪੰਜਾਬੀ ਸਾਹਿਤ ਦੇ ਪ੍ਰਸਿੱਧ ਆਲੋਚਕ ਡਾ. ਮੋਹਨ ਸਿੰਘ ਤਿਆਗੀ ਨੇ ਆਪਣੇ ਕੀਮਤੀ ਸਮੇਂ ਵਿੱਚੋਂ ਕੁਝ ਸਮਾਂ ਕੱਢ ਕੇ 'ਵਾਇਰਸ ਪੰਜਾਬ ਦੇ' ਕਾਵਿ-ਸੰਗ੍ਰਹਿ ਦੀ ਭੂਮਿਕਾ ਲਿਖੀ ਹੈ. ਮੈਂ ਇਸ ਯੋਗਦਾਨ ਲਈ ਡਾ. ਮੋਹਨ ਸਿੰਘ ਤਿਆਗੀ ਹੋਰਾਂ ਦਾ ਧੰਨਵਾਦ ਕਰਨਾ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ.

ਮੈਂ ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ, ਦੇ ਡਾ. ਬਲਦੇਵ ਸਿੰਘ ਹੋਰਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ 'ਵਾਇਰਸ ਪੰਜਾਬ ਦੇ' ਕਾਵਿ-ਸੰਗ੍ਰਹਿ ਨੂੰ ਸਮੇਂ ਸਿਰ ਛਾਪ ਕੇ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ.

ਮੈਨੂੰ ਪੂਰੀ ਉਮੀਦ ਹੈ ਕਿ ਪੰਜਾਬੀ ਸਾਹਿਤ ਦੇ ਪਾਠਕਾਂ ਨੇ ਜਿਵੇਂ ਮੇਰੇ ਪਹਿਲੇ ਕਾਵਿ-ਸੰਗ੍ਰਹਿ ਪਸੰਦ ਕੀਤੇ ਹਨ ਉਨ੍ਹਾਂ ਨੂੰ ਮੇਰਾ ਹਥਲਾ ਕਾਵਿ-ਸੰਗ੍ਰਹਿ 'ਵਾਇਰਸ ਪੰਜਾਬ ਦੇ' ਵੀ ਪਸੰਦ ਆਵੇਗਾ.

ਅਕਤੂਬਰ 19, 2023

-ਸੁਖਿੰਦਰ
ਸੰਪਾਦਕ : ਸੰਵਾਦ
ਮਾਲਟਨ, ਕੈਨੇਡਾ

ਭੂਮਿਕਾ :

# ਵਾਇਰਸ ਪੰਜਾਬ ਦੇ : ਪਾਠ ਤੇ ਪ੍ਰਸੰਗ

ਸੁਖਿੰਦਰ ਕੈਨੇਡਾ ਦੀ ਪੰਜਾਬੀ ਕਵਿਤਾ ਦਾ ਇੱਕ ਪ੍ਰਤੀਨਿੱਧ ਸ਼ਾਇਰ ਹੈ. ਉਸਨੇ ਹੁਣ ਤੱਕ ਆਪਣੀਆਂ ਉਨੀ ਮੌਲਿਕ ਕਾਵਿ-ਪੁਸਤਕਾਂ ਦੁਆਰਾ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਬੜਾ ਮਹੱਤਵਪੂਰਨ ਯੋਗਦਾਨ ਪਾਇਆ ਹੈ. ਇਸਦੇ ਨਾਲ ਹੀ ਉਸਨੇ ਵਾਰਤਕ, ਆਲੋਚਨਾ, ਸੰਪਾਦਨਾ, ਨਾਵਲ, ਬਾਲ ਸਾਹਿਤ ਦੀ ਸਿਰਜਣਾ ਅਤੇ ਆਪਣੇ ਸਾਹਿਤਕ ਮੈਗਜ਼ੀਨ 'ਸੰਵਾਦ' ਦੀ ਨਿਰੰਤਰ ਪ੍ਰਕਾਸ਼ਨਾ ਰਾਹੀਂ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਬੜੀ ਮੁੱਲਵਾਨ ਭੂਮਿਕਾ ਨਿਭਾਈ ਹੈ. ਸੁਖਿੰਦਰ ਕੈਨੇਡਾ ਦਾ ਸਭ ਤੋਂ ਸਰਗਰਮ ਤੇ ਨਿਰੰਤਰ ਗਤੀਸ਼ੀਲ ਰਹਿਣ ਵਾਲਾ ਲੇਖਕ ਹੈ. ਉਸਦੇ ਆਲੇ ਦੁਆਲੇ ਕੁਝ ਵੀ ਵਾਪਰ ਰਿਹਾ ਹੋਵੇ, ਉਹ ਹਰ ਸਮੇਂ ਆਪਣੀ ਅੱਖ ਖੁੱਲ੍ਹੀ ਰੱਖਦਾ ਹੈ. ਉਸਦਾ ਇਹੀ ਮੀਰੀ ਗੁਣ ਉਸਦੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਵੱਖਰੀ ਪਛਾਣ ਨਿਸ਼ਚਤ ਕਰਦਾ ਹੈ. ਉਹ ਆਪਣੇ ਸਮਕਾਲੀ ਕਵੀਆਂ ਤੋਂ ਇੱਕ ਵਿੱਥ ਥਾਪਕੇ ਚਲਦਾ ਹੈ. ਉਸਦੀ ਦਹਾਕਿਆਂ ਲੰਮੀ ਕਾਵਿ ਸਿਰਜਣਾ ਦੀ ਇਸੇ ਲੜੀ ਵਿੱਚ 'ਵਾਇਰਸ ਪੰਜਾਬ ਦੇ' (2023) ਉਸਦਾ ਨਵ ਪ੍ਰਕਾਸ਼ਿਤ ਕਾਵਿ ਸੰਗ੍ਰਹਿ ਹੈ. ਇਹ ਕਾਵਿ ਸੰਗ੍ਰਹਿ ਵਿਸ਼ੇ ਅਤੇ ਵਿਚਾਰਧਾਰਾ ਪੱਖੋਂ ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਵੱਖਰੀ ਪਹੁੰਚ ਰੱਖਦਾ ਹੈ. ਇਸ ਕਾਵਿ ਪੁਸਤਕ ਦਾ ਸਿਰਲੇਖ 'ਵਾਇਰਸ ਪੰਜਾਬ ਦੇ' ਆਪਣੇ ਧੁਨੀਆਤਮਕ ਅਤੇ ਸੰਕਲਪਾਤਮਕ ਅਰਥਾਂ ਰਾਹੀਂ ਬਹੁਤ ਕੁਝ ਆਪਣੇ ਆਪ ਹੀ ਬਿਆਨ ਕਰ ਦਿੰਦਾ ਹੈ. ਕਵੀ ਇਸ ਸਿਰਲੇਖ ਦੇ ਸੰਕਲਪ ਅਤੇ ਧੁਨੀ ਪ੍ਰਬੰਧ ਦੁਆਰਾ ਵਰਤਮਾਨ ਦੌਰ ਦੇ ਮਹੱਤਵਪੂਰਨ ਵਰਤਾਰਿਆਂ ਅਤੇ ਵਿਹਾਰਕ ਪਹਿਲੂਆਂ ਨੂੰ ਸਮਝਣ ਅਤੇ ਅਜੋਕੇ ਪ੍ਰਸੰਗਾਂ ਵਿੱਚ ਪ੍ਰੀਭਾਸ਼ਤ ਕਰਨ ਦਾ ਯਤਨ ਕਰਦਾ ਹੈ. ਆਪਣੇ ਆਪ ਵਿੱਚ ਇਹ ਇੱਕ ਨਿਵੇਕਲੀ ਕਾਵਿ-ਜੁਗਤ ਹੈ ਜਿਹੜੀ ਕਿ ਬੜੇ ਤਿੱਖੇ ਵਿਅੰਗਆਤਮਕ ਲਹਿਜ਼ੇ(Ironic tone) ਰਾਹੀਂ ਆਪਣੀ ਗੱਲ ਅੱਗੇ ਵਧਾਉਣ ਵੱਲ ਰੁਚਿਤ ਹੁੰਦੀ ਹੈ. ਇਸ ਤਰ੍ਹਾਂ ਕਵੀ ਆਪਣੀ ਦ੍ਰਿਸ਼ਟੀਗਤ ਸੀਮਾ ਦੇ ਅੰਦਰ-ਬਾਹਰ ਵਿਚਰਦਾ ਹੋਇਆ ਸਮਕਾਲੀ ਵਿਹਾਰ ਨੂੰ ਆਪਣੀ ਚੇਤਨਾ ਦੀ ਕਸਵੱਟੀ ਤੇ ਪਰਖ਼ਣ ਲਈ ਯਤਨਸ਼ੀਲ ਹੈ. ਜੇਕਰ ਇਸ ਪੁਸਤਕ ਦੀ ਪਹਿਲੀ ਤੋਂ ਆਖਰੀ ਕਵਿਤਾ ਤੀਕ ਇੱਕ ਝਾਤ ਮਾਰੀ ਜਾਵੇ ਤਾਂ ਇਸ ਕਵਿਤਾ ਦੀ ਇੱਕ ਸੰਗਠਨਾਤਮਕ ਪਹੁੰਚ ਅਤੇ ਸਾਹਿਤਕ ਮੰਤਵ ਆਪਣੇ ਆਪ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ. ਪੰਜਾਬ ਇਸ ਕਵਿਤਾ ਦਾ ਮੂਲ ਭੂਗੋਲਿਕ ਕੇਂਦਰ ਹੈ, ਜਿਸਦੇ ਇਰਦ-ਗਿਰਦ ਇਸ ਕਵਿਤਾ ਦਾ ਕਾਵਿ-ਪ੍ਰਵਚਨ ਉਸਾਰਿਆ ਗਿਆ ਹੈ ਪਰ ਇਹ ਕਾਵਿ ਪ੍ਰਵਚਨ ਇਸ ਭੂਗੋਲਿਕ ਖ਼ਿੱਤੇ ਤੱਕ ਹੀ ਮਹਿਦੂਦ ਨਹੀਂ ਰਹਿੰਦਾ, ਸਗੋਂ ਅਥਾਹ ਗਤੀਸ਼ੀਲਤਾ ਦਾ ਪ੍ਰਗਟਾਵਾ ਕਰਦਾ ਹੋਇਆ ਸਾਡੇ ਆਲੇ

ਦੁਆਲੇ ਫ਼ੈਲਣ ਲਗਦਾ ਹੈ. ਕਵੀ ਇਤਿਹਾਸਕ ਤੌਰ ਤੇ ਪੰਜਾਬ ਨੂੰ ਸੱਭਿਆਚਾਰ ਵਿਰਾਸਤ ਅਤੇ ਮਾਨਵੀ ਗੌਰਵ ਦੇ ਲਾਸਾਨੀ ਖ਼ਿੱਤੇ ਵੱਜੋਂ ਵੇਖਦਾ ਚਿਤਵਦਾ ਹੋਇਆ, ਇਸਦੇ ਅਜੋਕੇ ਹਾਲਾਤਾਂ ਅਤੇ ਪ੍ਰਸਥਿਤੀਆਂ ਨੂੰ ਸਮਝਣ ਦਾ ਯਤਨ ਕਰਦਾ ਹੈ. ਉਸਦੀ ਕਵਿਤਾ ਵਿੱਚ ਪੰਜਾਬ ਦਾ ਬਿੰਬ ਸੰਕੁਚਿਤ ਅਰਥਾਂ ਵਿੱਚ ਪ੍ਰਵਾਹਿਤ ਨਹੀਂ ਹੁੰਦਾ ਸਗੋਂ ਸਮਾਜਿਕ-ਸੱਭਿਆਚਾਰਕ ਪ੍ਰਸੰਗਾਂ ਵਿੱਚ ਅੰਤਰ ਰਾਸ਼ਟਰੀ ਪੱਧਰ ਤੀਕ ਫ਼ੈਲਦਾ ਪ੍ਰਤੀਤ ਹੁੰਦਾ ਹੈ, ਜਿਸਦੀ ਵਿਹਾਰਕ ਪਹੁੰਚ ਨੂੰ ਉਹ ਆਪਣੀ ਕਵਿ ਸਿਰਜਣਾ ਦਾ ਮੂਲ ਆਧਾਰ ਬਣਾਉਂਦਾ ਹੈ. ਕਵੀ 'ਵਾਇਰਸ' ਅਤੇ 'ਪੰਜਾਬ' ਦੇ ਦੋ ਵਿਰੋਧੀ ਸੰਕਲਪਾਂ ਵਿੱਚੋਂ ਆਪਣਾ ਕਾਵਿ-ਕਰਮ ਉਸਾਰਦਾ ਹੈ. ਇਸ ਕਵਿਤਾ ਵਿੱਚ ਇਹ ਗੱਲ ਇੱਕ ਸ਼ਕਤੀਸ਼ਾਲੀ ਵੰਗਾਰ ਦੇ ਰੂਪ ਵਿੱਚ ਉੱਭਰਕੇ ਸਾਹਮਣੇ ਆਉਂਦੀ ਹੈ. ਕਵੀ ਪੰਜਾਬ ਦੇ ਅਖੌਤੀ ਵਾਰਸਾਂ ਅਤੇ ਰਖਵਾਲਿਆਂ ਨੂੰ 'ਵਾਇਰਸ ਪੰਜਾਬ ਦੇ' ਦੀ ਤਸ਼ਬੀਹ ਦਿੰਦਾ ਹੋਇਆ ਉਨ੍ਹਾਂ ਦੇ ਸਿਧਾਂਤਕ ਅਤੇ ਵਿਹਾਰਕ ਅਮਲ ਵੱਲ ਉਂਗਲ ਚੁੱਕਦਾ ਹੈ, ਜਿੱਥੋਂ ਇਹ ਕਵਿਤਾ ਆਪਣੇ ਅਸਲ ਪ੍ਰਯੋਜਨ ਵੱਲ ਤੁਰਦੀ ਨਜ਼ਰ ਆਉਂਦੀ ਹੈ. ਕਵੀ ਦੋ ਵਿਰੋਧੀ ਸੰਕਲਪਾਂ ਦੇ ਸੰਵਾਦ ਰਾਹੀਂ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰਦਾ ਹੈ. ਉਹ ਪੰਜਾਬ ਦੇ ਇਤਿਹਾਸਕ ਸੰਦਰਭਾਂ ਅਤੇ ਸ਼ਹਾਦਤੀ ਸੰਕਲਪਾਂ ਨੂੰ ਆਪਣੀ ਕਾਵਿ ਚੇਤਨਾ ਦਾ ਆਧਾਰ ਬਣਾਉਂਦਾ ਹੋਇਆ ਇਸਦੀ ਵਰਤਮਾਨ ਹਾਲਤ ਨੂੰ ਉਲੀਕਣ ਲਈ ਯਤਨਸ਼ੀਲ ਹੈ:-

ਪੰਜਾਬ, ਸਾਰਾ, ਜਿਉਂਦਾ ਸੀ
ਗੁਰਾਂ ਦੇ ਨਾਮ 'ਤੇ-
ਪਰ, ਪਤਾ ਹੀ ਨਹੀਂ ਲੱਗਾ, ਕਿਵੇਂ
ਵਾਇਰਸ ਪੰਜਾਬ ਨੇ, ਇਸ ਨੂੰ
ਆਪਣੀ, ਜਕੜ 'ਚ
ਲੈ ਲਿਆ
ਪਹਿਲੀ ਵਾਰ, ਦੇਸ਼ ਪੰਜਾਬ ਨੂੰ
ਵਾਇਰਸ ਪੰਜਾਬ ਨੇ, ਆਪਣੀ
ਜਕੜ 'ਚ ਉਦੋਂ ਲਿਆ, ਜਦੋਂ
ਹਿੰਦੁਸਤਾਨ 'ਚ ਰਾਜ ਕਰ ਰਹੀ
ਅੰਗਰੇਜ਼ ਹਕੂਮਤ ਨੇ, ਸਾਜਿਸ਼ੀ ਢੰਗ ਨਾਲ
ਦੇਸ਼ ਪੰਜਾਬ 'ਚ, ਖਾਨਾਜੰਗੀ ਸ਼ੁਰੂ ਕਰਾ
ਦੇਸ ਪੰਜਾਬ ਦੀ ਮਾਨਸਿਕਤਾ ਨੂੰ
ਖੇਰੂੰ-ਖੇਰੂੰ ਕਰਨ ਦੇ ਇਰਾਦਿਆਂ ਨਾਲ
ਇਸ ਨੂੰ, ਜੱਫਾ ਮਾਰ ਲਿਆ (ਵਾਇਰਸ ਪੰਜਾਬ ਦੇ, ਪੰਨਾ-8)

ਇਹ ਕਵਿਤਾ ਸਿੱਧੇ ਤੌਰ ਤੇ ਪੰਜਾਬ ਤੇ ਰਾਜ ਕਰ ਰਹੀਆਂ ਧਿਰਾਂ ਅਤੇ ਇਸਨੂੰ ਹਰ ਪਾਸਿਉਂ ਲੁੱਟਣ ਵਾਲੀਆਂ ਰਾਜਸੀ ਧਿਰਾਂ ਨੂੰ ਸੰਬੋਧਿਤ ਹੁੰਦੀ ਹੈ. ਇਸ ਕਾਰਜ ਲਈ ਕਵੀ ਆਪਣੇ ਆਲੇ ਦੁਆਲੇ ਨਜ਼ਰਸਾਨੀ ਕਰਦਾ ਹੋਇਆ ਇਸਦੇ ਸਮਕਾਲੀ ਵਿਖੰਡਤ ਸਰੂਪ ਨੂੰ ਰੂਪਮਾਨ ਕਰਨ ਦਾ ਯਤਨ ਕਰਦਾ ਹੈ. ਇਸ ਸਭਿਆਚਾਰਕ ਅਤੇ ਵਿਰਾਸਤੀ ਉਜਾੜੇ ਲਈ ਉਹ ਪੰਜਾਬ ਦੇ ਵਾਰਸਾਂ ਅਤੇ ਰਖਵਾਲਿਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ

ਹੋਇਆ ਪੰਜਾਬ ਦੇ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਅਤੇ ਲਾਮਬੰਦ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ. ਇੱਥੇ ਕਵੀ ਲੋਕ ਹਰਕਾਰੇ ਦੀ ਭੂਮਿਕਾ ਨਿਭਾਉਂਦਾ ਨਜ਼ਰ ਆਉਂਦਾ ਹੈ. ਉਹ ਆਪਣਾ ਸਾਹਿਤਕ ਕਾਜ ਸੰਵਾਰਨ ਲਈ ਮਾਨਵੀ ਸਰਗਰਮੀ ਦੇ ਲਗਭਗ ਹਰ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ. ਇਸ ਤਰ੍ਹਾਂ ਇਹ ਕਵਿਤਾ ਚੇਤਨਾ ਦੀ ਸ਼ਕਤੀਸ਼ਾਲੀ ਭਾਸ਼ਾ ਵਿੱਚ ਚਲਦੀ ਹੋਈ ਸਮਕਾਲ ਨਾਲ ਪ੍ਰਵਚਨੀ ਸੁਰ ਬਣਾਉਣ ਦਾ ਯਤਨ ਕਰਦੀ ਹੈ. ਸੁਖਿੰਦਰ ਦੀ ਸਮੁੱਚੀ ਕਵਿਤਾ, ਕਵਿਤਾ ਦੇ ਸਥਾਪਤ ਸੁਹਜ ਸ਼ਾਸ਼ਤਰ ਨੂੰ ਰੱਦ ਕਰਕੇ ਚੱਲਦੀ ਹੈ. ਉਹ ਵਿਅੰਗ ਵਿਧੀ ਨੂੰ ਇੱਕ ਸ਼ਸ਼ਕਤ ਹਥਿਆਰ ਵਾਂਗ ਵਰਤਦਾ ਹੈ. ਉਹ ਆਪਣੇ ਆਲੇ ਦੁਆਲੇ ਦਿੱਸਦੇ-ਅਣਦਿੱਸਦੇ ਜਿਹੜੇ ਵੀ ਸਮਾਜਿਕ-ਸੱਭਿਆਚਾਰਕ ਵਰਤਾਰੇ ਨੂੰ ਹੱਥ ਪਾਉਂਦਾ ਹੈ, ਉਸਨੂੰ ਸਰੋਕਾਰਾਂ ਦੀ ਪੱਧਰ ਤੇ ਮਾਨਵੀ ਪ੍ਰਸੰਗਾਂ ਵਿੱਚ ਵਿਸ਼ਲੇਸ਼ਤ ਕਰਦਾ ਹੋਇਆ, ਉਸਦੇ ਪਰਖਚੇ ਉਡਾਉਂਦਾ ਜਾਂਦਾ ਹੈ. ਇਹ ਕਵਿਤਾ ਇਸ ਤਰ੍ਹਾਂ ਦਾ ਮੁਹਾਂਦਰਾ ਸਾਡੀ ਜੁਝਾਰਵਾਦੀ ਕਵਿਤਾ ਤੋਂ ਗ੍ਰਹਿਣ ਕਰਦੀ ਹੈ ਪਰ ਇਨ੍ਹਾਂ ਸਮਿਆਂ ਵਿੱਚ ਇਸਦਾ ਤੱਤ ਅਤੇ ਸਰੂਪ ਥੋੜ੍ਹਾ ਵੱਖਰਾ ਤੇ ਬਦਲਿਆ ਹੋਇਆ ਨਜ਼ਰ ਆਉਂਦਾ ਹੈ. ਇਸਦੀ ਧੁਨੀ ਵਿੱਚ ਵੀ ਥੋੜ੍ਹਾ ਅੰਤਰ ਦ੍ਰਿਸ਼ਟੀਗੋਚਰ ਹੁੰਦਾ ਹੈ. ਜੁਝਾਰਵਾਦੀ ਕਵਿਤਾ ਵਾਂਗ ਇਹ ਕਵਿਤਾ ਵੀ ਸਮਾਜਿਕ-ਸੱਭਿਆਚਾਰਕ ਅਤੇ ਰਾਜਨੀਤਕ ਤਬਦੀਲੀ ਤੇ ਆਪਣੀ ਟੇਕ ਰੱਖਦੀ ਹੈ. ਇਸ ਕਵਿਤਾ ਦਾ ਇਹ ਹਾਸਿਲ ਹੈ ਕਿ ਇਹ ਕਵਿਤਾ ਬਹੁਤ ਹੀ ਸਜੱਗਤਾ ਅਤੇ ਗਹਿਰ-ਗੰਭੀਰ ਢੰਗ ਨਾਲ ਪੰਜਾਬ ਦੇ ਲੋਕਾਂ ਤੇ ਇਸਦੇ ਜਾਨਸ਼ੀਨਾਂ ਦੀ ਕਵਾਇਦ ਕਰਦੀ ਹੈ. ਇਸਦਾ ਇੱਕ ਕਾਰਨ ਇਹ ਵੀ ਹੈ ਕਿ ਜਦ ਕਵੀ ਪੰਜਾਬ ਦੇ ਇਤਿਹਾਸਕ ਅਤੇ ਸ਼ਾਨਾਮੱਤੀ ਬਿੰਬ ਨੂੰ ਵੱਡੀ ਪੱਧਰ ਤੇ ਖ਼ੋਰਾ ਲੱਗਿਆ ਵੇਖਦਾ ਹੈ ਤਾਂ ਉਸਦੀ ਰੂਹ ਕੰਬ ਉੱਠਦੀ ਹੈ. ਉਹ ਆਪਣੀ ਪਿੱਤਰੀ ਚੇਤਨਾ ਦੇ ਸੰਸਕਾਰਾਂ ਅਤੇ ਧਰੋਹਰ ਦੇ ਚੇਤਨ-ਅਵਚੇਤਨ ਵਿੱਚੋਂ ਬੋਲਦਾ ਹੋਇਆ ਇਸ ਨਾਲ ਆਪਣੀ ਗਹਿਰੀ ਤੇ ਭਾਵੁਕ ਸਾਂਝ ਵਿਅਕਤ ਕਰਦਾ ਹੈ. ਸੁਖਿੰਦਰ ਇਸ ਕਵਿਤਾ ਰਾਹੀਂ ਰਾਜਨੀਤਕ ਬੁਰਛਾਗਰਦੀ ਅਤੇ ਭ੍ਰਿਸ਼ਟਾਚਾਰ ਦੀਆਂ ਵੱਖ-ਵੱਖ ਪਰਤਾਂ ਫ਼ਰੋਲਦਾ ਹੋਇਆ ਪੂਰੇ ਦੀ ਪੂਰੀ ਸੰਸਦੀ ਪ੍ਰਣਾਲੀ ਨੂੰ ਆਪਣੀ ਕਾਵਿ-ਦ੍ਰਿਸ਼ਟੀ ਦੇ ਘੇਰੇ ਵਿੱਚ ਲਿਆਉਂਦਾ ਹੈ, ਜਿੱਥੋਂ ਸਾਡੇ ਰਾਜਨੇਤਾ ਅਖਵਾਉਣ ਵਾਲੇ ਖ਼ੁਦਗਰਜ਼ ਲੋਕ ਦੇਸ਼ ਸੇਵਾ ਦੇ ਨਾਂ ਤੇ ਸਾਡੇ ਦੇਸ਼ ਨੂੰ ਅੰਦਰੋ ਅੰਦਰੀ ਘੁਣ ਅਤੇ ਸਿਉਂਕ ਵਾਂਗ ਚੱਟ ਕਰਨ ਵਿੱਚ ਲੱਗੇ ਹੋਏ ਹਨ. ਇਸ ਤਰ੍ਹਾਂ ਕਵੀ ਰਾਜਨੀਤਕ ਅਤੇ ਸਮਾਜਿਕ ਅਪਰਾਧੀਕਰਨ ਦੀ ਉਲਝੀ ਹੋਈ ਤੰਦ ਤਾਣੀ ਨੂੰ ਹੱਥ ਪਾਉਂਦਾ ਹੋਇਆ, ਇਸਦੇ ਮਾਨਵ ਵਿਰੋਧੀ ਅਤੇ ਗੰਭੀਰ ਸਿੱਟਿਆਂ ਨੂੰ ਸਾਹਮਣੇ ਲਿਆਉਂਦਾ ਹੈ. ਉਹ ਇਸ ਸਮੁੱਚੇ ਰਾਜਨੀਤਕ ਪ੍ਰਬੰਧ ਵਿੱਚ ਨਿਆਂ ਵਿਵਸਥਾ ਦੀ ਗੈਰਹਾਜ਼ਰੀ ਨੂੰ ਬਾਪੂ ਗਾਂਧੀ ਦੇ ਤਿੰਨ ਬਾਦਰਾਂ ਨਾਲ ਤੁਲਨਾਉਂਦਾ ਹੋਇਆ ਸਾਡੀ ਨਿਆਂਪਾਲਿਕਾ ਅਤੇ ਕਾਰਜਪਾਲਿਕਾ ਦੀ ਅਸਮਰੱਥਾ ਅਤੇ ਬੇਬਸੀ ਨੂੰ ਜ਼ਾਹਰ ਕਰਦਾ ਹੈ:

ਸੱਤਾ ਨੇ, ਜਨਤਾ 'ਚ
ਦਹਿਸ਼ਤ ਫੈਲਾਉਣ ਲਈ
ਇੱਕ, ਨਾਟਕ ਖੇਡਿਆ-
ਜਾਸੂਸੀ, ਫਿਲਮਾਂ ਦੇ ਨਾਇਕ ਵਾਂਗ
ਅਚਾਨਕ, ਰਾਜਨੀਤਕ, ਮੰਚ ਉੱਤੇ

ਇੱਕ, ਬਹੁ-ਰੂਪੀਆ
ਆਣ ਪ੍ਰਗਟ ਹੋਇਆ
ਦੇਖਦਿਆਂ, ਦੇਖਦਿਆਂ, ਹੀ
ਉਹ, ਇੱਕ, ਹੰਢੇ-ਵਰਤੇ
ਧਰਮੀ-ਦਹਿਸ਼ਤਗਰਦ ਵਾਂਗ
ਭੋਲੀ-ਭਾਲੀ, ਜਨਤਾ ਨੂੰ ਭਰਮਾਉਣ ਲਈ
ਧੂੰਆਂਧਾਰ ਭਾਸ਼ਨਾਂ ਦਾ
ਝੱਖੜ ਝੁਲਾਉਣ ਲੱਗਾ (ਵਾਇਰਸ ਪੰਜਾਬ ਦੇ, ਪੰਨਾ-48)

ਸੁਖਿੰਦਰ ਦੀ ਇਹ ਕਾਵਿ-ਪੁਸਤਕ ਬਹੁਪਰਤੀ ਪ੍ਰਵਚਨ ਦੀ ਧਾਰਨੀ ਹੈ. ਇਸ ਵਿੱਚ ਜਿੱਥੇ ਗਹਿਰ-ਗੰਭੀਰ ਮਾਨਵੀ ਸੰਵੇਦਨਾ ਦੇ ਦੀਦਾਰ ਹੁੰਦੇ ਹਨ ਉਸਦੇ ਨਾਲ ਹੀ ਦ੍ਰਿਸ਼ਟੀਗਤ ਪ੍ਰਵਚਨ ਪੱਖੋਂ ਵੀ ਵਿਸ਼ੇਸ਼ ਮਹੱਤਤਾ ਦੀ ਧਾਰਨੀ ਹੈ. ਇਸਦਾ ਕਾਵਿ-ਕੈਨਵਸ ਬਹੁਤ ਵਿਸ਼ਾਲ ਹੈ. ਕਵੀ ਸਾਡੇ ਇਰਦ-ਗਿਰਦ ਘਟ ਰਹੇ ਸਮਾਜਿਕ-ਸੱਭਿਆਚਾਰਕ ਵਰਤਾਰਿਆਂ ਤੇ ਅਜਿਹਾ ਸਕੈਨਰ ਲਾਉਂਦਾ ਹੈ, ਜਿਸ ਨਾਲ ਸਾਰਾ ਕੁਝ ਪ੍ਰਤੱਖ ਰੂਪ ਵਿੱਚ ਸਾਡੇ ਸਾਹਮਣੇ ਸਾਕਾਰ ਹੋਣ ਲੱਗਦਾ ਹੈ. ਇਹ ਵਿਧੀ ਇਸ ਕਵਿਤਾ ਨੂੰ ਸੰਵਾਦ ਪੱਖੋਂ ਵੀ ਅਨੋਖਾ ਬਲ ਪ੍ਰਦਾਨ ਕਰਦੀ ਹੈ. ਇਹ ਕਵਿਤਾ ਧਰਮ, ਰਾਜਨੀਤੀ, ਸਮਾਜਿਕ, ਸੱਭਿਆਚਾਰਕ ਵਰਤਾਰਿਆਂ ਤੋਂ ਲੈ ਕੇ ਮਨੁੱਖੀ ਜੀਵਨ ਦੇ ਆਰਥਿਕ ਪਹਿਲੂਆਂ ਨੂੰ ਵੀ ਆਪਣੇ ਕਾਵਿ-ਪ੍ਰਵਚਨ ਦੇ ਘੇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਕਰਦੀ ਹੈ. ਕਵੀ ਮਾਨਵੀ ਜੀਵਨ ਦੀਆਂ ਵੱਖ-ਵੱਖ ਸਮਾਜਿਕ-ਸੱਭਿਆਚਾਰਕ ਪ੍ਰਸਥਿਤੀਆਂ ਅਤੇ ਇਕਾਈਆਂ ਦਾ ਗਹਿਰ-ਗੰਭੀਰ ਵਿਸ਼ਲੇਸ਼ਣ ਕਰਦਾ ਹੋਇਆ ਇਨ੍ਹਾਂ ਨੂੰ ਇੱਕ ਸੰਗਠਨਾਤਮਕ ਆਧਾਰ ਪ੍ਰਦਾਨ ਕਰਨ ਦਾ ਯਤਨ ਕਰਦਾ ਹੈ, ਜਿੱਥੋਂ ਇਹ ਕਵਿਤਾ ਇੱਕ ਵੱਖਰਾ ਦ੍ਰਿਸ਼ਟੀਕੋਣ ਅਤੇ ਸੁਰ ਗ੍ਰਹਿਣ ਕਰਦੀ ਹੈ. ਇਸ ਕਾਰਜ ਲਈ ਉਹ ਵਿਵਸਥਾਗਤ ਹਨੇਰਿਆਂ ਅਤੇ ਸੱਤਾਗਤ ਪ੍ਰਪੰਚਾਂ ਦੀ ਸ਼ਨਾਖਤ ਕਰਦਾ ਹੋਇਆ ਰਾਜਨੀਤੀ ਦੀ ਦਮਨਕਾਰੀ ਪਹੁੰਚ ਨੂੰ ਉਜਾਗਰ ਕਰਦਾ ਹੈ. ਉਹ ਆਪਣੀ ਗੱਲ ਬੜੀ ਬੇਬਾਕੀ ਨਾਲ ਕਰਦਾ ਹੈ. ਉਹ ਕਾਵਿ ਮੰਚ ਤੇ ਇਕੱਲਾ ਹੀ ਹਾਜ਼ਰ ਨਹੀਂ ਰਹਿੰਦਾ ਸਗੋਂ ਰੋਜ਼ੀ ਰੋਟੀ ਲਈ ਸੰਘਰਸ਼ ਕਰ ਰਹੀ ਧਿਰ ਦੀ ਪ੍ਰਤੀਨਿੱਧਤਾ ਕਰਦਾ ਵੀ ਨਜ਼ਰ ਆਉਂਦਾ ਹੈ. ਇਸ ਕਵਿਤਾ ਵਿੱਚ ਭਗਵੇਂਕਰਨ ਦੀ ਰਾਜਨੀਤੀ ਦੇ ਵੱਖ-ਵੱਖ ਪਾਸਾਰ ਪ੍ਰਬਲ ਰੂਪ ਵਿੱਚ ਵੇਖਣ ਨੂੰ ਮਿਲਦੇ ਹਨ, ਇਹ ਵਿਰੋਧੀ ਪੈਂਤੜਾ ਇਸ ਕਵਿਤਾ ਨੂੰ ਇੱਕ ਮਜ਼ਬੂਤ ਵਿਚਾਰਧਾਰਕ ਆਧਾਰ ਪ੍ਰਦਾਨ ਕਰਦਾ ਹੈ, ਜਿੱਥੋਂ ਇਹ ਕਵਿਤਾ ਅੱਗੇ ਜਾ ਕੇ ਗਤੀਸ਼ੀਲ ਪਹੁੰਚ ਅਖਤਿਆਰ ਕਰ ਲੈਂਦੀ ਹੈ. ਰਾਜਨੀਤਕ ਬੁਰਛਾਗਰਦੀ, ਆਨਲਾਈਨ ਪ੍ਰਪੰਚ ਅਤੇ ਸਾਹਿਤਕ ਭ੍ਰਿਸ਼ਟਾਚਾਰ ਇਸ ਕਵਿਤਾ ਦੇ ਮਹੱਤਵਪੂਰਨ ਪਾਸਾਰ ਹਨ. ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ, ਜਿਸਨੇ ਨਿੱਗਰ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਕਰਨੀ ਹੁੰਦੀ ਹੈ. ਸਾਹਿਤ ਆਪਣੇ ਪਾਠਕਾਂ ਅਤੇ ਸਮਾਜ ਵਿੱਚ ਸਿੱਖਿਆ ਦੇ ਸ਼ਕਤੀਸ਼ਾਲੀ ਮਾਧਿਅਮ ਰਾਹੀਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੇ ਸੰਚਾਰ ਅਤੇ ਬਹਾਲੀ ਦਾ ਕੰਮ ਕਰਦਾ ਹੈ. ਪਰ ਜਦ ਇਹ ਸਾਰਾ ਕੁਝ ਵੀ ਰਾਜਨੀਤੀ ਦੀ ਭੇਟ ਚੜ੍ਹ ਜਾਂਦਾ ਹੈ ਤਾਂ ਸਮਾਜ ਵਿੱਚ ਬੇਚੈਨੀ ਅਤੇ ਬੇਤਰਤੀਬੀ ਵਧਣ ਲੱਗਦੀ ਹੈ. ਸੁਖਿੰਦਰ ਪੰਜਾਬੀ ਸਮਾਜ-ਸੱਭਿਆਚਾਰ ਵਿੱਚ ਆਏ ਦਿਨ ਪਨਪ ਰਹੇ ਅਜਿਹੇ ਵਰਤਾਰਿਆਂ

ਨੂੰ ਬੜੇ ਤਰਕਸੰਗਤ ਢੰਗ ਨਾਲ ਉਠਾਉਂਦਾ ਹੋਇਆ ਇਨ੍ਹਾਂ ਦੀ ਅੰਦਰਲੀ ਮਨਸ਼ਾ ਅਤੇ ਖ਼ੂਨੀ ਖੇਡ ਨੂੰ ਉਜਾਗਰ ਕਰਨ ਦਾ ਯਤਨ ਕਰਦਾ ਹੈ. ਇਸ ਕਾਰਜ ਲਈ ਉਹ ਪੰਜਾਬੀ ਦੀਆਂ ਸਰਕਾਰੀ ਅਤੇ ਗ਼ੈਰਸਰਕਾਰੀ ਸੰਸਥਾਵਾਂ ਦੇ ਵਰਤਮਾਨ ਵਿਹਾਰ ਤੇ ਕਾਰਜਸ਼ੈਲੀ ਤੇ ਗਹਿਰਾ ਕਟਾਖਸ਼ ਕਰਦਾ ਹੋਇਆ ਇਨ੍ਹਾਂ ਦਾ ਅਸਲ ਚਿਹਰਾ ਤੇ ਏਜੰਡਾ ਸਾਡੇ ਸਾਹਮਣੇ ਲਿਆਉਂਦਾ ਹੈ. ਉਹ ਸਾਹਿਤ ਅਤੇ ਇਨਾਮਾਂ ਸਨਮਾਨਾਂ ਦੀਆਂ ਸੰਸਥਾਵਾਂ ਤੇ ਕਾਬਜ਼ ਧਿਰਾਂ ਦੀ ਕੋਝੀ ਅਤੇ ਨੀਵੇਂ ਦਰਜੇ ਦੀ ਰਾਜਨੀਤੀ ਵੱਲ ਇਸ਼ਾਰਾ ਕਰਦਾ ਹੋਇਆ ਬੜਾ ਕੁਝ ਬਿਆਨ ਕਰ ਦਿੰਦਾ ਹੈ. ਉਹ ਇਸ ਰਾਜਨੀਤਕ ਖੇਡ ਵਿੱਚ ਸ਼ਾਮਿਲ ਸਾਹਿਤਕਾਰਾਂ, ਆਲੋਚਕਾਂ ਅਤੇ ਸਾਹਿਤਕ ਅਕਾਦਮੀਆਂ ਦੇ ਪ੍ਰਤੀਨਿੱਧਾਂ ਦੀ ਭਾਸ਼ਾ ਅਤੇ ਸਾਹਿਤ ਪ੍ਰਤੀ ਗ਼ੈਰ ਜ਼ਿੰਮੇਵਾਰੀ ਅਤੇ ਸੌੜੀ ਰਾਜਨੀਤੀ ਨੂੰ ਵੀ ਬਹੁਤ ਗੰਭੀਰਤਾ ਨਾਲ ਅਗਰਭੂਮੀ ਵਿੱਚ ਲਿਆਉਂਦਾ ਹੈ:-

ਇੱਕ, ਸਾਹਿਤਕ ਆਲੋਚਕ ਦੀ
ਖਾਹਿਸ਼ ਸੀ-
ਮੈ, ਹਰ, ਸਾਹਿਤਕ ਗੋਸ਼ਟੀ 'ਚ, ਜ਼ੂਮ, ਜ਼ੂਮ, ਜ਼ੂਮ, ਕਰਦਾ ਰਹਾਂ
ਮੈ, ਹਰ, ਸਾਹਿਤਕ ਸਮਾਰੋਹ 'ਚ, ਪਰਧਾਨਗੀ ਕੁਰਸੀ ਉੱਤੇ ਬਹਾਂ
ਮੈ, ਹਰ, ਸਾਹਿਤਕ ਵਿਸ਼ਵ ਸੰਮੇਲਨ ਦਾ, ਉਦਘਾਟਨੀ ਭਾਸ਼ਣ ਕਰਾਂ
ਫਿਰ, ਹਰ ਨਿਆਣੀ ਮੱਤ ਵਾਲੇ
ਲੇਖਕ ਦੇ ਸਿਰ ਉੱਤੇ, ਆਪਣਾ, ਖੁਸ਼ਾਮਦੀ ਹੱਥ ਧਰਾਂ
ਸਾਹਿਤ ਸਭਾਵਾਂ, ਸਾਹਿਤ ਅਕੈਡਮੀਆਂ, ਕਲਾ ਪਰੀਸ਼ਦਾਂ, ਦੀਆਂ
ਜੜ੍ਹਾਂ 'ਚ, ਫਨੀਅਰ ਸੱਪ ਬਣ ਬੈਠਾ ਰਹਾਂ
ਇਨਾਮਾਂ-ਸਨਮਾਨਾਂ, ਸਿਰੋਪਿਆਂ, ਸਾਹਿਤਕ-ਮਾਨਤਾਵਾਂ, ਦੀ ਖੇਡ
ਆਪਣੀ, ਮੁੱਠੀ 'ਚ ਹੀ ਕਰਾਂ

ਇਕ ਸਾਹਿਤਕ ਆਲੋਚਕ ਦੀ
ਖਾਹਿਸ ਸੀ-
ਮੈਂ, ਸਾਹਿਤਕ, ਖਲਨਾਇਕ ਬਣਾਂ
ਮੈਂ, ਸਾਹਿਤਕ, ਭ੍ਰਿਸਟਾਚਾਰੀ ਬਣਾਂ
ਮੈਂ, ਸਾਹਿਤਕ, ਵਿਉਪਾਰੀ ਬਣਾਂ
ਮੈਂ, ਸਾਹਿਤਕ, ਦੁਰਾਚਾਰੀ ਬਣਾਂ
ਮੈਂ, ਸਾਹਿਤਕ, ਚਮਚਿਆਂ, ਕੜਛੀਆਂ, ਪਤੀਲਿਆਂ ਦੀ
ਹਰ ਥਾਂ ਨੁਮਾਇਸ਼ ਕਰਾਂ (ਵਾਇਰਸ ਪੰਜਾਬ ਦੇ, ਪੰਨਾ-68)

ਸੁਖਿੰਦਰ ਇੱਕ ਵਿਸ਼ਾਲ ਦ੍ਰਿਸ਼ਟੀ ਵਾਲਾ ਕਵੀ ਹੈ. ਉਹ ਮਾਨਵੀ ਜੀਵਨ ਦੇ ਬਹੁਤ ਸਾਰੇ ਅਰਥਪੂਰਨ ਮਸਲਿਆਂ ਅਤੇ ਸਮੱਸਿਆਵਾਂ ਨੂੰ ਉਠਾਉਂਦਾ ਹੈ. ਉਸਦੀ ਕਵਿਤਾ ਅਤੇ ਕਾਵਿ ਸਰੋਕਾਰਾਂ ਬਾਰੇ ਬੜਾ ਕੁਝ ਆਖਿਆ ਜਾ ਸਕਦਾ ਹੈ. ਉਹ ਗੋਲ-ਮੋਲ ਮੁਹਾਵਰੇ ਵਿੱਚ ਗੱਲ ਨਹੀਂ ਕਰਦਾ ਸਗੋਂ ਸਿੱਧੀ ਨਿਸ਼ਾਨੇ ਤੇ ਸੱਟ ਮਾਰਦਾ ਹੈ. ਉਹ ਵਿਰੋਧੀ ਪ੍ਰਸਥਿਤੀਆਂ ਵਿੱਚ ਆਪਣੀ ਕਲਮ ਨੂੰ ਇੱਕ ਹਥਿਆਰ ਵੱਜੋਂ ਵਰਤਦਾ ਹੋਇਆ

ਆਪਣੇ ਆਲੇ ਦੁਆਲੇ ਦੇ ਕੂੜਤੰਤਰ ਤੇ ਭਰਵਾਂ ਵਾਰ ਕਰਦਾ ਹੈ. ਇਹ ਸਾਰਾ ਕੁਝ ਇੱਕ ਪ੍ਰਤੀਬੱਧ ਅਤੇ ਨਿੱਡਰ ਸ਼ਾਇਰ ਹੀ ਕਰ ਸਕਦਾ ਹੈ. ਇਨ੍ਹਾਂ ਧਾਰਨਾਵਾਂ ਅਤੇ ਤੱਥਾਂ ਤੋਂ ਉਸਦਾ ਕਾਵਿ-ਪ੍ਰਯੋਜਨ ਵੀ ਆਪਣੇ ਆਪ ਸਪੱਸ਼ਟ ਹੋ ਜਾਂਦਾ ਹੈ. ਭਾਵੇਂ ਕਿ ਸੁਖਿੰਦਰ ਲੰਮੇ ਸਮੇਂ ਤੋਂ ਕੈਨੇਡਾ ਵਿਖੇ ਵਾਸ ਕਰ ਰਿਹਾ ਹੈ, ਪਰ ਉਸਦੀ ਕਵਿਤਾ ਵਿੱਚ ਆਪਣੇ ਭੋਇੰ ਪ੍ਰਤੀ ਪ੍ਰਤੀਬੱਧਤਾ ਅਤੇ ਗਹਿਰੇ ਲਗਾਓ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ. ਪੰਜਾਬ ਅਤੇ ਪੰਜਾਬੀਅਤ ਨਾਲ ਸਬੰਧ ਰੱਖਣ ਵਾਲੇ ਲੋਕਾਂ ਦੀ ਕੋਈ ਅਜਿਹੀ ਸਮੱਸਿਆ ਅਤੇ ਵੰਗਾਰ ਨਹੀਂ ਹੋਵੇਗੀ, ਜਿਸਨੂੰ ਉਸਨੇ ਆਪਣੀ ਕਵਿਤਾ ਅਤੇ ਕਾਵਿ ਸੰਵੇਦਨਾ ਦੁਆਰਾ ਉਠਾਉਣ ਤੇ ਨਜਿੱਠਣ ਦਾ ਯਤਨ ਨਾ ਕੀਤਾ ਹੋਵੇ. ਉਹ ਪੰਜਾਬ ਨੂੰ ਆਏ ਦਿਨ ਖੋਖਲਾ ਅਤੇ ਦਿਸ਼ਾਹੀਣ ਕਰ ਰਹੀਆਂ ਰਾਜਨੀਤਕ ਸ਼ਕਤੀਆਂ ਅਤੇ ਧਿਰਾਂ ਦੀ ਸ਼ਨਾਖ਼ਤ ਕਰਨ ਦੇ ਨਾਲ-ਨਾਲ ਇਸਦੇ ਅਖੌਤੀ ਵਾਰਿਸਾਂ ਦੇ ਦੰਭੀ ਕਿਰਦਾਰ ਅਤੇ ਚਰਿੱਤਰ ਨੂੰ ਵੀ ਆਪਣੇ ਕਾਵਿ-ਸੰਵਾਦ ਦੇ ਘੇਰੇ ਵਿੱਚ ਲਿਆਉਂਦਾ ਹੈ. ਇਹ ਕਵਿਤਾ ਪੰਜਾਬ ਵਿੱਚ ਨਸ਼ਾਖ਼ੋਰੀ, ਗੈਂਗਵਾਦ, ਭ੍ਰਿਸ਼ਟਾਚਾਰ, ਡੇਰਾਵਾਦ, ਬੇਰੁਜ਼ਗਾਰੀ, ਨੌਜੁਆਨਾਂ ਦੇ ਨਿਰੰਤਰ ਅਣਚਾਹੇ ਪ੍ਰਵਾਸ, ਰਿਸ਼ਵਤਖੋਰੀ ਅਤੇ ਸਾਹਿਤਕ ਮੱਠਾਂ ਦੀ ਨਿੱਗਰੀ ਹੋਈ ਹਾਲਤ ਦੀ ਤਸ਼ਵੀਰਕਸ਼ੀ ਕਰਨ ਦੇ ਨਾਲ-ਨਾਲ ਸਾਡੇ ਸਿਧਾਂਤ ਅਤੇ ਵਿਹਾਰ ਵਿਚਲੇ ਪਾੜੇ ਨੂੰ ਵੀ ਬੜੀ ਉੱਚੀ ਤੇ ਤਿੱਖੀ ਸੁਰ ਵਿੱਚ ਮੁਖਾਤਿਬ ਹੁੰਦੀ ਹੈ. ਇਹ ਪਾਸਾਰ ਇਸ ਕਵਿਤਾ ਨੂੰ ਜਿੱਥੇ ਅਜੋਕੇ ਪ੍ਰਸੰਗਾਂ ਵਿੱਚ ਵਿਸ਼ੇਸ਼ ਅਰਥ ਪ੍ਰਦਾਨ ਕਰਦੇ ਹਨ, ਉਸਦੇ ਨਾਲ ਹੀ ਸਮਕਾਲ ਵਿੱਚ ਇਸ ਕਵਿਤਾ ਦੀ ਸਮਾਜਿਕ ਭੂਮਿਕਾ ਨੂੰ ਵੀ ਅਗਰਭੂਮੀ ਵਿੱਚ ਲਿਆਉਂਦੇ ਹਨ:-

ਧਰਮੀ ਸਥਾਨਾਂ ਨੂੰ, ਆਪਣੀ
ਜਕੜ ਹੇਠ ਰੱਖਣ ਲਈ-
ਮਕਾਰ ਰਾਜਨੀਤੀਵਾਨ, ਆਪਣੇ
ਹੱਥਾਂ 'ਚ ਫੜ੍ਹੇ, ਲਿਫ਼ਾਫ਼ਿਆਂ ਦੇ ਜੰਮਪਲ
ਪਾਲਤੂ, ਤੋਤਿਆਂ ਨੂੰ
ਧਰਮੀ ਸਥਾਨਾਂ ਦੇ, ਸਿੰਘਾਸਣਾਂ ਉੱਤੇ
ਬਿਰਾਜਮਾਨ ਕਰਵਾਉਂਦੇ ਹਨ
ਇਨ੍ਹਾਂ, ਮਕਾਰ, ਰਾਜਨੀਤੀਵਾਨਾਂ ਨੇ
ਜਦੋਂ ਵੀ, ਇਨਹਾਂ, ਧਰਮੀ ਸਥਾਨਾਂ ਦੀਆਂ
ਗੋਲਕਾਂ 'ਚ ਸੰਨ੍ਹ ਲਗਾਉਣੀ ਹੁੰਦੀ ਹੈ-
ਤਾਂ, ਉਹ, ਆਪਣੇ, ਇਨ੍ਹਾਂ, ਪਾਲਤੂ
ਤੋਤਿਆਂ ਨੂੰ ਪੁੱਛਦੇ ਹਨ:
'ਗੰਗਾ ਰਾਮ
ਚੂਰੀ ਖਾਏਂਗਾ?' (ਵਾਇਰਸ ਪੰਜਾਬ ਦੇ, ਪੰਨਾ-75)

ਸੁਖਿੰਦਰ ਦੀ ਕਵਿਤਾ ਅਜੋਕੇ ਦੌਰ ਵਿੱਚ ਜਿੱਥੇ ਵਿਸ਼ੇ ਅਤੇ ਵਿਚਾਰਧਾਰਾ ਪੱਖੋਂ ਬੜੀ ਅਹਿਮੀਅਤ ਰੱਖਦੀ ਹੈ, ਉਸਦੇ ਨਾਲ ਹੀ ਸਮਕਾਲੀ ਸੰਦਰਭਾਂ ਵਿੱਚ ਉਸਨੂੰ ਇੱਕ ਚੇਤਨ ਅਤੇ ਨਿਵੇਕਲੇ ਸ਼ਾਇਰ ਵੱਜੋਂ ਵੀ ਸਥਾਪਿਤ ਕਰਦੀ ਹੈ. ਇਹ ਕਵਿਤਾ ਵਰਤਮਾਨ ਦੌਰ ਦੀਆਂ ਵਿਰਾਟ ਅਤੇ ਵਿਕਰਾਲ ਪ੍ਰਸਥਿਤੀਆਂ ਵਿੱਚ ਮਨੁੱਖੀ ਸੰਵੇਦਨਾ ਤੇ ਪ੍ਰਤੀਬੱਧਤਾ

ਦੇ ਵਿਘਟਨ ਨਾਲ ਵਾਬਸਤਾ ਹੈ. ਇਹ ਕਵਿਤਾ ਆਪਣੇ ਖੇਤਰੀ ਪਾਸਾਰਾਂ ਤੋਂ ਲੈ ਕੇ ਕੌਮਾਂਤਰੀ ਪੱਧਰ ਦੀਆਂ ਮਹੱਤਵਪੂਰਨ ਘਟਨਾਵਾਂ ਅਤੇ ਤਬਦੀਲੀਆਂ ਦੀ ਚਾਲ ਅਤੇ ਗਤੀ ਪਛਾਣਦੀ ਹੋਈ ਮਾਨਵੀ ਜੀਵਨ ਤੇ ਇਨ੍ਹਾਂ ਦੇ ਪ੍ਰਭਾਵਾਂ ਨੂੰ ਚਿਤਰਣ ਲਈ ਯਤਨਸ਼ੀਲ ਹੈ. ਉਦਾਹਰਨ ਦੇ ਤੌਰ ਤੇ ਕਰੋਨਾ ਮਹਾਂਮਾਰੀ ਦੌਰਾਨ ਬਦਲਦੇ ਹਾਲਤਾਂ ਅਤੇ ਇਸ ਉਪਰੰਤ ਵਾਪਰੀਆਂ ਵਿਸ਼ਵ ਪੱਧਰੀ ਤਬਦੀਲੀਆਂ ਨੂੰ ਇਹ ਕਵਿਤਾ ਬਹੁਤ ਹੀ ਸੂਖ਼ਮ ਢੰਗ ਨਾਲ ਚਿਤਰਣ ਦੀ ਕੋਸ਼ਿਸ਼ ਕਰਦੀ ਹੈ. ਇਸ ਸੰਦਰਭ ਵਿੱਚ ਇਸ ਸੰਗ੍ਰਹਿ ਦੀ ਕਵਿਤਾ 'ਜ਼ੂਮ ਬਿਮਾਰੀ' ਵੇਖੀ ਜਾ ਸਕਦੀ ਹੈ. ਇਹ ਕਵਿਤਾ ਅਜੋਕੀ ਮਨੁੱਖੀ ਮਾਨਸਿਕਤਾ ਵਿੱਚ ਉੱਪਜੀ ਆਨਲਾਈਨ ਇਡਿਕਸ਼ਨ ਦੀ ਪ੍ਰਵਿਰਤੀ ਅਤੇ ਨਿੱਜਵਾਦੀ ਰੁਝਾਨਾਂ ਨੂੰ ਬਹੁਤ ਹੀ ਮਾਰਮਿਕ ਢੰਗ ਨਾਲ ਪੇਸ਼ ਕਰ ਜਾਂਦੀ ਹੈ. ਇੱਥੋਂ ਤੱਕ ਕਿ ਕਵੀ 'ਫੇਸਬੁੱਕ' ਉੱਤੇ ਸ਼ੋਸ਼ਲ ਮੀਡੀਆ ਦੇ ਘਾਤਕ ਪ੍ਰਚਲਨ ਅਤੇ ਮਾਰੂ ਪ੍ਰਭਾਵਾਂ ਨੂੰ ਵੀ ਚੇਤਨਾ ਦੀ ਤਿੱਖੀ ਭਾਸ਼ਾ ਵਿੱਚ ਸੂਤਰਬੱਧ ਕਰਨ ਦੀ ਕੋਸ਼ਿਸ਼ ਵਿੱਚ ਹੈ. ਸੁਖਿੰਦਰ ਬਹੁਸਰੋਕਾਰਾਂ ਵਾਲਾ ਕਵੀ ਹੈ. ਉਹ ਆਪਣੇ ਆਲੇ ਦੁਆਲੇ ਘਟ ਰਹੇ ਵਰਤਾਰਿਆਂ ਅਤੇ ਘਟਨਾਵਾਂ ਤੇ ਬੜੀ ਤਿੱਖੀ ਨਜ਼ਰ ਰੱਖਦਾ ਹੈ. ਉਸਦੀ ਕਲਮ ਸਮਕਾਲ ਦੇ ਜਟਿਲ ਪਾਸਾਰਾਂ ਅਤੇ ਵਰਤ-ਵਿਹਾਰ ਨੂੰ ਸੰਵਾਦਕ ਸੁਰ ਰਾਹੀਂ ਬਿਆਨ ਕਰਨ ਵੱਲ ਵਧੇਰੇ ਰੁਚਿਤ ਹੁੰਦੀ ਹੈ ਪਰ ਕਿਤੇ-ਕਿਤੇ ਇਹ ਕਾਵਿ ਬਿਰਤਾਂਤ ਰਿਪੋਰਟਿੰਗ ਦੀ ਹੱਦ ਤੀਕ ਵੀ ਜਾ ਪਹੁੰਚਦਾ ਹੈ. ਕਿਸੇ ਵੀ ਕਵੀ ਦੀ ਆਪਣੀ ਹੀ ਇੱਕ ਸੀਮਾ ਤੇ ਭਾਸ਼ਾਈ ਸਮਰੱਥਾ ਹੁੰਦੀ ਹੈ. ਪਰ ਸੁਖਿੰਦਰ ਇਨ੍ਹਾਂ ਕਾਵਿ-ਸ਼ਾਸਤਰੀ ਨੇਮਾਂ ਅਤੇ ਮਸਲਿਆਂ ਤੋਂ ਪਾਰ ਜਾਂਦਾ ਹੋਇਆ ਸਮਕਾਲੀ ਕਾਵਿ-ਸਿਰਜਣਾ ਦੇ ਖੇਤਰ ਵਿੱਚ ਨਵੀਆਂ ਪੈੜਾਂ ਉਲੀਕਦਾ ਹੈ. ਇਸ ਕਵਿਤਾ ਦੀ ਸ਼ਕਤੀ ਅਤੇ ਸੰਭਾਵਨਾ ਵੀ ਇਸੇ ਗੱਲ ਵਿੱਚੋਂ ਨਿਰਮਤ ਹੁੰਦੀ ਹੈ.


-ਡਾ. ਮੋਹਨ ਸਿੰਘ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਪੰਜਾਬ, ਇੰਡੀਆ
(98144-79150)

# ਵਾਇਰਸ ਪੰਜਾਬ ਦੇ

ਪੰਜਾਬ, ਸਾਰਾ, ਜਿਉਂਦਾ ਸੀ
ਗੁਰਾਂ ਦੇ ਨਾਮ 'ਤੇ-

ਪਰ, ਪਤਾ ਹੀ ਨਹੀਂ ਲੱਗਾ, ਕਿਵੇਂ
ਵਾਇਰਸ ਪੰਜਾਬ ਨੇ, ਇਸ ਨੂੰ
ਆਪਣੀ, ਜਕੜ 'ਚ
ਲੈ ਲਿਆ

ਪਹਿਲੀ ਵਾਰ, ਦੇਸ ਪੰਜਾਬ ਨੂੰ
ਵਾਇਰਸ ਪੰਜਾਬ ਨੇ, ਆਪਣੀ
ਜਕੜ 'ਚ ਉਦੋਂ ਲਿਆ, ਜਦੋਂ
ਹਿੰਦੁਸਤਾਨ 'ਚ ਰਾਜ ਕਰ ਰਹੀ
ਅੰਗਰੇਜ਼ ਹਕੂਮਤ ਨੇ, ਸਾਜ਼ਿਸ਼ੀ ਢੰਗ ਨਾਲ
ਦੇਸ ਪੰਜਾਬ 'ਚ, ਖ਼ਾਨਾਜੰਗੀ ਸ਼ੁਰੂ ਕਰਾ
ਦੇਸ ਪੰਜਾਬ ਦੀ ਮਾਨਸਿਕਤਾ ਨੂੰ
ਖੇਰੂੰ ਖੇਰੂੰ ਕਰਨ ਦੇ ਇਰਾਦਿਆਂ ਨਾਲ
ਇਸ ਨੂੰ, ਜੱਫਾ ਮਾਰ ਲਿਆ

ਦੂਜੀ ਵਾਰ, ਦੇਸ ਪੰਜਾਬ ਨੂੰ
ਵਾਇਰਸ ਪੰਜਾਬ ਨੇ, ਆਪਣੀ
ਜਕੜ ਵਿੱਚ ਉਦੋਂ ਲਿਆ, ਜਦੋਂ
ਹਿੰਦੁਸਤਾਨ 'ਚ ਰਾਜ ਕਰ ਰਹੀ
ਅੰਗਰੇਜ਼ ਹਕੂਮਤ ਦੀਆਂ ਸਾਜ਼ਿਸ਼ੀ
ਨੀਤੀਆਂ ਦੇ ਜਾਲ 'ਚ ਫਸ
ਹੱਸਦੇ-ਵੱਸਦੇ, ਸਾਂਝੇ ਪੰਜਾਬ ਨੂੰ
ਧਰਮੀ ਟੁੱਕੜਿਆਂ 'ਚ, ਵੰਡਣ ਦੀ
ਸਾਜ਼ਿਸ਼ ਅਧੀਨ, ਧਰਮੀ ਰਾਜਨੀਤਕ
ਖਲਨਾਇਕਾਂ ਨੇ, ਦੇਸ ਪੰਜਾਬ ਦੀ ਹਿੱਕ ਉੱਤੇ
ਧਰਮੀ ਖੰਜਰ ਨਾਲ, ਖ਼ੂਨੀ ਲਕੀਰ ਵਾਹ ਦਿੱਤੀ
ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਈਸਾਈਆਂ
ਮਰਦਾਂ, ਔਰਤਾਂ, ਜਵਾਨਾਂ, ਬਜ਼ੁਰਗਾਂ, ਬੱਚਿਆਂ, ਦੇ
ਖ਼ੂਨ ਦੀਆਂ ਨਦੀਆਂ ਵਹਾ ਦਿੱਤੀਆਂ

ਤੀਜੀ ਵਾਰ, ਦੇਸ ਪੰਜਾਬ ਨੂੰ
ਵਾਇਰਸ ਪੰਜਾਬ ਨੇ, ਆਪਣੀ
ਜਕੜ ਵਿੱਚ ਉਦੋਂ ਲਿਆ, ਜਦੋਂ
ਭਾਸ਼ਾ ਦੇ ਨਾਮ ਉੱਤੇ, ਧਰਮੀ ਰਾਜਨੀਤੀਵਾਨਾਂ ਨੇ
ਦੇਸ ਪੰਜਾਬ ਨੂੰ, ਢਾਈ ਨਦੀਆਂ ਦਾ
ਦੇਸ ਹੋਣਾ ਪ੍ਰਵਾਨ ਕਰ ਲਿਆ

ਬਸ, ਉਸ ਦਿਨ ਤੋਂ ਬਾਹਦ
ਵਾਇਰਸ ਪੰਜਾਬ ਦੇ, ਦੇਸ ਪੰਜਾਬ ਨੂੰ
ਮਨ-ਮਸਤਕ ਦੀ, ਪਲੇਗ਼ ਦੀ ਬੀਮਾਰੀ
ਵਾਂਗ, ਚਿੰਬੜ ਗਏ

ਕਦੀ, ਇਹ-
ਧਾਰਮਿਕ ਜਨੂੰਨਵਾਦ ਦੇ ਰੂਪ ਵਿੱਚ
ਕਦੀ, ਇਹ-
ਧਾਰਮਿਕ ਪੁਸਤਕਾਂ ਦੀ ਬੇਅਦਬੀ ਦੇ ਰੂਪ ਵਿੱਚ
ਕਦੀ, ਇਹ-
ਗੈਂਗਸਟਰ ਗਾਇਕੀ ਦੇ ਰੂਪ ਵਿੱਚ
ਕਦੀ, ਇਹ-
ਰਾਜਨੀਤਕ ਭ੍ਰਿਸ਼ਟਾਚਾਰ ਦੇ ਰੂਪ ਵਿੱਚ
ਕਦੀ, ਇਹ-
ਨਸ਼ਿਆਂ ਦੇ ਵਗਦੇ ਦਰਿਆ ਦੇ ਰੂਪ ਵਿੱਚ
ਕਦੀ, ਇਹ-
ਗੈਂਗਸਟਰ ਕਤਲੋਗਾਰਦ ਦੇ ਰੂਪ ਵਿੱਚ
ਕਦੀ, ਇਹ-
ਪੁਲਿਸ ਦੀ ਦਹਿਸ਼ਤ ਦੇ ਰੂਪ ਵਿੱਚ
ਵਾਇਰਸ ਪੰਜਾਬ ਦੇ, ਦੇਸ ਪੰਜਾਬ ਦਾ
ਖ਼ੂਨ ਪੀਂਦੇ ਰਹੇ

ਹੁਣ, ਸਥਿਤੀ, ਇਸ ਹੱਦ ਤੱਕ
ਤਰਸਯੋਗ, ਚਿੰਤਾਜਨਕ, ਨਿਰਾਸ਼ਾਭਰੀ, ਬਣ ਚੁੱਕੀ ਹੈ-
ਰਾਜਨੀਤਕ ਮੰਡੀ ਦਾ, ਹਰ, ਵਿਉਪਾਰੀ ਦਲਾਲ
ਦੇਸ ਪੰਜਾਬ ਦੀਆਂ ਜੜ੍ਹਾਂ ਵਿੱਚ
ਫਨੀਅਰ ਸੱਪ ਬਣ ਕੇ

ਬੈਠ ਜਾਣ ਲਈ
ਕਾਹਲਾ ਹੈ

ਧਰਤੀ ਦੇ, ਇਸ, ਹੱਸਦੇ-ਵੱਸਦੇ
ਹਿੱਸੇ ਨੂੰ, ਕਬਰਸਤਾਨ
ਬਨਾਉਣ ਲਈ
ਕਾਹਲਾ ਹੈ

ਕਬਰਸਤਾਨ ਬਣ ਰਹੇ, ਧਰਤੀ ਦੇ
ਇਸ ਹਿੱਸੇ ਦੇ, ਰਾਜਸਿੰਘਾਸਣ ਉੱਤੇ
ਬੈਠਣ ਲਈ
ਕਾਹਲਾ ਹੈ

ਨੀਰੋ ਵਾਂਗ, ਮਦਮਸਤ ਹੋ
ਵੰਝਲੀ ਵਜਾਉਣ ਲਈ
ਕਾਹਲਾ ਹੈ
■

(ਮਾਲਟਨ, ਜੂਨ 2, 2023)

# ਤੁਹਾਨੂੰ, ਕੁਮੈਂਟ ਨਹੀਂ ਕਰਨਾ ਚਾਹੀਦਾ

ਨੌਜਵਾਨ, ਮੁੰਡੇ, ਕੁੜੀਆਂ
ਨਸ਼ਿਆਂ ਵਿੱਚ ਗਲਤਾਨ ਹੋ ਰਹੇ ਹਨ
ਪਿੰਡ, ਪਿੰਡ, ਸ਼ਹਿਰ, ਸ਼ਹਿਰ, ਹੁਣ, ਤਾਂ
ਇਹੀ ਹਾਲ ਦਿਖਾਈ ਦੇ ਰਿਹਾ ਹੈ
ਘਰ, ਘਰ, ਮਾਵਾਂ, ਭੈਣਾਂ, ਧੀਆਂ
ਕੁਰਲਾ ਰਹੀਆਂ ਹਨ, ਜਿਨਾਂ ਦੇ
ਨੇੜਲੇ ਸਬੰਧੀ ਨਸ਼ਿਆਂ ਦੇ ਕੋਹੜ ਨੇ ਖਾਹ ਲਏ
ਹਕੂਮਤਾਂ ਵੀ, ਹੁਣ, ਤਾਂ
ਨਸ਼ਿਆਂ ਦੇ ਵਗਦੇ ਛੇਵੇਂ ਦਰਿਆ ਨੂੰ
ਠੱਲ੍ਹ ਪਾਉਣ ਵਿੱਚ
ਅਸਮਰੱਥ ਹੀ ਜਾਪਦੀਆਂ ਹਨ
ਪਰ, ਤੁਹਾਨੂੰ, ਇਸ ਮਸਲੇ ਬਾਰੇ
ਕੋਈ, ਕੁਮੈਂਟ ਨਹੀਂ ਕਰਨਾ ਚਾਹੀਦਾ
ਆਖਿਰ! ਇਹ ਨਸ਼ੇ ਕਰਨ ਵਾਲੇ ਲੋਕ
ਸਾਡੇ ਹੀ, ਤਾਂ, ਧੀਆਂ, ਪੁੱਤਰ ਹਨ

ਨੌਜਵਾਨ, ਮੁੰਡੇ, ਕੁੜੀਆਂ
ਗੈਂਗਸਟਰ ਗਾਇਕਾਂ ਦੇ ਗੀਤ ਸੁਣ ਸੁਣ ਕੇ
ਗੈਂਗਸਟਰਾਂ ਦੇ ਰਾਹਾਂ ਉੱਤੇ ਹੀ ਤੁਰ ਪਏ ਹਨ
ਜਣਾ-ਖਣਾ ਹੀ, ਹੁਣ, ਤਾਂ
ਹਾਲੀਵੁੱਡ ਦੀਆਂ ਅੰਗਰੇਜ਼ੀ ਫਿਲਮਾਂ ਦੇ
ਕਾਓ-ਬੁਆਏਜ਼ ਵਾਂਗ, ਆਪਣੀਆਂ, ਜੇਹਬਾਂ ਵਿੱਚ
ਪਿਸਤੌਲਾਂ ਪਾਈ ਫਿਰਦਾ ਹੈ
ਨਿੱਕੀ ਨਿੱਕੀ ਗੱਲ ਉੱਤੇ
ਗਲੀਆਂ, ਬਾਜ਼ਾਰਾਂ, ਚੌਰਸਤਿਆਂ, 'ਚ
ਠੂਹ-ਠਾਹ ਕਰਦਾ ਫਿਰਦਾ ਹੈ
ਹਰ ਪਾਸੇ ਹੀ, ਇਹ, ਵਿਗੜੀ ਹੋਈ ਮੁਡੀਰ
ਲੁੱਟਾਂ-ਖੋਹਾਂ, ਡਾਕੇ, ਮਾਰਨ 'ਚ
ਆਪਣੀ, ਸੂਰਮਤਾਈ ਸਮਝ ਰਹੀ ਹੈ
ਪਰ, ਤੁਹਾਨੂੰ-
ਇਸ ਮਸਲੇ ਬਾਰੇ, ਫਿਰ ਵੀ
ਕੋਈ, ਕੁਮੈਂਟ ਨਹੀਂ ਕਰਨਾ ਚਾਹੀਦਾ

ਆਖਿਰ! ਇਹ, ਗੈਂਗਸਟਰ ਬਣੇ ਲੋਕ
ਸਾਡੇ ਹੀ, ਤਾਂ, ਧੀਆਂ, ਪੁੱਤਰ ਹਨ

ਨੌਜਵਾਨ, ਮੁੰਡੇ, ਕੁੜੀਆਂ
ਫਿਰਕੂ, ਧਰਮੀ, ਆਤੰਕਵਾਦ ਦੇ ਨਸ਼ੱਈ ਹੋ ਰਹੇ ਹਨ
ਕਦੀ ਗੁਜਰਾਤ, ਕਦੀ ਮਨੀਪੁਰ, ਕਦੀ ਦਿੱਲੀ, ਕਦੀ ਹਰਿਆਣਾ, ਦੇ
ਬਾਜ਼ਾਰਾਂ, ਘਰਾਂ, ਬਸਤੀਆਂ, ਦੀ
ਸਾੜ-ਫੂਕ ਕਰ ਰਹੇ ਹਨ
ਗਰਭਵਤੀ ਔਰਤਾਂ ਦੇ ਢਿੱਡਾਂ 'ਚ
ਛੁਰੇ ਖੋਭ ਰਹੇ ਹਨ
ਮਾਵਾਂ, ਧੀਆਂ, ਭੈਣਾਂ, ਦੇ
ਸਮੂਹਕ, ਬਲਾਤਕਾਰ ਕਰ ਰਹੇ ਹਨ
ਕਰੋੜਾਂ ਰੁਪਏ ਦੀ ਜਾਇਦਾਦ
ਮਿੱਟੀ ਦਾ ਢੇਰ ਬਣਾ ਰਹੇ ਹਨ
ਸਮੁੱਚੇ ਦੇਸ਼ਵਾਸੀਆਂ ਨੂੰ, ਇੰਝ
ਆਪਣੀ, ਸੂਰਮਤਾਈ ਦਿਖਾ ਕੇ
ਸ਼ਰਮਸਾਰ ਕਰ ਰਹੇ ਹਨ
ਪਰ, ਤੁਹਾਨੂੰ-
ਇਸ ਮਸਲੇ ਬਾਰੇ, ਫਿਰ ਵੀ
ਕੋਈ, ਕੁਮੈਂਟ ਨਹੀਂ ਕਰਨਾ ਚਾਹੀਦਾ
ਆਖਿਰ! ਇਹ, ਫਿਰਕੂ, ਧਰਮੀ, ਆਤੰਕਵਾਦੀ, ਲੋਕ
ਸਾਡੇ ਹੀ, ਤਾਂ, ਧੀਆਂ, ਪੁੱਤਰ, ਹਨ
■

(ਮਾਲਟਨ, ਅਗਸਤ 6, 2023)

# ਦੋਸ਼ ਕਿਸ ਨੂੰ ਦਿਓਗੇ

ਸ਼ਾਮ ਢਲਦਿਆਂ ਹੀ
ਸਕੂਲਾਂ, ਕਾਲਿਜਾਂ, ਵਿਸ਼ਵ-ਵਿਦਿਆਲਿਆਂ, ਦੇ ਅਧਿਆਪਕ
ਦਾਰੂ ਦੀ ਬੋਤਲ ਖੋਹਲ ਲੈਂਦੇ ਹਨ-

ਕੁਝ, ਲੇਖਕ, ਚਿੰਤਕ, ਸੰਪਾਦਕ, ਪੱਤਰਕਾਰ, ਵੀ
ਇਸ ਢਾਣੀ ਦੇ, ਕਦੀ ਬੁਲਾਰੇ
ਕਦੀ ਸਰੋਤੇ ਬਣਕੇ, ਮਹਿਫ਼ਲ ਵਿੱਚ
ਆਪਣੇ, ਮੂਹੜੇ ਡਾਹ ਲੈਂਦੇ ਹਨ

ਅੱਧੀ ਰਾਤ, ਪਹਿਰ ਦੇ ਤੜਕੇ ਤੀਕਣ
ਨਸ਼ੇ ਦੀ ਲੋਰ 'ਚ ਆ ਕੇ
ਫਿਰ, ਤਰੰਨਮ 'ਚ, ਸਭ
ਗੁਣਗੁਣਾਂਦੇ ਹਨ, ਕੁਝ
ਜ਼ਰਾ ਜ਼ਿਆਦਾ ਹੀ
ਬਹਿਕ ਜਾਣ ਕਾਰਨ
ਬੱਕਰੇ ਬੁਲਾਂਦੇ ਹਨ

ਫਿਰ, ਦੂਜੇ ਦਿਨ
ਸਵੇਰ ਤੋਂ ਹੀ, ਇਹ, ਸਭ, ਪਿਆਕੜ
ਲੱਗ ਜਾਂਦੇ ਹਨ, ਧੂੰਆਂਧਾਰ ਭਾਸ਼ਨਾਂ ਦੀ
ਕਾਂ ਕਾਂ ਬਾਂ ਬਾਂ ਟੈਂ ਟੈਂ ਕਰਦਿਆਂ
ਦੇਸ਼ ਵਿੱਚ ਵੱਧ ਰਹੇ ਨਸ਼ਿਆਂ ਲਈ
ਹਕੂਮਤ ਦੀ ਐਸੀ ਤੈਸੀ ਕਰਨ
ਪਿੰਡਾਂ, ਸ਼ਹਿਰਾਂ, ਬਸਤੀਆਂ, ਬਾਜ਼ਾਰਾਂ, 'ਚ
ਨਸ਼ਿਆਂ 'ਚ ਧੁੱਤ ਹੋ ਕੇ ਡਿੱਗ ਰਹੇ
ਨੌਜਵਾਨ, ਮੁੰਡਿਆਂ, ਕੁੜੀਆਂ, ਦੀ ਜ਼ਿੰਦਗੀ
ਬਰਬਾਦ ਕਰਨ ਲਈ, ਹਕੂਮਤ ਦੇ
ਅਹਿਲਕਾਰਾਂ ਦੇ ਸਿਰ ਸਾਰਾ ਦੋਸ਼ ਮੜ੍ਹਨ

ਅਖਬਾਰਾਂ, ਮੈਗਜ਼ੀਨਾਂ, ਯੂਟਿਊਬ ਚੈਨਲਾਂ, ਉੱਤੇ
ਨਸ਼ਿਆਂ ਖਿਲਾਫ਼ ਫਿਰ ਬਹਿਸਾਂ ਛਿੜਦੀਆਂ
ਕੁਝ, ਵਿਹਲੜ ਕਿਸਮ ਦੇ, ਰਾਜਨੀਤੀਵਾਨ

ਪਿੰਡ ਦੀ ਮੁਡੀਰ ਇਕੱਠੀ ਕਰ
ਪਿੰਡ ਦੇ ਕੁਝ ਨਸ਼ੇੜੀਆਂ ਨੂੰ ਘੇਰ
ਉਨ੍ਹਾਂ ਦੀ ਕੁੱਟ-ਮਾਰ ਕਰਦੇ

ਇਹ ਸਿਲਸਿਲਾ, ਦਹਾਕਿਆਂ ਤੋਂ
ਇੰਝ ਹੀ, ਚੱਲ ਰਿਹਾ ਹੈ-

ਨਸ਼ਿਆਂ ਦਾ ਧੰਦਾ, ਧਰਮੀ ਮੱਠਾਂ ਦੇ
ਘੜੰਮ ਚੌਧਰੀਆਂ ਦੇ ਡੇਰਿਆਂ ਤੋਂ ਲੈ ਕੇ
ਰਾਜਨੀਤੀਵਾਨਾਂ, ਸਮਾਜ ਸੇਵਕਾਂ, ਪੁਲਿਸ ਅਧਿਕਾਰੀਆਂ, ਦੀ
ਛਤਰ ਛਾਇਆ ਹੇਠ ਵਧ ਫੂਲ ਰਿਹਾ ਹੈ
ਇਸ ਕੋਹੜ ਨੂੰ ਖਤਮ ਕਰਨ ਲਈ
ਕਦੀ ਕੋਈ, ਗੁਟਕੇ ਦੀ ਸਹੁੰ ਖਾਂਦਾ
ਕਦੀ ਕੋਈ, ਰਾਮ ਰਾਮ ਦਾ ਨਾਮ ਲੈਂਦਾ
ਕਦੀ ਕੋਈ, ਅੱਲਾ ਅੱਲਾ ਨੂੰ ਧਿਆ ਰਿਹਾ
ਕਦੀ ਕੋਈ, ਜੀਸਸ ਜੀਸਸ ਕਰਦਾ ਦਿਖ ਰਿਹਾ

ਪਰ, ਪਰਨਾਲਾ, ਦਹਾਕਿਆਂ ਬਾਹਦ ਵੀ
ਓਥੇ ਦੀ ਓਥੇ ਹੀ ਰਿਹਾ-

ਬਸ, ਕੁਝ ਕੁ ਨਸ਼ੇੜੀ ਹੋਰ
ਕਬਰਸਤਾਨਾਂ 'ਚ ਪਹੁੰਚ ਗਏ
ਨਸ਼ੇ ਦੇ ਵੱਡੇ ਵਿਉਪਾਰੀ ਹਕੂਮਤਾਂ 'ਚ
ਮੰਤਰੀ  ਕੁਰਸੀਆਂ 'ਤੇ ਸੁਸ਼ੋਭਿਤ ਹੋ ਗਏ

ਸੂਰਜ, ਹੁਣ ਵੀ
ਪਹਿਲਾਂ ਵਾਂਗ ਹੀ
ਸੁਬਹ, ਪੂਰਬ ਤੋਂ
ਚੜ੍ਹਦਾ ਹੈ
ਸ਼ਾਮ ਨੂੰ, ਪੱਛਮ 'ਚ
ਡੁੱਬ ਜਾਂਦਾ ਹੈ
■

(ਮਾਲਟਨ, ਅਗਸਤ 8, 2023)

# ਸਾਹਿਤਕ ਦਲਾਲ

ਇਨਾਮਾਂ-ਸਨਮਾਨਾਂ ਨੂੰ, ਵੀ
ਮੰਡੀ 'ਚ, ਵਿਕਣ ਵਾਲੀ ਚੀਜ਼ ਸਮਝ
ਜਦ, ਸ਼ਹਿਰ ਦੇ, ਸਾਹਿਤਕ ਦਲਾਲਾਂ ਨੇ
ਆਪਣੇ, ਚੁਬਾਰਿਆਂ ਦੀਆਂ ਖਿੜਕੀਆਂ 'ਤੇ
ਇਹ, ਲਿਖ ਕੇ ਲਗਾ ਦਿੱਤਾ :
'ਅਸੀਂ, ਹਰ ਕਿਸਮ ਦੇ
ਸਰਕਾਰੀ, ਗ਼ੈਰ-ਸਰਕਾਰੀ, ਸਾਹਿਤਕ
ਇਨਾਮਾਂ-ਸਨਮਾਨਾਂ ਦੀ ਦਲਾਲੀ ਕਰਨ ਦਾ
ਧੰਦਾ ਕਰਦੇ ਹਾਂ-
ਲੋੜਵੰਦ, ਸੱਜਣ, ਸੱਜਣੀਆਂ
ਸਾਨੂੰ ਮਿਲਣ'

ਬਸ, ਫਿਰ ਕੀ ਸੀ-
ਇਨਾਮਾਂ-ਸਨਮਾਨਾਂ ਦੀਆਂ, ਅੰਤਰੀਵ ਇਛਾਵਾਂ
ਆਪਣੇ, ਦਿਲਾਂ 'ਚ ਲਈ ਫਿਰਦੇ
ਲੇਖਕਾਂ, ਅਲੇਖਕਾਂ, ਸੱਜਣਾਂ, ਸੱਜਣੀਆਂ, ਦੇ ਝੁੰਡ
ਲੰਬੀਆਂ, ਲੰਬੀਆਂ, ਕਤਾਰਾਂ ਬਣਾ
ਸਾਹਿਤਕ ਦਲਾਲਾਂ ਦੇ, ਗਸ਼ਤੀ
ਚੁਬਾਰਿਆਂ ਵੱਲ ਆਉਣ ਲੱਗੇ

ਕੁਝ, ਵਧੇਰੇ ਹੀ ਉਤਸੁਕ
ਲੇਖਕ, ਅਲੇਖਕ, ਤਾਂ
ਦਾਰੂ ਦੀ ਲੋਰ ਵਿੱਚ, ਝੂਮਦੇ ਹੋਏ-
ਸਾਹਿਤਕ ਦਲਾਲਾਂ ਦੀ ਸਿਫਤ ਵਿੱਚ
ਉਚੇਚੇ ਤੌਰ ਉੱਤੇ, ਲਿਖੀਆਂ
ਆਪਣੀਆਂ, ਗ਼ਜ਼ਲਾਂ
ਤਰੰਨਮ ਵਿੱਚ ਆ ਕੇ
ਗੁਣਗੁਨਾਉਣ ਲੱਗੇ

ਭੀੜ ਵਿੱਚ, ਕੁਝ
ਦਰਸ਼ਨੀ ਚਿਹਰੇ ਵੀ ਮੌਜੂਦ ਸਨ-
ਜਿਨ੍ਹਾਂ ਨੇ, ਆਪਣੀਆਂ, ਪਿੱਠਾਂ ਪਿੱਛੇ

ਕੁੱਤਿਆਂ ਦੀਆਂ, ਪੂਛਾਂ ਵੀ
ਬੰਨ੍ਹੀਆਂ ਹੋਈਆਂ ਸਨ
ਉਹ, ਪਾਲਤੂ, ਕੁੱਤਿਆਂ ਵਾਂਗ
ਨੱਚ ਨੱਚ ਕੇ ਦਿਖਾਣ ਲੱਗੇ

ਇਸ ਭੀੜ ਨੇ
ਆਪਣੇ, ਚਿਹਰਿਆਂ ਉੱਤੇ
ਬਾਪੂ ਗਾਂਧੀ ਦੇ, ਤਿੰਨ ਬਾਂਦਰਾਂ ਵਰਗੇ
ਮੁਖੌਟੇ ਵੀ ਪਾਏ ਹੋਏ ਸਨ-
ਉਹ, ਲੋਕ ਦਿਖਾਵੇ ਲਈ
ਬਾਪੂ ਗਾਂਧੀ ਦੇ, ਤਿੰਨ ਬਾਂਦਰਾਂ ਵਾਂਗ
ਅਦਾਕਾਰੀ ਕਰਕੇ ਦਿਖਾਉਣ ਲੱਗੇ:
-ਅਸੀਂ, ਅੱਖਾਂ ਤੋਂ ਅੰਨ੍ਹੇ ਹਾਂ
-ਅਸੀਂ, ਮੂੰਹਾਂ ਤੋਂ ਗੁੰਗੇ ਹਾਂ
-ਅਸੀਂ, ਕੰਨਾਂ ਤੋਂ ਬੋਲੇ ਹਾਂ

ਲੇਖਕਾਂ, ਅਲੇਖਕਾਂ, ਦੀ ਇਸ ਭੀੜ ਨੇ
ਆਪਣੇ, ਗਲਾਂ ਵਿੱਚ ਇਹ ਲਿਖਕੇ
ਫੱਟੀਆਂ ਵੀ ਲਟਕਾਈਆਂ ਹੋਈਆਂ ਸਨ:
'ਅਸੀਂ, ਸਭ-
ਗੋਲਕ ਚੋਰਾਂ, ਧਾਰਮਿਕ ਮਹੰਤਾਂ, ਭ੍ਰਿਸ਼ਟ ਰਾਜਨੀਤੀਵਾਨਾਂ, ਦੇ
ਜੁੱਤੀ ਚੱਟ ਸੇਵਕ ਹਾਂ'

ਆਪਣੇ, ਮੂੰਹਾਂ 'ਚੋਂ ਲਾਲਾਂ ਸੁੱਟ ਰਹੇ
ਇਨਾਮਾਂ-ਸਨਮਾਨਾਂ ਦੇ ਇੱਛਕ, ਚਾਪਲੂਸ
ਲੋਕਾਂ ਦੀ, ਇਸ ਭੀੜ ਵਿੱਚ
ਉਹ, ਅੰਧ-ਭਗਤ ਵੀ ਮੌਜੂਦ ਸਨ-
ਜੋ, ਸਾਹਿਤਕ ਦਲਾਲਾਂ ਦੇ
ਚੁਬਾਰਿਆਂ ਸਾਹਮਣੇ, ਖੜ੍ਹੇ ਹੋ ਕੇ
ਉੱਚੀ ਉੱਚੀ ਆਵਾਜ਼ ਵਿੱਚ
ਨਾਹਰੇ ਵੀ ਲਗਾ ਰਹੇ ਸਨ:
'ਅਸੀਂ, ਫਿਰਕਾਪ੍ਰਸਤ ਰਾਜਨੀਤੀਵਾਨਾਂ ਦੇ
ਫਿਰਕਾਪ੍ਰਸਤ, ਅੰਧ-ਭਗਤ ਹਾਂ-
ਅਸੀਂ, ਇਨਾਮਾਂ-ਸਨਮਾਨਾਂ ਖਾਤਰ
ਗਊ ਮਾਤਾ ਤਾਂ ਕੀ

ਹਰ ਜਾਨਵਰ, ਹਰ ਪਸ਼ੂ ਦਾ
ਮਲ-ਮੂਤਰ ਪੀ ਸਕਦੇ ਹਾਂ'

ਨਿਰਸੰਦੇਹ-
ਸਾਹਿਤਕ ਦਲਾਲਾਂ ਦੀ ਇਸ ਮੰਡੀ ਵਿੱਚ
ਕੁਝ, ਸਾਹਿਤਕ ਗਸ਼ਤੀਆਂ ਵੀ
ਮੌਜੂਦ ਸਨ, ਜੋ
ਇਨਾਮਾਂ-ਸਨਮਾਨਾਂ ਖਾਤਰ, ਆਪਣੇ
ਖ਼ੂਬਸੂਰਤ ਜਿਸਮ, ਚਾਂਦੀ ਦੀਆਂ
ਤਸ਼ਤਰੀਆਂ ਵਿੱਚ ਸਜਾ ਕੇ
ਸਾਹਿਤਕ ਦਲਾਲਾਂ ਨੂੰ, ਤੋਹਫਿਆਂ ਵਜੋਂ
ਪੇਸ਼ ਕਰਨ ਲਈ ਵੀ
ਤਿਆਰ ਸਨ
■

(ਮਾਲਟਨ, ਅਗਸਤ 19, 2023)

# ਆਜ਼ਾਦੀ

ਜੇਕਰ, ਤੂੰ
ਇਨਾਮਾਂ, ਸਨਮਾਨਾਂ, ਸਿਰੋਪਿਆਂ, ਦੀ ਗੁਲਾਮੀ ਖਾਤਰ
ਸਾਹਿਤਕ ਖਲਨਾਇਕਾਂ ਸਾਹਵੇਂ, ਮੂੰਹ 'ਚੋਂ
ਲਾਲਾਂ ਹੀ ਸੁੱਟਣੀਆਂ ਹਨ, ਤਾਂ
ਤੂੰ, ਬਈ, ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਖਲਨਾਇਕਾਂ ਦੀਆਂ, ਸਭ
ਕਰਤੂਤਾਂ ਜੱਗ ਜ਼ਾਹਰ ਕਰਨੀਆਂ

ਜੇਕਰ, ਤੂੰ
ਜ਼ਾਤਾਂ-ਪਾਤਾਂ, ਧਰਮਾਂ, ਰੰਗਾਂ, ਨਸਲਾਂ, ਜ਼ੁਬਾਨਾਂ, ਦੀ ਗੁਲਾਮੀ ਖਾਤਰ
ਨਿੱਤ, ਫਿਰਕੂ ਦੰਗੇ, ਫਸਾਦ, ਕਤਲੇਆਮ, ਹੀ
ਕਰਵਾਉਣ ਦਾ ਭੁੱਸ ਪਾਲਣਾ ਹੈ, ਤਾਂ
ਤੂੰ, ਬਈ, ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਹਰ ਤਰ੍ਹਾਂ ਦੇ, ਵਖਰੇਵਿਆਂ ਨੂੰ ਭੁੱਲ
ਲੋਕਾਂ ਨਾਲ, ਅਮਨ, ਪਿਆਰ, ਨਾਲ ਰਹਿਣਾ

ਜੇਕਰ, ਤੂੰ
ਭ੍ਰਿਸ਼ਟ ਰਾਜਨੀਤਕਾਂ, ਧਰਮੀ ਠੱਗਾਂ, ਸਾਜ਼ਿਸ਼ੀ ਦਲਾਲਾਂ, ਦੀ ਗੁਲਾਮੀ ਖਾਤਰ
ਭੋਲੀ-ਭਾਲੀ, ਜਨਤਾ ਨੂੰ, ਮਨਘੜਤ, ਬਹਾਨੇ, ਸਾਜਿਸ਼ਾਂ, ਬਣਾ ਬਣਾ ਕੇ
ਆਰਥਿਕ ਤੌਰ ਉੱਤੇ, ਲੁੱਟਣਾ ਹੈ, ਤਾਂ
ਤੂੰ, ਬਈ, ਜਾਹ-
ਮੈਨੂੰ, ਤਾਂ, ਚੰਗਾ ਲੱਗਦਾ ਹੈ
ਭ੍ਰਿਸ਼ਟਾਚਾਰੀਆਂ ਦੇ, ਸਭ, ਪੋਲ ਖੋਲ੍ਹਣੇ

ਜੇਕਰ, ਤੂੰ
ਸੱਤਾ ਉੱਤੇ ਕਾਬਜ਼, ਕਾਤਲਾਂ, ਬਲਾਤਕਾਰੀਆਂ, ਸਮੱਗਲਰਾਂ, ਦੀ ਗੁਲਾਮੀ ਖਾਤਰ
ਰਾਜ ਸਿੰਘਾਸਣ ਦੇ ਪਾਵਿਆਂ ਨਾਲ, ਹੀ
ਆਪਣੀ, ਪੂਛ ਬੰਨ੍ਹੀ ਰੱਖਣੀ ਹੈ, ਤਾਂ
ਤੂੰ, ਬਈ, ਜਾਹ-

ਮੈਨੂੰ, ਤਾਂ, ਚੰਗਾ ਲੱਗਦਾ ਹੈ
ਸੱਤਾ ਦੇ ਦਲਾਲਾਂ ਅਤੇ ਚਾਪਲੂਸਾਂ ਦੇ
ਲੋਕ-ਵਿਰੋਧੀ, ਸਾਜ਼ਿਸ਼ੀ, ਮੁਖੌਟੇ ਲੀਰੋ ਲੀਰ ਕਰਨਾ

ਆਜ਼ਾਦੀ, ਬਿਰਲਿਆਂ, ਟਾਟਿਆਂ, ਅੰਬਾਨੀਆਂ, ਕੰਡਾਨੀਆਂ, ਦੀ
ਕੋਈ, ਨਿੱਜੀ, ਜਾਇਦਾਦ ਨਹੀਂ-

ਇਸ, ਧਰਤੀ ਉੱਤੇ ਜਨਮ ਲੈਣ ਵਾਲਾ
ਹਰ ਮਨੁੱਖ ਹੀ ਆਜ਼ਾਦ ਜਨਮ ਲੈਂਦਾ ਹੈ
ਪਰ, ਇਹ
ਵਿਉਪਾਰਕ, ਧਾਰਮਿਕ, ਇਖਲਾਕੀ, ਕਾਨੂੰਨੀ, ਅਦਾਰੇ ਹੀ
ਆਪਣੇ, ਨਿੱਜੀ, ਲਾਭਾਂ ਖਾਤਰ
ਮਨੁੱਖ ਨੂੰ, ਜੰਜ਼ੀਰਾਂ ਵਿੱਚ
ਜਕੜ ਦਿੰਦੇ ਹਨ
■

(ਮਾਲਟਨ, ਅਗਸਤ 15, 2023)

# ਭਾਂਤ ਭਾਂਤ ਦੇ ਮੌਕਾਪ੍ਰਸਤ

ਪੰਜਾਬ, ਦਰਿਆਵਾਂ 'ਚ ਆਏ
ਮਾਰੂ ਹੜ੍ਹਾਂ ਦੇ ਪਾਣੀਆਂ 'ਚ
ਡੁੱਬਾ ਪਿਆ ਸੀ-

-ਹਰੇ, ਭਰੇ, ਖੇਤ ਪਾਣੀ ਨਾਲ ਭਰੀਆਂ ਨਦੀਆਂ ਬਣੇ ਪਏ ਸਨ
-ਹੱਸਦੇ, ਵੱਸਦੇ, ਘਰ ਟੁੱਟੀਆਂ ਛੱਤਾਂ ਵਾਲੇ ਖੰਡਰ ਬਣੇ ਪਏ ਸਨ
-ਸੜਕਾਂ, ਪੁਲ, ਰੋੜਿਆਂ, ਬੱਜਰੀ, ਇੱਟਾਂ, ਦੇ ਢੇਰ ਬਣੇ ਪਏ ਸਨ
-ਭੁੱਖੇ, ਪਿਆਸੇ, ਬਾਲ ਮੀਂਹ 'ਚ ਚੋਂਦੀਆਂ ਛੱਤਾਂ ਹੇਠ ਖੜ੍ਹੇ ਵਿਲਕ ਰਹੇ ਸਨ
-ਸਹਿਮੇ ਹੋਏ, ਪਸ਼ੂ, ਪੰਛੀ, ਹੜ੍ਹਾਂ ਦੇ ਪਾਣੀਆਂ 'ਚ ਰੁੜ੍ਹੇ ਜਾ ਰਹੇ ਸਨ

ਪਰ, ਜੁੱਤੀ ਚੱਟ ਸਾਹਿਤ ਸਭਾਵਾਂ ਨਾਲ ਜੁੜ੍ਹੇ ਸਾਹਿਤਕ ਖਲਨਾਇਕ
ਇਨਾਮਾਂ, ਸਨਮਾਨਾਂ, ਪੁਰਸਕਾਰਾਂ, ਸਿਰੋਪਿਆਂ, ਦੇ ਸਮਾਰੋਹਾਂ ਲਈ
ਦਰੀਆਂ, ਗਲੀਚਿਆਂ, ਸ਼ੀਲਡਾਂ, ਵਾਈਨ, ਬੀਅਰ, ਵਿਸਕੀ, ਦੀਆਂ
ਗਿਣਤੀਆਂ-ਮਿਣਤੀਆਂ ਕਰ, ਸਰਕਾਰੀ ਗੱਫਿਆਂ ਨਾਲ
ਆਪਣੀਆਂ, ਜੇਹਬਾਂ ਭਰਨ ਦੇ ਖਿਆਲਾਂ ਬਾਰੇ ਹੀ
ਘੋਰ ਚਿੰਤਤ ਦਿਖਾਈ ਦਿੰਦੇ ਸਨ

ਉਨਾਂ ਨੂੰ, ਤਾਂ, ਬਸ
ਏਨਾ ਹੀ ਫਿਕਰ ਸੀ
ਸਾਹਿਤਕ ਸਮਾਰੋਹਾਂ ਲਈ
ਪ੍ਰਧਾਨਗੀ ਮੰਡਲਾਂ ਵਿੱਚ ਸਸ਼ੌਬਤ ਹੋਣ ਵਾਸਤੇ
ਬਾਪੂ ਗਾਂਧੀ ਦੇ ਤਿੰਨ ਬਾਂਦਰਾਂ ਦੇ ਭਗਤਾਂ ਨੂੰ ਬੁਲਾਇਆ ਜਾਣਾ ਸੀ
ਗਊ ਮਾਤਾ ਦਾ ਮੂਤਰ ਨਿੱਤ ਪੀਣ ਦੀ ਨਸੀਹਤ ਦੇਣ ਵਾਲਿਆਂ ਨੂੰ ਬੁਲਾਣਾ ਸੀ
ਕਿਸੇ ਨਸ਼ਾ ਸੌਦਾਗਰ ਨੂੰ ਮੁੱਖ ਮਹਿਮਾਨ ਬਨਾਉਣ ਲਈ ਉਸਦੇ ਤਰਲੇ ਕਰਨੇ ਸਨ
ਜਾਂ ਬਲਾਤਕਾਰੀ ਠੱਗ ਸੰਤ ਬਾਬਿਆਂ ਨੂੰ ਸੱਦਾ-ਪੱਤਰ ਭੇਜੇ ਜਾਣੇ ਸਨ

ਕੁਝ, ਵਿਹਲੜ ਰਾਜਨੀਤੀਵਾਨ
ਆਪਣੀ, ਫੋਕੀ ਸ਼ੁਹਰਤ ਬਨਾਉਣ ਲਈ
ਪਿੰਡ ਪਿੰਡ, ਸ਼ਹਿਰ ਸ਼ਹਿਰ, ਮਜਮੇ ਲਗਾ ਕੇ
ਕੁਝ, ਵਿਕਾਊ, ਟੀਵੀ ਚੈਨਲਾਂ ਉੱਤੇ, ਹਕੂਮਤ ਖਿਲਾਫ਼
ਧੂੰਆਂਧਾਰ, ਭਾਸ਼ਨ ਦੇ ਰਹੇ ਸਨ

ਪਰ, ਉਹ, ਆਪ
ਮੁਸੀਬਤਾਂ ਮਾਰੇ ਲੋਕਾਂ ਦੀ ਮੱਦਦ ਲਈ
ਆਪਣੀਆਂ, ਜੇਹਬਾਂ 'ਚੋਂ, ਕੁਝ ਵੀ ਦੇਣ ਲਈ
ਅੱਗੇ ਨਹੀਂ ਆ ਰਹੇ ਸਨ

ਕੁਝ, ਹਕੂਮਤ ਵਿੱਚ ਵੀ, ਅਜਿਹੇ
ਚਾਪਲੂਸ ਅਤੇ ਮੌਕਾਪ੍ਰਸਤ, ਰਾਜਨੀਤੀਵਾਨ ਮੌਜੂਦ ਸਨ
ਜੋ, ਇਸ ਮੁਸੀਬਤ ਦੀ ਘੜੀ ਵਿੱਚ ਵੀ
ਹਕੂਮਤ ਦੇ ਮੰਤਰੀ ਮੰਡਲ ਵਿੱਚ
ਉੱਚ ਪਦਵੀਆਂ ਹਾਸਲ ਕਰਨ ਲਈ
ਤਰਲੋਮੱਛੀ ਹੁੰਦੇ, ਆਪਣੇ ਮੂੰਹਾਂ 'ਚੋਂ
ਲਾਲਾਂ ਸੁੱਟ ਰਹੇ ਸਨ

ਪੰਜਾਬ 'ਚ ਆਏ, ਮਾਰੂ ਹੜ੍ਹਾਂ ਨੇ
ਸੱਪਾਂ ਦੀਆਂ ਖੁੱਡਾਂ ਵਿੱਚ
ਪਾਣੀ ਵੜ ਜਾਣ ਵਾਂਗ
ਭਾਂਤ ਭਾਂਤ ਦੇ, ਇਨ੍ਹਾਂ
ਮੌਕਾਪ੍ਰਸਤਾਂ ਦੀ ਮਾਨਸਿਕਤਾ ਨੂੰ ਵੀ
ਜੱਗਜਾਹਰ ਕਰ ਦਿੱਤਾ ਸੀ
■

(ਮਾਲਟਨ, ਜੁਲਾਈ 26, 2023)

# ਧੀਆਂ ਦੇ ਕਾਤਲ

ਸੱਸੀ-ਪੁਨੂੰ, ਹੀਰ-ਰਾਂਝਾ, ਕੀਮਾ-ਮਲਕੀ, ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ
ਕਿੱਸੇ, ਸੁਨਣ ਦਾ, ਤਾਂ, ਬਹੁਤ ਸ਼ੌਂਕ ਹੈ-
ਪਰ, ਆਪਣੇ, ਘਰ ਕੋਈ
ਸੱਸੀ, ਹੀਰ, ਮਲਕੀ, ਸਾਹਿਬਾਂ, ਸੋਹਣੀ
ਨ ਜੰਮੇ, ਨਹੀਂ, ਤਾਂ, ਉਸ ਦੀ
ਧੌਣ ਮਰੋੜ ਦੇਣਗੇ, ਵੱਡੇ
ਸੂਰਮੇ, ਸਾਡੇ, ਆਪਣੀ
ਅਣਖ ਦੇ ਨਾਮ 'ਤੇ

ਕੀ ਧੀਆਂ ਦੀ, ਕੋਈ
ਅਣਖ ਨਹੀਂ ਹੁੰਦੀ
ਕੀ ਧੀਆਂ ਵੀ
ਹੱਡ ਮਾਸ ਦੀਆਂ ਬਣੀਆਂ ਨਹੀਂ ਹੁੰਦੀਆਂ
ਕੀ ਧੀਆਂ ਨੂੰ, ਆਪਣੀ
ਜ਼ਿੰਦਗੀ ਜਿਓਣ ਦਾ ਕੋਈ ਹੱਕ ਨਹੀਂ

ਇਹ, ਅਖੌਤੀ ਅਣਖਾਂ ਵਾਲੇ, ਦੋ-ਮੂੰਹੇਂ, ਨਿੱਤ
ਤੋਤਿਆਂ ਵਾਂਗੂੰ, ਗੁਰੂਆਂ ਦੀ ਬਾਣੀ ਪੜਦੇ:
'ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ'
ਪਰ, ਗੁਰੂਆਂ ਦੀ ਬਾਣੀ ਨੂੰ
ਆਪਣੇ, ਪੈਰਾਂ ਹੇਠਾਂ
ਰੋਲਣ ਲੱਗਿਆਂ ਵੀ
ਮਿੰਟ ਨਹੀਂ ਲਗਾਂਦੇ

ਧੀਆਂ ਦੇ ਕਾਤਲਾਂ ਦੀ
ਹਿਮਾਇਤ ਵਿੱਚ, ਭੇਡਾਂ
ਫੇਸਬੁੱਕ ਮੀਡੀਆ ਉੱਤੇ, ਜਿਸ ਤਰ੍ਹਾਂ
ਬਾਂ ਬਾਂ ਬਾਂ ਬਾਂ ਬਾਂ ਕਰਦੀਆਂ ਹਨ
ਉਸ ਨੂੰ ਦੇਖ ਕੇ, ਸਹਿਜੇ ਹੀ
ਕਿਹਾ ਜਾ ਸਕਦਾ ਹੈ:
ਪੰਜਾਬ ਜਿਉਂਦਾ ਹੁਣ, ਤਾਂ
ਧੀਆਂ ਦੇ ਕਾਤਲਾਂ ਦੀ ਭੀੜ ਦੇ

ਰਹਿਮ 'ਤੇ-

ਪੰਜਾਬ ਵਿੱਚ, ਹੁਣ
ਕਿਸੀ ਵੀ ਘਰ, ਕੋਈ
ਧੀ ਸੁਰੱਖਿਅਤ ਨਹੀਂ

ਕੀ ਪਤਾ, ਕਦ, ਇਨ੍ਹਾਂ
ਮਨੁੱਖ ਰੂਪੀ, ਬਘਿਆੜਾਂ ਦੇ ਮਨਾਂ ਵਿੱਚ
ਅਖੌਤੀ ਅਣਖ ਦਾ
ਸੁੱਤਾ ਪਿਆ ਜਿੰਨ
ਜਾਗ ਜਾਵੇ, ਇਹ ਅਖੌਤੀ ਸੂਰਮੇ
ਆਪਣੀਆਂ, ਤਿੰਨ ਫੁੱਟੀ ਤਲਵਾਰਾਂ ਲੈ ਕੇ
ਆਪਣੀਆਂ ਹੀ, ਧੀਆਂ ਦਾ ਕਤਲ ਕਰਨ ਲਈ
ਸ਼ਹਿਰ ਦੀਆਂ, ਸੜਕਾਂ, ਬਾਜ਼ਾਰਾਂ, ਚੌਰਸਤਿਆਂ ਵੱਲ
ਭੂਸਰੇ ਹੋਏ ਸਾਹਨਾਂ ਵਾਂਗ, ਖੌਰੂ ਪਾਉਂਦੇ ਹੋਏ
ਤੁਰ ਪੈਣ, ਖੂੰਖਾਰ, ਮਗਰਮੱਛਾਂ ਵਾਂਗ
ਆਪਣੇ, ਮੂੰਹ ਅੱਡੇ ਹੋਏ
■

(ਮਾਲਟਨ, ਅਗਸਤ 11, 2023)

# ਅੱਗ ਲਗਾਊ ਯੰਤਰ

'ਪੰਜਾਬ ਸਾਰਾ ਜਿਓਂਦਾ
ਗੁਰਾਂ ਦੇ ਨਾਮ 'ਤੇ'-

ਕਦੀ, ਇਹ ਕਹਾਵਤ ਵੀ
ਪੰਜਾਬ ਵਿੱਚ, ਮਸ਼ਹੂਰ
ਹੁੰਦੀ ਸੀ

ਪਰ, ਹੁਣ
ਖੁਦਗਰਜ਼ੀ ਦੀ, ਐਸੀ
ਹਵਾ ਚੱਲ ਰਹੀ ਹੈ-
ਹਰ ਰਾਜਨੀਤਿਕ ਧਿਰ
ਗੋਲਕ ਚੋਰਾਂ ਦੇ ਟੋਲੇ
ਹਕੂਮਤਾਂ ਦੇ ਝੋਲੀ-ਚੁੱਕ
ਧਰਮ, ਜ਼ਾਤ-ਪਾਤ, ਦੇ ਨਾਮ ਉੱਤੇ
ਦੰਗੇ-ਫਸਾਦ ਕਰਵਾਉਣ ਵਾਲੇ
ਮਹਿਜ਼, ਰਾਜ ਸਿੰਘਾਸਣ ਉੱਤੇ
ਕਾਬਿਜ ਹੋਣ ਲਈ, ਪੰਜ ਦਰਿਆਵਾਂ ਦੇ
ਪਾਣੀਆਂ ਨੂੰ, ਅੱਗ ਲਗਾਉਣ ਲਈ
ਅੱਗ ਲਗਾਊ ਯੰਤਰ
ਲੈ ਕੇ ਆਉਂਦੇ ਹਨ-

ਜੋ, ਚੰਬਲ ਘਾਟੀ ਦੇ
ਡਾਕੂਆਂ ਵਰਗੀ ਸ਼ਕਲ ਸੂਰਤ ਬਣਾ
ਆਪਣੇ, ਮੂੰਹਾਂ 'ਚੋਂ, ਫਨੀਅਰ ਸੱਪਾਂ ਵਾਂਗ
ਧਰਮੀ, ਨਾਹਰਿਆਂ ਦੇ
ਫੁੰਕਾਰੇ ਮਾਰਦੇ ਹਨ

ਸ਼ਹਿਰ, ਸ਼ਹਿਰ, ਪਿੰਡ, ਪਿੰਡ
ਧਰਮੀ, ਦਹਿਸ਼ਤ ਫੈਲਾਉਂਦੇ ਹਨ-
ਲੋਕ-ਮਨਾਂ ਵਿੱਚ, ਮੁੜ
ਕਾਲੇ ਦਿਨਾਂ ਦਾ
ਭੈਅ ਜਗਾਂਦੇ ਹਨ

ਕਾਲੇ ਦਿਨ-
ਜੋ, ਹਜ਼ਾਰਾਂ, ਪੰਜਾਬੀ, ਮਾਵਾਂ ਦੇ
ਬੇਗੁਨਾਹ, ਧੀਆਂ-ਪੁੱਤਰਾਂ ਨੂੰ ਖਾਹ ਗਏ

ਕਾਲੇ ਦਿਨ-
ਜੋ, ਘਰ, ਘਰ
ਸੱਥਰ ਵਿਛਾ ਗਏ

ਕਾਲੇ ਦਿਨ-
ਜੋ, ਚੁੱਲਿਆਂ ਦੀ ਸਵਾਹ
ਲੋਕਾਂ ਦੇ, ਸਿਰਾਂ ਵਿੱਚ ਪਾ ਗਏ

ਕਾਲੇ ਦਿਨ-
ਜੋ, ਹੱਸਦੇ, ਵੱਸਦੇ, ਘਰਾਂ ਨੂੰ
ਕਬਰਸਤਾਨ ਬਣਾ ਗਏ

ਕਾਲੇ ਦਿਨ-
ਜੋ, ਪੰਜਾਬ ਦੇ, ਦਰਿਆਵਾਂ ਨੂੰ
ਲਾਂਬੂ ਲਗਾ ਗਏ

'ਪੰਜਾਬ ਸਾਰਾ ਜਿਓਂਦਾ
ਗੁਰਾਂ ਦੇ ਨਾਮ 'ਤੇ'

ਕਦੀ, ਇਹ ਕਹਾਵਤ ਵੀ
ਪੰਜਾਬ ਵਿੱਚ, ਮਸ਼ਹੂਰ
ਹੁੰਦੀ ਸੀ

■

(ਮਾਲਟਨ, ਫਰਵਰੀ 27, 2023)

# ਸੁਆਗਤੀ ਸ਼ਬਦ

ਧੰਨਵਾਦ, ਉਨ੍ਹਾਂ, ਸਭਨਾਂ
ਪਤਵੰਤਿਆਂ, ਸੱਜਣਾਂ, ਸੱਜਣੀਆਂ, ਦਾ
ਜਿਨ੍ਹਾਂ ਨੇ, ਪੰਜਾਬ ਨੂੰ, ਕੈਲੀਫੋਰਨੀਆ
ਬਨਾਉਣ ਦਾ, ਨਾਹਰਾ ਲਗਾ ਕੇ
ਹੱਸਦੇ-ਵੱਸਦੇ, ਧਰਤੀ ਦੇ
ਇਸ ਹਿੱਸੇ ਨੂੰ, ਅਫਗਾਨਿਸਤਾਨ
ਬਣਾ ਦਿੱਤਾ, ਧਰਮੀ-ਕੱਟੜਵਾਦੀਆਂ ਦਾ
ਜਿੱਥੇ, ਹੁਣ, ਦਿਨ-ਰਾਤ, ਤਾਂਡਵ ਨਾਚ ਹੁੰਦਾ
ਨਸ਼ਿਆਂ ਦੇ ਵਿਉਪਾਰੀਆਂ ਲਈ
ਡੁਬਕੀਆਂ ਲਗਾਉਣ ਵਾਸਤੇ, ਜਿੱਥੇ, ਹੁਣ
ਨਸ਼ਿਆਂ ਦਾ ਛੇਵਾਂ ਦਰਿਆ ਵਗਦਾ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਪਿੰਡਾਂ, ਸ਼ਹਿਰਾਂ, ਬਸਤੀਆਂ, ਵਿੱਚ
ਜਿੱਥੇ, ਹੁਣ, ਗੈਂਗਸਟਰਾਂ ਦੀਆਂ
ਪਿਸਤੌਲਾਂ, ਬੰਦੂਕਾਂ, ਮਸ਼ੀਨ ਗੰਨਾਂ, ਠੂਹ-ਠਾਹ ਕਰਕੇ
ਦਿਨ-ਰਾਤ, ਗੈਂਗਸਟਰ ਗਾਇਕੀ ਦੇ
ਅਖਾੜੇ ਲਗਾਉਂਦੀਆਂ, ਲੋਕਾਂ ਦੇ
ਮਨਾਂ ਵਿੱਚ, ਦਹਿਸ਼ਤ ਦਾ
ਭੈਅ ਜਗਾਂਦੀਆਂ, ਲੋਕਾਂ ਦੇ
ਸਾਹ ਸੁਕਾਂਦੀਆਂ

ਧੰਨਵਾਦ, ਉਨ੍ਹਾਂ, ਸਭਨਾਂ
ਪਤਵੰਤਿਆਂ, ਸੱਜਣਾਂ, ਸੱਜਣੀਆਂ, ਦਾ
ਜਿਨ੍ਹਾਂ ਨੇ, ਬੋਲੀ, ਸਾਹਿਤ, ਸਭਿਆਚਾਰ
ਪ੍ਰਫੁੱਲਤ ਕਰਨ ਦਾ, ਨਾਹਰਾ ਲਗਾ ਕੇ
ਆਪਣੇ ਬੈਂਕ ਅਕਾਊਂਟਾਂ ਦੇ ਖਾਤਿਆਂ 'ਚ
ਵਾਧਾ ਕਰਨ ਦੀ ਦੌੜ 'ਚ ਲੀਨ ਹੋ, ਜੋ
ਝੂਠੇ, ਮਾਨਾਂ-ਸਨਮਾਨਾਂ, ਸਿਰੋਪਿਆਂ, ਐਵਾਰਡਾਂ, ਦੀ
ਪ੍ਰਾਪਤੀ ਖਾਤਰ, ਮਨੁੱਖੀ ਜਾਮਿਆਂ ਤੋਂ
ਭੇਡਾਂ, ਬੱਕਰੀਆਂ, ਸੂਰਾਂ, ਮਗਰਮੱਛਾਂ, ਬਘਿਆੜਾਂ, ਸੱਪਾਂ, 'ਚ ਢਲ ਗਏ
ਜਿਨ੍ਹਾਂ ਦੇ, ਮੂੰਹਾਂ 'ਚੋਂ ਵਗਦੀਆਂ ਰਾਲਾਂ
ਉਨ੍ਹਾਂ ਦੇ, ਦਰਸ਼ਨੀ ਚਿਹਰਿਆਂ 'ਤੇ

ਖਿੱਲਰ, ਭੱਦੇ ਦ੍ਰਿਸ਼
ਬਨਾਉਣ ਲੱਗੀਆਂ

ਧੰਨਵਾਦ, ਉਨ੍ਹਾਂ, ਸਭਨਾਂ
ਪਤਵੰਤਿਆਂ, ਸੱਜਣਾਂ, ਸੱਜਣੀਆਂ, ਦਾ
ਜਿਨ੍ਹਾਂ ਨੇ, ਧਰਮੀ ਸਥਾਨਾਂ ਦੀ
ਮਾਨ-ਮਰਿਆਦਾ ਦਾ, ਨਾਹਰਾ ਲਗਾ ਕੇ
ਬਲਾਤਕਾਰੀ, ਕਾਤਲ, ਠੱਗ, ਸਾਧਾਂ, ਡੇਰਾ ਮੁਖੀਆਂ, ਨਾਲ
ਆਪਣੀਆਂ, ਯਾਰੀਆਂ ਪੁਗਾਉਣ ਖਾਤਿਰ
ਮਾਨ-ਮਰਿਆਦਾ ਦਾ ਘਾਣ ਕਰ ਦਿੱਤਾ
ਧਰਮੀ ਸਥਾਨਾਂ ਦੀਆਂ ਕਦਰਾਂ-ਕੀਮਤਾਂ ਨੂੰ
ਲਹੂ-ਲੁਹਾਨ ਕਰ ਦਿੱਤਾ
ਧਰਮੀ ਮੱਠਾਂ ਦੇ ਪਵਿੱਤਰ ਹੁਕਮਨਾਮਿਆਂ ਨੂੰ
ਆਪਣੀਆਂ, ਚੌਧਰਾਂ ਦੀ ਹੈਂਕੜ ਖਾਤਿਰ
ਲੋਕ-ਮਸ਼ਕਰੀਆਂ, ਹਾਸੇ-ਠੱਠੇ, ਭੰਡਾਂ, ਦਾ
ਪੈਗ਼ਾਮ ਬਣਾ ਕੇ ਰੱਖ ਦਿੱਤਾ

ਧੰਨਵਾਦ, ਉਨ੍ਹਾਂ, ਸਭਨਾਂ
ਪਤਵੰਤਿਆਂ, ਸੱਜਣਾਂ, ਸੱਜਣੀਆਂ, ਦਾ
ਜਿਨ੍ਹਾਂ ਨੇ, ਦੇਸ਼ ਲਈ
ਪਿਆਰ ਹੋਣ ਦਾ, ਨਾਹਰਾ ਲਗਾ ਕੇ
ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਈਸਾਈਆਂ, ਬੋਧੀਆਂ, ਜੈਨੀਆਂ
ਦਰਮਿਆਨ, ਆਪਸੀ, ਨਫ਼ਰਤ ਪੈਦਾ ਕਰਨ ਦੇ
ਬੀਜ ਬੀਜਣ ਦਾ ਧੰਦਾ ਆਰੰਭ ਦਿੱਤਾ
ਜਿਨ੍ਹਾਂ ਨੇ, ਦੇਸ ਵਾਸੀਆਂ ਦੇ
ਦੁੱਧ, ਦਹੀਂ, ਮੱਖਣ, ਖਾਣ-ਪੀਣ ਦੇ ਸ਼ੌਂਕ ਨੂੰ
ਗਾਵਾਂ, ਮੱਝਾਂ, ਭੇਡਾਂ, ਬੱਕਰੀਆਂ, ਸੂਰਾਂ, ਗਧਿਆਂ, ਦੇ
ਮਲ-ਮੂਤਰ ਪੀਣ ਦੇ ਸ਼ੌਂਕ ਵਿੱਚ ਬਦਲ ਦਿੱਤਾ
ਜਿਨ੍ਹਾਂ ਨੇ, ਮਹਿਜ਼, ਆਪਣੀ ਸੱਤਾ ਦੀ ਭੁੱਖ ਖਾਤਿਰ
ਵਿਧਾਨ ਸਭਾਵਾਂ ਨੂੰ, ਕਾਤਲਾਂ, ਬਲਾਤਕਾਰੀਆਂ, ਸਮੱਗਲਰਾਂ, ਗੈਂਗਸਟਰਾਂ, ਦੇ
ਘਰੌਂਦੇ, ਟਿਕਾਣੇ, ਐਸ਼-ਪ੍ਰਸਤੀ ਦੇ ਅੱਡੇ, ਬਣਾ ਦਿੱਤਾ
ਜਿਨ੍ਹਾਂ ਨੇ, ਆਪਣੀਆਂ, ਰੋਟੀਆਂ ਸੇਕਣ ਖਾਤਿਰ
ਕਾਰ ਦੁਰਘਟਨਾਵਾਂ 'ਚ ਮਾਰੇ ਗਏ ਲੋਕਾਂ ਨੂੰ
'ਕੌਮੀ ਸ਼ਹੀਦ', ਨਾਇਕ, ਬਣਾ ਦਿੱਤਾ

ਧੰਨਵਾਦ, ਉਨ੍ਹਾਂ, ਸਭਨਾਂ
ਪਤਵੰਤਿਆਂ, ਸੱਜਣਾਂ, ਸੱਜਣੀਆਂ, ਦਾ
ਜਿਨ੍ਹਾਂ ਨੇ, ਰਾਜ-ਸੱਤਾ ਦੀ
ਨੈਤਿਕਤਾ ਦਾ, ਨਾਹਰਾ ਲਗਾ ਕੇ
ਜ਼ਿੰਦਗੀ ਦੇ ਹਰ ਖੇਤਰ ਵਿੱਚ ਹੀ
ਘਪਲੇਬਾਜ਼ੀ ਕਰਨ ਦੀ ਦੌੜ ਆਰੰਭ ਦਿੱਤੀ
ਲੋੜਵੰਦਾਂ, ਗਰੀਬਾਂ, ਬਜ਼ੁਰਗਾਂ, ਕਿਸਾਨਾਂ
ਹਰ ਸਖਸ਼, ਦੀ ਬੇਹਤਰੀ ਲਈ
ਧੰਨ ਖਰਚ ਕਰਨ ਦਾ ਕੋਈ ਬਹਾਨਾ ਘੜ
ਨਿੱਤ ਹੀ, ਚੋਰੀ ਕਰਨ ਦੀ, ਕੋਈ ਨਵੀਂ
ਸਾਜ਼ਿਸ਼ ਘੜ ਲਿੱਤੀ, ਜਿਨ੍ਹਾਂ ਨੇ
ਹਰ ਲੁਟੇਰੇ ਨੂੰ, ਸ਼ਾਹੀ ਇੱਜ਼ਤ-ਮਾਨ ਦਿੱਤਾ
ਆਪਣੇ, ਹੱਕ ਮੰਗਣ ਵਾਲਿਆਂ ਲਈ
ਹਰ, ਜੇਹਲ ਦੀ, ਹਰ, ਕਾਲ ਕੋਠੜੀ
ਰਾਖਵੀਂ ਕਰ ਦਿੱਤੀ

ਧੰਨਵਾਦ, ਉਨ੍ਹਾਂ, ਸਭਨਾਂ
ਪਤਵੰਤਿਆਂ, ਸੱਜਣਾਂ, ਸੱਜਣੀਆਂ, ਦਾ
ਜਿਨ੍ਹਾਂ ਨੇ, ਦੇਸ ਨੂੰ ਖੁਸ਼ਹਾਲ
ਸੋਨੇ ਦੀ, ਚਿੜੀ, ਬਨਾਉਣ ਦਾ
ਨਾਹਰਾ ਲਗਾ ਕੇ-
ਸਾਹਹੀਣ, ਮਰੀ ਹੋਈ, ਇੱਕ
ਚਿੜੀ, ਜਨਤਾ ਦੀਆਂ
ਨਜ਼ਰਾਂ ਸਾਹਵੇਂ, ਰਾਜ-ਸਿੰਘਾਸਣ ਉੱਤੇ
ਬਿਠਾ ਦਿੱਤੀ
■

(ਮਾਲਟਨ, ਮਾਰਚ 4, 2023)

# ਹੁੱਲੜਬਾਜ਼

ਹੁੱਲੜਬਾਜ਼ ਹੀ, ਯੁਵਕਾਂ ਦੇ
ਨਾਇਕ ਹਨ–

ਉਹ, ਚੰਬਲ ਘਾਟੀ ਦੇ
ਡਾਕੂਆਂ ਵਾਂਗ, ਆਪਣੀਆਂ
ਸ਼ਕਲਾਂ, ਸੂਰਤਾਂ, ਬਣਾ ਕੇ
ਆਪਣੇ ਆਪ ਨੂੰ, ਇਤਿਹਾਸ ਦੇ
ਬਹੁ–ਚਰਚਿਤ, ਨਾਇਕ ਹੋਣ ਦਾ
ਭਰਮ ਪਾਲਦੇ ਹਨ

ਹੁੱਲੜਬਾਜ਼, ਯੁਵਕਾਂ ਨੂੰ
ਗੁੰਮਰਾਹ ਕਰਨ ਲਈ
ਸਿਰਾਂ ਉੱਤੇ ਧਾਰਮਿਕ ਗਰੰਥ ਰੱਖ
ਕਿਸੇ, ਇਤਿਹਾਸਕ, ਫੌਜੀ ਜਰਨੈਲ ਵਾਂਗ
ਹਥਿਆਰਬੰਦ, ਭਟਕੇ ਹੋਏ, ਜਨੂੰਨੀ
ਯੁਵਕਾਂ ਦੀ ਰਹਿਨੁਮਾਈ
ਕਰਦੇ ਹਨ

ਹੁੱਲੜਬਾਜ਼, ਯੁਵਕਾਂ ਨੂੰ
ਦੱਸਦੇ ਹਨ–
ਬਹਾਦਰ ਹੋਣ ਵਾਸਤੇ
ਉਨ੍ਹਾਂ ਲਈ, ਅਨਪੜ੍ਹ, ਗੰਵਾਰ, ਜਾਹਲ, ਅਗਿਆਨੀ
ਹੋਣਾ ਜਰੂਰੀ ਹੈ

ਸਾਡੇ ਸਮਿਆਂ ਦੀ ਤ੍ਰਾਸਦੀ ਹੈ
ਹੁੱਲੜਬਾਜ਼–
ਰਾਜਨੀਤੀਵਾਨਾਂ, ਧਾਰਮਿਕ ਨੇਤਾਵਾਂ, ਮੀਡੀਆ ਅਦਾਰਿਆਂ, ਦੀ
ਸਰਪ੍ਰਸਤੀ ਹੇਠ ਹੀ ਪਲਦੇ ਹਨ
ਉਨ੍ਹਾਂ ਦੀ ਸਰਪ੍ਰਸਤੀ ਹੇਠ ਹੀ
ਉਹ, ਹੁੱਲੜਬਾਜ਼ੀ ਮਚਾਂਦੇ ਹਨ

ਹੁੱਲੜਬਾਜ਼ਾਂ ਨੂੰ, ਅਜੋਕੇ ਸਮਿਆਂ ਦੇ

ਗੈਂਗਸਟਰ ਵੀ ਕਿਹਾ ਜਾਂਦਾ ਹੈ-
ਗੈਂਗਸਟਰ, ਜੋ, ਅੱਜਕੱਲ੍ਹ
ਸਮਿਆਂ ਦੀਆਂ ਸਰਕਾਰਾਂ
ਪੁਲਿਸ ਵਿਭਾਗਾਂ, ਦਾ ਏਜੰਡਾ
ਤਹਿ ਕਰਦੇ ਹਨ

ਪੁਲਿਸ ਵਿਭਾਗਾਂ ਦੇ, ਵੱਡੇ ਵੱਡੇ ਅਫਸਰ
ਗੈਂਗਸਟਰਾਂ ਦਾ ਪਾਣੀ ਭਰਦੇ ਹਨ-
ਪੁਲਿਸ ਵਿਭਾਗ ਦੇ, ਉੱਚ ਅਫਸਰ
ਗੈਂਗਸਟਰਾਂ ਦੀਆਂ ਗਰਲਫਰੈਂਡਾਂ ਨੂੰ
ਉਨ੍ਹਾਂ ਦੇ, ਬੁਆਏਫਰੈਂਡਾਂ ਨਾਲ ਮਿਲਾਉਣ ਦੇ
ਪੰਜ ਸਿਤਾਰਾ, ਹੋਟਲਾਂ ਵਿੱਚ
ਉਚੇਚੇ, ਪ੍ਰਬੰਧ ਕਰਦੇ ਹਨ

ਹੁੱਲੜਬਾਜ਼ ਹੀ-
ਸਾਡੇ ਸਮਿਆਂ ਵਿੱਚ
ਯੁਵਕਾਂ ਦੇ, ਨਾਇਕ ਹਨ

ਹੁੱਲੜਬਾਜ਼ ਹੀ-
ਸਾਡੇ ਸਮਿਆਂ ਵਿੱਚ
ਯੁਵਕਾਂ ਦੇ, ਰਹਿਨੁਮਾ ਹਨ

ਹੁੱਲੜਬਾਜ਼, ਸਮੇਂ ਦੀਆਂ ਸਰਕਾਰਾਂ ਨੂੰ
ਖੁੱਲ੍ਹੇਆਮ, ਚੁਣੌਤੀਆਂ ਦਿੰਦੇ ਹਨ-
ਜੇਕਰ, ਕਿਸੀ ਵਿੱਚ, ਦੰਮ ਹੈ
ਤਾਂ, ਸਾਨੂੰ, ਹੱਥ ਲਗਾਕੇ ਦਿਖਾਓ

ਹੁੱਲੜਬਾਜ਼, ਆਪਣੇ ਆਪ ਨੂੰ
ਕਿਸੀ ਹੋਰ ਗ੍ਰਹਿ ਤੋਂ ਆਏ ਹੋਏ
ਅਵਤਾਰ ਸਮਝਦੇ ਹਨ-

ਕੁਝ ਲੋਕ, ਉਨ੍ਹਾਂ ਲਈ
ਯੂ.ਐਫ.ਓ. ਸ਼ਬਦ ਵੀ
ਵਰਤਦੇ ਹਨ
■

(ਮਾਲਟਨ, ਮਾਰਚ 8, 2023)

# ਸਾਡੇ ਸਮਿਆਂ ਦੇ ਰੁਝਾਨ

ਧਰਮ, ਰਾਜਨੀਤੀ, ਸਮਾਜ, ਸਾਹਿਤ
ਚਾਹੇ, ਕੋਈ ਵੀ ਖੇਤਰ ਹੋਵੇ-
ਇੱਕ ਬਾਂਦਰ ਲਿਆਕੇ
ਮੰਚ ਉੱਤੇ ਬਿਠਾਓ

ਫਿਰ, ਹੌਲੀ, ਹੌਲੀ
ਉਸ ਰਾਹੀਂ, ਜੋ, ਵੀ, ਤੁਹਾਡੇ
ਮਨ 'ਚ ਆਵੇ, ਸਾਜ਼ਿਸ਼ੀ
ਲੀਲਾ ਰਚਾਓ-

ਧਰਮੀ ਨਾਹਰਿਆਂ ਦੀ ਆੜ ਲੈ ਕੇ
ਫਿਰ, ਚਾਹੇ, ਪਿੰਡ, ਪਿੰਡ, ਸ਼ਹਿਰ, ਸ਼ਹਿਰ, ਦੇਸ਼, ਦੇਸ਼, 'ਚ
ਧਰਮੀ ਨਫ਼ਰਤ ਫੈਲਾਓ

ਰਾਜਨੀਤੀਵਾਨਾਂ ਵਾਲੀਆਂ ਮਨ ਭਰਮਾਊ ਗੱਲਾਂ ਕਰਕੇ
ਫਿਰ, ਚਾਹੇ, ਜਲਸਿਆਂ, ਜਲੂਸਾਂ, ਮੇਲਿਆਂ, 'ਚ
ਬਲਾਤਕਾਰੀਆਂ ਨੂੰ ਸਮਾਜ ਸੇਵਕ ਦਿਖਾਓ

ਸਮਾਜ ਦੇ ਰਹਿਨੁਮਾਵਾਂ ਵਾਲੇ ਵਸਤਰ ਪਹਿਣ ਕੇ
ਫਿਰ, ਚਾਹੇ, ਗਲੀਆਂ, ਬਾਜ਼ਾਰਾਂ, ਚੌਰਸਤਿਆਂ, 'ਚ
ਠੱਗ ਸੰਤ ਬਾਬਿਆਂ ਨੂੰ ਕਰਾਮਤੀ ਕਹਾਓ

ਸਾਹਿਤਕਾਰ ਹੋਣ ਦਾ ਮੁਖੌਟਾ ਪਾ ਕੇ
ਫਿਰ, ਚਾਹੇ, ਸਾਹਿਤ ਸਭਾਵਾਂ, ਸਾਹਿਤ ਅਕੈਡਮੀਆਂ, ਕਾਨਫਰੰਸਾਂ, 'ਚ
ਗੈਂਗਸਟਰ ਗਾਇਕਾਂ ਨੂੰ ਲੋਕ-ਨਾਇਕ ਬਣਾਓ

ਸਾਡੇ ਸਮਿਆਂ ਦੇ
ਮਹਾਂ-ਚਾਲਬਾਜ਼, ਮਦਾਰੀਆਂ ਨੇ
ਆਪਣੇ, ਆਪਣੇ, ਚਿੜੀਆ ਘਰਾਂ 'ਚ
ਅਜਿਹੇ, ਨੌਟੰਕੀਬਾਜ਼, ਸਾਜ਼ਿਸ਼ੀ, ਮੌਕਾਪ੍ਰਸਤ
ਬੇਸ਼ੁਮਾਰ, ਬਾਂਦਰ ਪਾਲ ਰੱਖੇ ਹਨ-
ਜੋ, ਮਦਾਰੀਆਂ ਦੇ

ਹੱਥਾਂ 'ਚ ਫੜੀ, ਡੁਗਡੁਗੀ ਦੀ
ਤਾਲ ਦੇ ਇਸ਼ਾਰਿਆਂ ਨੂੰ ਸਮਝ
ਧਾਰਮਿਕ, ਰਾਜਨੀਤਕ, ਸਮਾਜਿਕ, ਸਾਹਿਤਕ
ਕਿਸੀ ਵੀ, ਧੁੰਨ ਉੱਤੇ
ਸਜ਼ਿਸ਼ੀ, ਤਾਂਡਵ ਨਾਚ
ਕਰ ਸਕਦੇ ਹਨ, ਆਪਣੇ
ਅੰਧ-ਭਗਤਾਂ ਨੂੰ, ਸ਼ਹਿਰ ਦੀ
ਇੱਟ ਨਾਲ ਇੱਟ ਖੜਕਾਅ
ਸਭ ਕੁਝ, ਤਹਿਸ-ਨਹਿਸ
ਕਰਨ ਲਈ, ਉਕਸਾਅ
ਸਕਦੇ ਹਨ
■

(ਮਾਲਟਨ, ਫਰਵਰੀ 23, 2023)

# ਪੰਜਾਬੀ ਮਾਨਸਿਕਤਾ

ਪੰਜਾਬ, ਸਾਰਾ, ਜਿਉਂਦਾ
ਹੁਣ, ਗੈਂਗਸਟਰ ਗਾਇਕਾਂ
ਦੇ ਨਾਮ 'ਤੇ-

ਉਨ੍ਹਾਂ ਦੇ, ਸੰਗੀਤਕ ਸਾਜ਼
ਬਾਰਾਂ ਬੋਰ ਦੇ, ਹਥਿਆਰਾਂ ਵਾਂਗ
ਧਮਕ  ਪਾਉਂਦੇ

ਉਨ੍ਹਾਂ ਦੇ, ਗੀਤਾਂ ਦੇ ਬੋਲ
ਭਰੇ ਇਕੱਠਾਂ 'ਚ, ਲਲਕਾਰੇ ਮਾਰਦੇ ਹੋਏ
ਗੁੰਡਾ-ਗ੍ਰੋਹਾਂ ਵਾਲੀ, ਆਪਣੀ
ਖੂੰਖਾਰ, ਪਹਿਚਾਣ ਬਣਾਉਂਦੇ

ਉਨ੍ਹਾਂ ਦੇ, ਮੰਡੀ-ਨੁਮਾ, ਸ਼ਬਦ
ਥਾਂ, ਥਾਂ, ਸੰਘ-ਪਾੜ੍ਹਵੀਆਂ, ਆਵਾਜ਼ਾਂ 'ਚ
ਸਾਨ੍ਹਾਂ ਵਾਂਗ, ਖੌਰੂ ਪਾਉਂਦੇ :
'ਡਾਲਰਾਂ ਦੇ, ਅਸੀਂ, ਧੀਆਂ-ਪੁੱਤਰ
ਡਾਲਰਾਂ ਵਾਂਗੂੰ, ਮੰਡੀ 'ਚ
ਸਾਡਾ ਨਾਂ ਵਿਕਦਾ'

ਪੰਜਾਬੀ, ਸਭਿਆਚਾਰਕ ਮੇਲਿਆਂ ਦੇ ਪ੍ਰਬੰਧਕ
ਡਾਲਰਾਂ ਦੀ ਧੂੜ ਨਾਲ ਅੰਨ੍ਹੇ ਹੋਏ
ਗੈਂਗਸਟਰ ਗਾਇਕਾਂ ਦੇ ਗੀਤਾਂ ਦੀਆਂ
ਬਦਸੂਰਤ ਧੁੰਨਾਂ ਉੱਤੇ, ਨਵੀਂ ਪੌਦ ਦੇ
ਦਿਮਾਗ਼ਾਂ 'ਚ, ਗੈਂਗਸਟਰ ਸਭਿਆਚਾਰ ਦੇ
ਬੀਜ ਬੀਜਦੇ

ਪੰਜਾਬੀ, ਵਿਰਸੇ ਦੀ ਪ੍ਰਫੁੱਲਤਾ ਦਾ ਸ਼ੋਰ ਪਾਉਣ ਵਾਲੇ ਸੂਰਮੇ
ਇਨ੍ਹਾਂ, ਨਵੇਂ ਬਣੇ, ਸਭਿਆਚਾਰਕ ਨਾਇਕਾਂ ਦੀਆਂ
ਗੈਂਗਸਟਰ-ਨੁਮਾ, ਫੁਕਰਾਪਣਤੀ ਵਾਲੀਆਂ, ਅਦਾਵਾਂ ਨੂੰ
ਪੰਜਾਬੀ ਵਿਰਸਾ ਕਹਿਕੇ, ਸਾਡੇ ਸਮਾਜ ਵਿੱਚ

ਸਭਿਆਚਾਰਕ ਕੈਂਸਰ ਦੀ ਬੀਮਾਰੀ ਦੀਆਂ
ਜੜ੍ਹਾਂ ਲਗਾਂਦੇ

ਚੋਣ-ਮੁਹਿੰਮਾਂ ਆਉਂਦੀਆਂ, ਤਾਂ
ਗੈਂਗਸਟਰ ਗਾਇਕਾਂ ਦੇ ਹਿਮਾਇਤੀ ਕਾਫ਼ਲੇ
ਆਪਣੀ, ਦਹਿਸ਼ਤ ਦੇ, ਪਰਚਮ
ਹਵਾ 'ਚ, ਲਹਿਰਾਉਂਦੇ ਹੋਏ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, 'ਚ
ਭੂਸਰੇ ਹੋਏ, ਸਾਨ੍ਹਾਂ ਵਾਂਗ
ਦਨਦਨਾਂਦੇ ਫਿਰਦੇ
ਆਪਣੇ, ਸਾਜ਼ਿਸ਼ੀ ਇਰਾਦਿਆਂ ਨੂੰ
ਬੂਰ ਪਾਉਣ ਦੀ ਲਾਲਸਾ ਹਿਤ
ਰਾਜਨੀਤੀਵਾਨ, ਗੈਂਗਸਟਰ ਗਾਇਕਾਂ ਦੇ
ਅੰਧ-ਭਗਤ, ਹਿਮਾਇਤੀ ਟੋਲਿਆਂ ਨੂੰ
ਆਪਣੇ, ਧੂਤਰੂ ਬਣਾ
ਇਨ੍ਹਾਂ ਦੇ, ਮੋਢਿਆਂ ਉੱਤੇ ਬੈਠ
ਆਪਣੀਆਂ, ਰਾਜਨੀਤਕ ਇਛਾਵਾਂ ਨੂੰ
ਪਤੰਗਾਂ ਵਾਂਗ, ਰਾਜਨੀਤਕ ਹਵਾਵਾਂ 'ਚ
ਉਡਾਂਦੇ ਫਿਰਦੇ

ਪੰਜਾਬ, ਸਾਰਾ, ਜਿਉਂਦਾ
ਹੁਣ, ਗੈਂਗਸਟਰ ਗਾਇਕਾਂ
ਦੇ ਨਾਮ 'ਤੇ-

ਪੰਜਾਬ, ਸਾਰਾ, ਹੁਣ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਖੇਤਾਂ, ਨੂੰ
ਸ਼ਮਸ਼ਾਨ-ਭੂਮੀਆਂ ਬਣਾਉਂਦਾ ਰਹਿ ਗਿਆ
ਗੈਂਗਸਟਰ ਗਾਇਕਾਂ
ਦੇ ਨਾਮ 'ਤੇ
■

(ਮਾਲਟਨ, ਮਈ 15, 2023)

# ਸਾਹਿਤਕ ਖਲਨਾਇਕ

ਅਸੀਂ, ਸਾਹਿਤਕ ਖਲਨਾਇਕ ਹਾਂ-
ਸਾਹਿਤ ਅਕੈਡਮੀਆਂ, ਕਲਾ ਪਰੀਸ਼ਦਾਂ, ਕੇਂਦਰੀ ਸਭਾਵਾਂ, ਦੇ
ਬਨ੍ਹੇਰਿਆਂ ਉੱਤੇ, ਸਾਡੇ ਹੀ
ਪਰਚਮ ਝੂਲਦੇ ਹਨ

ਇਨਾਮਾਂ, ਸਨਮਾਨਾਂ, ਸਿਰੋਪਿਆਂ, ਦੇ ਲਾਲਚੀ
ਸਾਨੂੰ ਹੀ, ਸਲਾਮਾਂ ਕਰਨ ਲਈ
ਸਾਡੇ ਹੀ, ਵਿਹੜਿਆਂ 'ਚ ਆ, ਨਿੱਤ
ਡੰਡੋਤ-ਬੰਦਨਾ ਕਰਦੇ ਹਨ

ਕਾਲਿਜਾਂ, ਵਿਸ਼ਵ-ਵਿਦਿਆਲਿਆਂ, ਸਾਹਿਤਕ ਅਦਾਰਿਆਂ, ਦੇ
ਖੋਜ-ਵਿਭਾਗ, ਸਾਡੀ ਹੀ ਮਹਿਮਾ ਦਾ
ਅਖੌਤੀ, ਸਾਹਿਤਕ, ਇਤਿਹਾਸ ਲਿਖਦੇ ਹਨ

ਪੁਸਤਕਾਂ, ਮੈਗਜ਼ੀਨਾਂ, ਅਖਬਾਰਾਂ, ਦੇ ਸੰਪਾਦਕ
ਸਾਡੀ, ਸਰਪ੍ਰਸਤੀ ਬਿਨ੍ਹਾਂ, ਕਦੀ
ਇੱਕ ਵੀ, ਸ਼ਬਦ ਨਹੀਂ ਝਰੀਟਦੇ

ਅਸੀਂ, ਸਾਹਿਤਕ ਖਲਨਾਇਕ ਹਾਂ-
ਦੇਸ-ਬਦੇਸ 'ਚ, ਵਿਸ਼ਵ-ਸੰਮੇਲਨਾਂ ਦਾ
ਸਾਜ਼ਿਸ਼ੀ, ਤਾਣਾ-ਬਾਣਾ
ਸਾਡੇ ਹੀ, ਇਸ਼ਾਰਿਆਂ ਉੱਤੇ
ਸਾਡੇ ਹੀ, ਚੇਲੇ-ਚੇਲੀਆਂ
ਬੁਣਦੇ ਹਨ

ਵਿਸ਼ਵ-ਵਿਦਿਆਲਿਆਂ ਦੇ, ਸਾਹਿਤਕ
ਵਿਭਾਗਾਂ 'ਚ, ਖੋਜ ਕਰ ਰਹੇ
ਕਿਸ, ਕਿਸ, ਖੋਜਾਰਥੀ ਦੇ ਨਾਮ ਨਾਲ
ਡਾਕਟਰ ਹੋਣ ਦਾ ਰੁਤਬਾ ਜੁੜੇਗਾ
ਸਾਡੇ, ਹਸਤਾਖ਼ਰ ਹੀ
ਫੈਸਲਾ ਕਰਦੇ ਹਨ
ਅਸੀਂ, ਸਾਹਿਤਕ ਖਲਨਾਇਕ ਹਾਂ-

ਕਿਸ ਲੇਖਕ, ਕਿਸ ਪੁਸਤਕ, ਨੂੰ
ਅਸੀਂ, ਵਿਸ਼ਵ-ਪੱਧਰ ਦੀ ਹੋਣ ਦਾ
ਮਾਣ ਬਖਸ਼ਣਾ ਹੈ, ਕਿਸ ਨੂੰ
ਮਹਾਂ-ਨਿਖਿੱਧ ਕਹਿਕੇ, ਰੱਦ ਕਰਨਾ ਹੈ
ਇਸ ਨਿਆਂ ਦੀ ਤੱਕੜੀ
ਸਾਡੇ ਹੀ, ਹੱਥਾਂ 'ਚ ਕੈਦ ਹੈ

ਅਸੀਂ, ਸਾਹਿਤਕ ਖਲਨਾਇਕ ਹਾਂ-
ਗੈਂਗਸਟਰ ਗਾਇਕਾਂ ਨੂੰ, ਨਾਇਕ ਹੋਣ ਦੇ
ਖਿਤਾਬ ਵੀ, ਅਸੀਂ ਹੀ, ਵੰਡਦੇ ਹਾਂ
ਭ੍ਰਿਸ਼ਟਾਚਾਰ ਦੀਆਂ, ਡੂੰਘੀਆਂ ਖਾਹੀਆਂ 'ਚ ਧੱਕ
ਸਾਹਿਤਕ ਸਰਗਰਮੀਆਂ ਨੂੰ ਵੀ, ਅਸੀਂ ਹੀ
ਗਿਰਗਿਟ ਦੇ, ਰੰਗਾਂ 'ਚ ਰੰਗਦੇ ਹਾਂ
■

(ਮਾਲਟਨ, ਮਈ 11, 2023)

# ਗੈਂਗਸਟਰ ਗਾਇਕਾਂ ਦੇ ਹਿਮਾਇਤੀ

ਅਸੀਂ, ਪੰਜਾਬੀ
ਗੈਂਗਸਟਰ ਗਾਇਕਾਂ ਨਾਲ ਅੰਤਾਂ ਦਾ ਮੋਹ ਕਰਦੇ ਹਾਂ

ਸਾਨੂੰ, ਗੈਂਗਸਟਰ ਪੰਜਾਬੀ ਗਾਇਕ
ਗਲੀਆਂ, ਸੜਕਾਂ, ਬਾਜ਼ਾਰਾਂ, ਚੌਰਸਤਿਆਂ, 'ਚ
ਏਕੇ-47 ਮਸ਼ੀਨ ਗੰਨਾਂ ਨਾਲ, ਰਾਤ-ਬਰਾਤੇ
ਠੂਹ-ਠਾਹ ਕਰਦੇ ਚੰਗੇ ਲੱਗਦੇ ਹਨ

ਸਾਨੂੰ, ਸਾਡੇ ਬੱਚੇ
ਗੈਂਗਸਟਰ ਪੰਜਾਬੀ ਗਾਇਕਾਂ ਦੇ, ਅਜਿਹੇ
ਗੀਤਾਂ ਦੀਆਂ ਧੁੰਨਾਂ ਉੱਤੇ ਨਾਚ ਕਰਦੇ
ਚੰਗੇ ਲੱਗਦੇ ਹਨ :
'ਅਸੀਂ, ਡਾਕੂਆਂ ਦੇ ਪੁੱਤਰ ਹਾਂ
ਸਾਡਾ, ਡਾਲਰਾਂ ਵਾਂਗੂੰ
ਨਾਂ ਵਿਕਦਾ'

ਅਸੀਂ, ਪੰਜਾਬੀ
ਗੈਂਗਸਟਰ ਗਾਇਕਾਂ ਨਾਲ ਅੰਤਾਂ ਦਾ ਮੋਹ ਕਰਦੇ ਹਾਂ

ਸਾਨੂੰ, ਹੁਣ
ਬਾਬਾ ਨਾਨਕ ਵੱਲੋਂ ਸਿਖਾਈ ਗਈ
ਸੰਵਾਦ ਪਰੰਪਰਾ ਬਿਲਕੁਲ ਹੀ ਪਸੰਦ ਨਹੀਂ
ਸਾਡੇ, ਬੱਚੇ, ਹੁਣ
ਫੇਸਬੁੱਕ, ਇੰਸਟਾਗ੍ਰਾਮ, ਮੈਸੰਜਰ, ਸੋਸ਼ਲ ਮੀਡੀਆ, ਰਾਹੀਂ
ਇੱਕ ਦੂਜੇ ਨਾਲ, ਲੁੱਚੀਆਂ ਗਾਹਲਾਂ, ਵਾਹਿਯਾਤ ਸ਼ਬਦਾਂ, ਦੀ
ਵਰਤੋਂ ਕਰਕੇ, ਗੈਂਗਸਟਰਾਂ ਵਾਂਗ, ਵਾਰਤਾਲਾਪ ਕਰਦੇ ਹਨ
ਤਾਂ, ਅਸੀਂ, ਗੈਂਗਸਟਰ ਪੰਜਾਬੀ ਗਾਇਕਾਂ ਦੀ
ਸਭਿਆਚਾਰਕ ਦੇਣ ਨੂੰ, ਲੱਖ ਲੱਖ ਵਾਰ
ਸਲਾਮ ਕਰਦੇ ਹਾਂ

ਅਸੀਂ, ਪੰਜਾਬੀ
ਗੈਂਗਸਟਰ ਗਾਇਕਾਂ ਨਾਲ ਅੰਤਾਂ ਦਾ ਮੋਹ ਕਰਦੇ ਹਾਂ

ਸਾਨੂੰ, ਆਪਣੇ
ਬੱਚਿਆਂ ਅੰਦਰ ਵੀ ਗੈਂਗਸਟਰਾਂ ਵਾਲੀ
ਪਰੰਪਰਾ ਦੇ ਬੀਜ ਬੀਜਣ ਦਾ, ਹਰ ਪਲ ਹੀ
ਫਿਕਰ ਰਹਿੰਦਾ ਹੈ, ਕਿਉਂਜੁ
ਅਸੀਂ, ਵਰ੍ਹੇ-ਛਿਮਾਹੀ, ਕਦੀ
ਆਪਣੇ, ਇਲਾਕਿਆਂ ਵਿੱਚ, ਆਪਣੇ
ਨੁਮਾਇੰਦਿਆਂ ਦੀ ਚੋਣ ਕਰਨ ਵਾਲੇ ਦਿਨ ਵੀ, ਬਸ
ਇਹੀ ਨਾਹਰਾ ਬੁਲੰਦ ਕਰਦੇ ਹਾਂ :
'ਗੈਂਗਸਟਰ ਪੰਜਾਬੀ ਗਾਇਕ
ਤੇਰੀ ਸੋਚ 'ਤੇ, ਅਸੀਂ
ਪਹਿਰਾ ਦਿਆਂਗੇ, ਠੋਕ ਕੇ'

ਅਸੀਂ, ਪੰਜਾਬੀ
ਗੈਂਗਸਟਰ ਗਾਇਕਾਂ ਨਾਲ ਅੰਤਾਂ ਦਾ ਮੋਹ ਕਰਦੇ ਹਾਂ

ਅਸੀਂ, ਪੰਜਾਬੀ
ਗੈਂਗਸਟਰ ਗਾਇਕਾਂ ਨੂੰ, ਪੰਜਾਬੀ ਗਾਇਕੀ
ਲੋਕ-ਮਸਲਿਆਂ ਦੀ ਗਾਇਕੀ ਬਨਾਉਣ ਦੀ ਥਾਂ
ਠੂਹ-ਠਾਹ ਵਾਲੀ ਗਾਇਕੀ ਬਨਾਉਣ ਸਦਕਾ ਹੀ
ਮੰਦ-ਬੁੱਧੀ ਅਗਿਆਨੀਆਂ, ਅੰਧ-ਭਗਤਾਂ, ਵਾਂਗ
ਸਿਜਦਾ ਕਰਦੇ ਹਾਂ
■

(ਮਾਲਟਨ, ਮਈ 10, 2023)

# ਗੋਲਕ ਚੋਰਾਂ ਦੇ ਕਿੱਸੇ

ਰਾਜੇ ਨੇ, ਸ਼ਹਿਰ 'ਚ
ਮੁਨਾਦੀ ਕਰਵਾਈ :

'ਸ਼ਹਿਰ ਦੇ, ਸਭ
ਧਾਰਮਿਕ ਸਥਾਨਾਂ 'ਚੋਂ
ਗੋਲਕਾਂ ਚੁੱਕ ਲਈਆਂ ਜਾਣ
ਸ਼ਰਧਾਲੂ, ਕੇਵਲ, ਗੁਲਾਬ ਦਾ
ਇੱਕ, ਫੁੱਲ, ਹੀ, ਆਪਣੇ
ਇਸ਼ਟ ਸਾਹਵੇਂ, ਅਰਪਣ ਕਰਨਗੇ

ਰਾਜੇ ਦੇ ਇਹ ਸ਼ਬਦ
ਸ਼ਹਿਰ ਵਿੱਚ, ਜੰਗਲ ਦੀ
ਅੱਗ ਵਾਂਗੂੰ, ਫੈਲ ਗਏ

ਸ਼ਹਿਰ ਦੇ, ਸਭ
ਧਾਰਮਿਕ ਮੱਠਾਂ ਦੇ, ਪੁਜਾਰੀ
ਸੜਕਾਂ ਉੱਤੇ ਆ, ਜ਼ੋਰ ਜ਼ੋਰ ਨਾਲ
ਆਪਣੀਆਂ, ਛਾਤੀਆਂ ਪਿੱਟਦੇ ਹੋਏ
ਨਾਹਰੇ ਬੁਲੰਦ ਕਰਨ ਲੱਗੇ:
ਸ਼ਹਿਰ ਦਾ ਰਾਜਾ, ਮੁਰਦਾਬਾਦ !
ਸ਼ਹਿਰ ਦਾ ਰਾਜਾ, ਮੁਰਦਾਬਾਦ !!
ਸ਼ਹਿਰ ਦਾ ਰਾਜਾ, ਮੁਰਦਾਬਾਦ !!!

ਫਿਰ, ਆਪਣਾ, ਪੈਂਤੜਾ
ਬਦਲਣ ਵਾਂਗ–
ਪੁਜਾਰੀ, ਆਪਣੀਆਂ, ਗਿੱਠ ਗਿੱਠ, ਲੰਬੀਆਂ
ਦਾਹੜੀਆਂ ਨੂੰ, ਕੁੱਤਿਆਂ ਦੀਆਂ
ਪੂਛਾਂ ਵਾਂਗ, ਆਪਣੇ ਹੱਥਾਂ ਨਾਲ
ਪਲੋਸਦੇ ਹੋਏ, ਕੁਝ ਹੋਰ ਜ਼ਿਆਦਾ
ਰੋਹ ਵਿੱਚ ਆ, ਭਾਸ਼ਨ ਦੀ ਮੁਦਰਾ
ਬਣਾ, ਬੋਲਣ ਲੱਗੇ :

ਰੱਬ ਦੇ ਘਰਾਂ ਵਿੱਚ ਪਈਆਂ
ਗੋਲਕਾਂ ਚੁੱਕਣ ਦਾ ਹੁਕਮ ਦੇਣ ਤੋਂ ਪਹਿਲਾਂ
ਰਾਜੇ ਨੇ, ਇਹ ਕਿਉਂ ਨਹੀਂ ਸੋਚਿਆ–
ਮਰਨਾ ਤਾਂ ਹਰ ਕਿਸੀ ਨੇ ਹੀ ਹੈ
ਮਰਕੇ, ਰੱਬ ਦੀ ਅਦਾਲਤ ਵਿੱਚ
ਰਾਜਾ, ਕਿਸ ਮੂੰਹ ਨਾਲ ਕਹੇਗਾ :
ਉਸਨੇ, ਰੱਬ ਦੇ ਘਰਾਂ ਵਿੱਚ ਪਈਆਂ
ਗੋਲਕਾਂ ਚੁੱਕ ਕੇ, ਰੱਬ ਦੇ ਏਜੰਟਾਂ ਨੂੰ
ਭੁੱਖੇ ਮਾਰਨ ਦਾ ਫੈਸਲਾ ਕਿਉਂ ਲਿਆ

ਫਿਰ, ਪੁਜਾਰੀ, ਕੁਝ
ਸ਼ਾਂਤ ਹੋ, ਆਪਣੇ, ਗੁੱਸੇ ਦੀ ਸਫਾਈ ਦੇਣ ਲੱਗੇ–
ਅਸੀਂ, ਰੱਬ ਦੇ ਘਰ ਦੇ ਏਜੰਟ
ਜੇਕਰ, ਗੋਲਕਾਂ ਤੋਂ ਵਾਂਝੇ ਹੋ ਗਏ
ਫਿਰ, ਅਸੀਂ ਵੀ, ਡਰੱਗ ਗੈਂਗਸਟਰਾਂ ਵਾਂਗ
ਆਪਣੇ ਗੁਜ਼ਾਰੇ ਲਈ, ਧਾਰਮਿਕ ਸਥਾਨਾਂ ਵਿੱਚ
ਅਫੀਮ, ਚਰਸ, ਹੀਰੋਇਣ, ਸਮੈਕ, ਹੀ
ਤਾਂ, ਵੇਚਾਂਗੇ–

ਫੈਸਲਾ, ਹੁਣ
ਰਾਜੇ ਦੇ ਹੱਥ ਵਿੱਚ ਹੀ ਹੈ–
ਉਹ, ਸਾਨੂੰ, ਰੱਬ ਦੇ ਏਜੰਟ
ਬਣ ਕੇ ਰਹਿਣ ਦੇਣਾ ਚਾਹੁੰਦਾ ਹੈ
ਜਾਂ ਕਿ ਡਰੱਗ ਗੈਂਗਸਟਰ
■
(ਮਾਲਟਨ, ਜਨਵਰੀ 7, 2023)

# ਧਰਮੀ ਬੇਅਦਬੀਆਂ ਦੀ ਰੁੱਤ

ਧਰਤੀ ਉੱਤੇ, ਇੱਕ
ਅਜਿਹਾ, ਦੇਸ਼ ਵੀ ਵੱਸਦਾ ਹੈ–
ਜਿੱਥੇ, ਚੋਣਾਂ ਦੀ ਰੁੱਤ ਆਉਣ ਨਾਲ ਹੀ
ਧਰਮੀ ਬੇਅਦਬੀਆਂ ਦੀ ਰੁੱਤ ਦਾ ਵੀ
ਆਗਮਨ ਹੋ ਜਾਂਦਾ ਹੈ

ਫਿਰ–
ਕਦੀ, ਕਿਸੀ
ਧਰਮੀ ਅਸਥਾਨ 'ਚ
ਧਰਮੀ ਪੁਸਤਕਾਂ ਦੇ ਵਰਕੇ
ਲੀਰੋ ਲੀਰ ਕਰ
ਕੂੜੇ ਦੇ ਢੇਰ ਉੱਤੇ
ਖਿਲਾਰ ਦਿੱਤੇ ਜਾਂਦੇ ਹਨ

ਕਦੀ, ਕਿਸੀ
ਧਰਮੀ ਅਸਥਾਨ 'ਚ
ਸਿਗਰਟਾਂ, ਬੀੜੀਆਂ, ਦੇ ਬੰਡਲ
ਧਰਮੀ ਪੁਸਤਕਾਂ ਦੇ ਸਾਹਮਣੇ
ਸੁੱਟ ਦਿੱਤੇ ਜਾਂਦੇ ਹਨ

ਕਦੀ, ਕਿਸੀ
ਧਰਮੀ ਅਸਥਾਨ 'ਚ
ਗਾਵਾਂ ਦੇ ਸਿਰ ਵੱਢ ਕੇ
ਲਟਕਾ ਦਿੱਤੇ ਜਾਂਦੇ ਹਨ

ਕਦੀ, ਕਿਸੀ
ਧਰਮੀ ਅਸਥਾਨ 'ਚ
ਸੂਰਾਂ ਦੇ ਸਿਰਾਂ ਦਾ
ਢੇਰ ਲਗਾ ਦਿੱਤਾ ਜਾਂਦਾ ਹੈ

ਗੰਦੀ ਰਾਜਨੀਤੀ, ਆਪਣੀ
ਸ਼ਤਰੰਜ ਦੀ ਖੇਡ ਖੇਡਦੀ ਹੈ–

ਮੰਦਬੁੱਧੀ, ਧਰਮੀ-ਅੰਧ-ਭਗਤ
ਭੜਕਾਹਟ 'ਚ ਆ ਕੇ
ਸੜਕਾਂ, ਬਾਜ਼ਾਰਾਂ, ਚੌਰਸਤਿਆਂ 'ਚ
ਹੁੱਲੜਬਾਜ਼ੀ ਦਾ ਮੁਜ਼ਾਹਰਾ ਕਰਦੇ ਹਨ

ਕੁਝ, ਦੁਕਾਨਾਂ, ਘਰ, ਅੱਗ ਨਾਲ
ਫੂਕ ਦਿੱਤੇ ਜਾਂਦੇ ਹਨ
ਕੁਝ, ਸਕੂਲ, ਹਸਪਤਾਲ, ਸ਼ੌਪਿੰਗ ਪਲਾਜ਼ੇ
ਰਾਖ਼ ਦਾ ਢੇਰ ਬਣਾ ਦਿੱਤੇ ਜਾਂਦੇ ਹਨ

ਮਾਵਾਂ, ਧੀਆਂ, ਭੈਣਾਂ, ਪਤਨੀਆਂ, ਦੇ
ਸਮੂਹਿਕ ਬਲਾਤਕਾਰ ਕੀਤੇ ਜਾਂਦੇ ਹਨ
ਜਵਾਨਾਂ, ਬਜ਼ੁਰਗਾਂ, ਦੇ ਗਲਾਂ 'ਚ
ਬਲਦੇ ਟਾਇਰ ਪਾ ਕੇ, ਉਨ੍ਹਾਂ ਦੁਆਲੇ
ਤਾਂਡਵ ਨਾਚ ਕੀਤਾ ਜਾਂਦਾ ਹੈ

ਰਾਜਸਿੰਘਾਸਨ ਉੱਤੇ ਬੈਠੀ
ਚੰਡਾਲ ਚੌਕੜੀ, ਆਪਣੀ
ਚਾਣਕਿਆ ਨੀਤੀ ਦੀ ਕਾਮਿਯਾਬੀ ਦਾ
ਜਸ਼ਨ ਮਨਾਉਂਦੀ ਹੈ

ਅੰਧਭਗਤਾਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਦੀ ਟੋਲੀ
ਆਪਣੀਆਂ, ਬਖਸ਼ਿਸ਼ਾਂ, ਮਾਨਾਂ-ਸਨਮਾਨਾਂ, ਸਿਰੋਪੇ, ਲੈਣ ਖਾਤਿਰ
ਕਤਾਰਾਂ ਬੰਨ੍ਹ, ਬੰਨ੍ਹ, ਡੰਡੋਤ-ਬੰਦਨਾ ਕਰਦੀ ਹੋਈ
ਕਾਤਲਾਂ, ਬਲਾਤਕਾਰੀਆਂ, ਦਮਨਕਾਰੀਆਂ, ਦੇ
ਪੈਰਾਂ 'ਚ ਵਿਛ ਵਿਛ ਜਾਂਦੀ ਹੈ

ਧਰਮੀ ਬੇਅਦਬੀਆਂ ਦੀ ਰੁੱਤ
ਚੋਣਾਂ ਦੀ ਰੁੱਤ ਖਤਮ ਹੁੰਦਿਆਂ ਹੀ
ਆਪਣਾ, ਜਲਵਾ
ਕਿਧਰੇ ਹੋਰ ਦਿਖਾਉਣ ਲਈ
ਧਰਤੀ ਦੇ ਇਸ ਖਿੱਤੇ 'ਚੋਂ
ਚੁੱਪ ਚਾਪ, ਕਿਤੇ ਹੋਰ
ਚਲੀ ਜਾਂਦੀ ਹੈ
■

(ਮਾਲਟਨ, ਅਪ੍ਰੈਲ 25, 2023)

# ਮਾਣ-ਮਰਿਆਦਾ

ਧਰਮੀ-ਸਥਾਨਾਂ ਦੀ, ਮਾਣ-ਮਰਿਆਦਾ ਵੀ
ਇੱਕ, ਅਜੀਬ ਅਤੇ ਦਿਲਚਸਪ ਵਿਸ਼ਾ ਹੈ-
ਪੁਲਿਸ ਦੇ ਸਿਪਾਹੀ, ਜਦੋਂ, ਬੂਟਾਂ ਸਣੇ
ਧਰਮੀ-ਸਥਾਨਾਂ 'ਚ ਦਗੜ ਦਗੜ ਕਰਦੇ ਹੋਣ
ਪੁਲਿਸ ਦੇ ਕੁੱਤੇ, ਜਦੋਂ, ਪ੍ਰਸ਼ਾਦਿ ਦੀਆਂ
ਭਰੀਆਂ ਪਰਾਤਾਂ ਸੁੰਘਦੇ ਫਿਰਦੇ ਹੋਣ
ਉਦੋਂ, ਧਰਮੀ-ਸਥਾਨਾਂ ਦੀ, ਮਾਣ-ਮਰਿਆਦਾ
ਨਹੀਂ ਟੁੱਟਦੀ

ਧਰਮੀ-ਸਥਾਨਾਂ ਦੀ, ਮਾਣ-ਮਰਿਆਦਾ ਵੀ
ਇੱਕ, ਅਜੀਬ ਅਤੇ ਦਿਲਚਸਪ ਵਿਸ਼ਾ ਹੈ-
ਗੋਲਕਾਂ ਦੀ ਲੁੱਟ ਖਾਤਰ, ਜਦੋਂ
ਘੜੰਮ-ਚੌਧਰੀ, ਧਰਮੀ-ਸਥਾਨਾਂ ਅੰਦਰ
ਇੱਕ ਦੂਜੇ ਦੀਆਂ ਦਾਹੜੀਆਂ ਪੁੱਟ ਰਹੇ ਹੋਣ
ਇੱਕ ਦੂਜੇ ਦੀਆਂ ਪੱਗਾਂ ਨੂੰ, ਜਦੋਂ
ਧਰਮੀ ਪਤਵੰਤੇ ਠੁੱਢੇ ਮਾਰ ਰਹੇ ਹੋਣ
ਇੱਕ ਦੂਜੇ ਦੇ ਢਿੱਡਾਂ 'ਚ, ਜਦੋਂ
ਤਲਵਾਰਾਂ ਦੀਆਂ ਨੋਕਾਂ ਖੋਭ ਰਹੇ ਹੋਣ
ਉਦੋਂ, ਧਰਮੀ-ਸਥਾਨਾਂ ਦੀ, ਮਾਣ-ਮਰਿਆਦਾ
ਨਹੀਂ ਟੁੱਟਦੀ

ਧਰਮੀ-ਸਥਾਨਾਂ ਦੀ, ਮਾਣ-ਮਰਿਆਦਾ ਵੀ
ਇੱਕ, ਅਜੀਬ ਅਤੇ ਦਿਲਚਸਪ ਵਿਸ਼ਾ ਹੈ-
ਧਰਮੀ ਕੱਟੜਵਾਦੀ ਦਹਿਸ਼ਤਗਰਦ, ਜਦੋਂ
ਲੰਗਰ ਦੇ ਭਾਂਡਿਆਂ 'ਚ ਹੱਗ-ਮੂਤ ਰਹੇ ਹੋਣ
ਧਰਮੀ ਘੜੰਮ ਚੌਧਰੀ, ਜਦੋਂ
ਡਰੱਗ ਸਮੱਗਲਿੰਗ ਦੇ ਧੰਦੇ 'ਚ ਫੜੇ ਜਾਂਦੇ ਹੋਣ
ਧਰਮੀ ਰਾਜਨੀਤੀਵਾਨ, ਜਦੋਂ
ਬਲਾਤਕਾਰ ਕਰਦੇ ਦੇਖੇ ਜਾਂਦੇ ਹੋਣ
ਉਦੋਂ, ਧਰਮੀ-ਸਥਾਨਾਂ ਦੀ, ਮਾਣ-ਮਰਿਆਦਾ
ਨਹੀਂ ਟੁੱਟਦੀ
ਪਰ, ਜਦੋਂ, ਇੱਕ ਧੀ, ਆਪਣੇ, ਮਾਸੂਮ ਚਿਹਰੇ ਉੱਤੇ

ਰੰਗਾਂ ਨਾਲ, ਦੇਸ਼ ਦਾ ਪਰਚਮ, ਤਿਰੰਗੇ ਦਾ ਨਿਸ਼ਾਨ ਬਣਾ ਕੇ
ਧਰਮੀ-ਸਥਾਨ 'ਚ ਜਾਣ ਦੀ ਖਾਹਿਸ਼ ਜ਼ਾਹਿਰ ਕਰੇ, ਤਾਂ
ਧਰਮੀ-ਸਥਾਨ ਦੀ ਮਾਣ-ਮਰਿਆਦਾ
ਤਹਿਸ-ਨਹਿਸ ਹੋ ਜਾਂਦੀ ਹੈ

ਧਰਮੀ-ਕੱਟੜਵਾਦੀ, ਰਾਜਨੀਤੀਵਾਨ, ਪੱਤਰਕਾਰ, ਬੁੱਧੀਜੀਵੀ
ਹਾਲ-ਦੁਹਾਈ ਪਾ ਕੇ, ਅਸਮਾਨ
ਸਿਰ ਉੱਤੇ ਚੁੱਕ ਲੈਂਦੇ ਹਨ-
ਸਾਡੀ ਆਨ-ਸ਼ਾਨ, ਸਾਡੇ ਪਵਿੱਤਰ
ਧਰਮੀ-ਸਥਾਨ ਦੀ ਬੇਅਦਬੀ ਹੋ ਗਈ ਹੈ
ਅਸੀਂ, ਹੁਣ, ਅਜਿਹੇ, ਕਿਸੀ ਵੀ
ਦੇਸ਼ ਨੂੰ ਆਪਣਾ ਦੇਸ਼ ਹੀ ਨਹੀਂ ਮੰਨਦੇ
ਜਿਸ ਦੇਸ਼ ਵਿੱਚ ਕੋਈ ਬੇਟੀ, ਆਪਣੇ
ਚਿਹਰੇ ਉੱਤੇ, ਰੰਗਾਂ ਨਾਲ, ਦੇਸ਼ ਦੇ ਝੰਡੇ ਦਾ
ਨਿਸ਼ਾਨ ਬਣਾ ਕੇ, ਸਾਡੇ
ਪਵਿੱਤਰ ਧਰਮੀ-ਸਥਾਨ 'ਚ
ਦਾਖਲ ਹੋਣ ਦੀ ਕੋਸ਼ਿਸ਼ ਕਰੇ
ਅਸੀਂ, ਇਹੋ ਜਿਹੇ ਜਿਹੇ ਦੇਸ਼ ਨੂੰ
ਲਾਹਨਤਾਂ ਪਾਂਦੇ ਹਾਂ

ਪਰ, ਇਨ੍ਹਾਂ, ਬੇਸਮਝ, ਕੱਟੜਵਾਦੀ
ਧਰਮੀਆਂ, ਪੱਤਰਕਾਰਾਂ, ਬੁੱਧੀਜੀਵੀਆਂ, ਨੂੰ
ਇਹ ਵੀ ਪੁੱਛਣਾ ਹੀ ਬਣਦਾ ਹੈ-
ਕੀ ਕਿਸੀ ਧਰਮ ਦੀਆਂ, ਮਾਣ-ਮਰਿਆਦਾਵਾਂ
ਏਨੀਆਂ ਹੀ ਕਮਜ਼ੋਰ ਹੁੰਦੀਆਂ ਹਨ
ਉਹ, ਕਿਸੇ ਵਿਅਕਤੀ ਦੇ ਚਿਹਰੇ ਉੱਤੇ
ਰੰਗ-ਰੋਗਣ ਦਾ ਲੇਪ ਕਰਨ ਨਾਲ ਹੀ ਟੁੱਟ ਜਾਂਦੀਆਂ ਹਨ
ਕੀ ਕਿਸੀ ਧਰਮ ਦੀਆਂ, ਕਦਰਾਂ-ਕੀਮਤਾਂ
ਏਨੀਆਂ ਹੀ ਕੱਚੀਆਂ-ਪਿੱਲੀਆਂ ਹੁੰਦੀਆਂ ਹਨ
ਉਹ, ਕਿਸੇ ਵਿਅਕਤੀ ਦੇ ਜਿਸਮ ਉੱਤੇ ਪਾਏ
ਵਸਤਰਾਂ ਦੇ ਰੰਗਾਂ ਨਾਲ ਹੀ ਢਹਿ-ਢੇਰੀ ਹੋ ਜਾਂਦੀਆਂ ਹਨ
ਕੀ ਕਿਸੀ ਧਰਮ ਦੇ ਪੈਰੋਕਾਰ, ਮਹਿਜ਼
ਇਸ ਗੱਲ ਨੂੰ ਲੈ ਕੇ ਹੀ
ਆਪੇ ਤੋਂ ਬਾਹਰ ਹੋ ਜਾਂਦੇ ਹਨ
ਕਿਸੀ ਯਾਤਰੀ ਨੇ ਆਪਣੇ ਤਨ 'ਤੇ ਪਾਏ

ਵਸਤਰਾਂ ਦਾ ਆਕਾਰ ਜ਼ਰਾ ਕੁ ਘੱਟ ਕੀਤਾ ਹੋਇਆ ਹੈ

ਧਰਮ ਅਤੇ ਇਸ ਦੀਆਂ ਕਦਰਾਂ-ਕੀਮਤਾਂ, ਤਾਂ
ਮਨੁੱਖੀ ਮਨ ਦੀ ਅਵਸਥਾ ਹੁੰਦੀਆਂ ਹਨ-
ਇਹ, ਮਹਿਜ਼, ਲੋਕ-ਦਿਖਾਵਾ ਨਹੀਂ ਹੁੰਦੀਆਂ
ਧਰਮ ਅਤੇ ਇਸ ਦੀਆਂ ਕਦਰਾਂ-ਕੀਮਤਾਂ ਦਾ
ਲੋਕ-ਦਿਖਾਵਾ, ਤਾਂ, ਮਹਿਜ਼
ਮੰਡੀ-ਵਿਉਪਾਰ ਦਾ ਹੀ ਹਿੱਸਾ ਹੁੰਦਾ ਹੈ
ਧਰਮੀ, ਮਾਣ-ਮਰਿਆਦਾਵਾਂ, ਕਦਰਾਂ-ਕੀਮਤਾਂ, ਦਾ
ਲੋਕ-ਦਿਖਾਵਾ, ਤਾਂ, ਗੋਲਕਾਂ ਉੱਤੇ ਬੈਠੇ
ਫਨੀਅਰ ਸੱਪਾਂ ਵੱਲੋਂ, ਲੋਕਾਂ ਦੇ ਮਨਾਂ 'ਚ
ਪੈਦਾ ਕੀਤੀ ਗਈ ਦਹਿਸ਼ਤ ਅਤੇ ਭੈਅ ਹੀ ਹੁੰਦਾ ਹੈ

ਹਾਂ, ਕਿਸੇ ਦੇਸ਼ ਸ਼ਬਦ ਦੇ ਅਰਥ ਵੀ
ਕਿਸੀ, ਧਰਮੀ, ਮਾਣ-ਮਰਿਆਦਾਵਾਂ
ਕਿਸੀ, ਧਰਮੀ, ਕਦਰਾਂ-ਕੀਮਤਾਂ ਦੇ
ਗੁਲਾਮ ਨਹੀਂ ਹੁੰਦੇ
■

(ਮਾਲਟਨ, ਐਪਰਲ 18, 2023)

# ਨਾਟਕ ਦਾ ਆਖਰੀ ਦ੍ਰਿਸ਼

ਸੱਤਾ ਨੇ, ਜਨਤਾ 'ਚ
ਦਹਿਸ਼ਤ ਫੈਲਾਉਣ ਲਈ
ਇੱਕ, ਨਾਟਕ ਖੇਡਿਆ-

ਜਾਸੂਸੀ, ਫਿਲਮਾਂ ਦੇ ਨਾਇਕ ਵਾਂਗ
ਅਚਾਨਕ, ਰਾਜਨੀਤਕ, ਮੰਚ ਉੱਤੇ
ਇੱਕ, ਬਹੁ-ਰੂਪੀਆ
ਆਣ ਪ੍ਰਗਟ ਹੋਇਆ

ਦੇਖਦਿਆਂ, ਦੇਖਦਿਆਂ, ਹੀ
ਉਹ, ਇੱਕ, ਹੰਢੇ-ਵਰਤੇ
ਧਰਮੀ-ਦਹਿਸ਼ਤਗਰਦ ਵਾਂਗ
ਭੋਲੀ-ਭਾਲੀ, ਜਨਤਾ ਨੂੰ ਭਰਮਾਉਣ ਲਈ
ਧੂੰਆਂਧਾਰ ਭਾਸ਼ਨਾਂ ਦਾ
ਝੱਖੜ ਝੁਲਾਉਣ ਲੱਗਾ

ਪਰ ਜਲਦੀ ਹੀ, ਉਹ
ਝੂਠੀ, ਮਿਲੀ, ਤਾਕਤ ਦੇ
ਨਸ਼ੇ 'ਚ ਗਲਤਾਨ ਹੋ-
ਧਰਮੀ ਫੁੰਕਾਰੇ ਮਾਰਦਿਆਂ
ਹਕੂਮਤ ਦੇ ਕਾਰਿੰਦਿਆਂ ਨੂੰ
ਨਿੱਤ, ਚੇਤਾਵਨੀਆਂ ਦੇਣ ਲੱਗਾ:
ਅਸੀਂ, ਹਕੂਮਤ ਦੇ, ਮਹਿਲ-ਮੁਨਾਰਿਆਂ ਨੂੰ
ਤਹਿਸ-ਨਹਿਸ ਕਰਨਾ ਜਾਣਦੇ ਹਾਂ
ਅਸੀਂ, ਹਕੂਮਤ ਦੇ, ਕਾਰਿੰਦਿਆਂ ਨੂੰ
ਪੈਰਾਂ ਹੇਠ ਮਸਲਣਾ ਜਾਣਦੇ ਹਾਂ
ਅਸੀਂ, ਧਰਮੀ-ਪਰਚਮ, ਰਾਜਸਿੰਘਾਸਨ ਉੱਤੇ
ਲਹਿਰਾਉਣਾ ਵੀ ਚੰਗੀ ਤਰਾਂ ਜਾਣਦੇ ਹਾਂ

ਇੱਕ, ਗੈਬੀ ਆਵਾਜ਼
ਹੱਸੀ ਅਤੇ ਬੋਲੀ:
'ਸਾਡੀ ਬਿੱਲੀ

ਸਾਨੂੰ ਹੀ ਮਿਆਓਂ'

ਹਕੂਮਤ ਨੇ, ਆਪਣੀ
ਸ਼ਕਤੀ ਦੇ, ਰੀਮੋਟ ਕੰਟਰੋਲ ਦਾ
ਬਟਨ ਦਬਾਇਆ-

ਜਾਸੂਸੀ, ਫਿਲਮਾਂ ਦਾ ਨਾਇਕ
ਧਰਮੀ-ਦਹਿਸ਼ਤਗਰਦ, ਅਚਾਨਕ
ਅੱਲਾਦੀਨ ਦੇ ਚਿਰਾਗ਼ ਦੇ
ਜਿੰਨ ਵਾਂਗ, ਪਤਾ ਨਹੀਂ
ਕਿਹੜੀ ਬੋਤਲ ਵਿੱਚ
ਮੁੜ, ਵੜ ਗਿਆ

ਕੁਝ ਲੋਕਾਂ ਦਾ ਕਹਿਣਾ ਸੀ
ਉਨ੍ਹਾਂ ਨੇ, ਉਹ ਜਿੰਨ
ਡਿੱਬਰੂਗੜ੍ਹ ਦੇ ਜੰਗਲ ਵਿੱਚ
ਇੱਕ, ਪਿੰਜਰੇ 'ਚ ਕੈਦ
ਹੋਇਆ, ਦੇਖਿਆ ਸੀ
■

(ਮਾਲਟਨ, ਐਪਰਲ 23, 2023)

# ਚਲੋ, ਯਾਰੋ !

ਚਲੋ, ਯਾਰੋ!
ਗੈਂਗਸਟਰ ਗਾਇਕਾਂ ਨੂੰ
ਆਪਣੇ, ਲੋਕ-ਨਾਇਕ
ਬਣਾਈਏ-

ਚਲੋ, ਇਸ ਤਰ੍ਹਾਂ ਹੀ
ਆਪਣੇ, ਆਪਣੇ, ਸਿਰਾਂ ਵਿੱਚ
ਸਭ, ਸਵਾਹ ਪਵਾਈਏ

ਧਰਮੀ, ਹੁੱਲੜਬਾਜ਼ਾਂ ਨੂੰ
ਸ਼ਹਿਰ ਦੀਆਂ, ਸਭ ਸੜਕਾਂ
ਹੁੱਲੜਬਾਜ਼ੀ ਲਈ, ਸੌਂਪ ਦੇਈਏ

ਆਪਣੀਆਂ, ਗ਼ਜ਼ਲਾਂ, ਨਜ਼ਮਾਂ, ਗੀਤਾਂ, ਨੂੰ
ਚਲੋ, ਅੰਮ੍ਰਿਤ ਛਕਾਈਏ
ਨਾਵਲ, ਕਹਾਣੀ, ਨਾਟਕ, ਦੇ
ਮੱਥੇ ਉੱਤੇ, ਤਿਲਕ ਲਗਾਈਏ
ਵਾਰਤਕ, ਆਲੋਚਨਾ, ਤੋਂ
ਅੱਲਾ-ਹੂ-ਅਕਬਰ, ਜੀਸਸ, ਜੀਸਸ, ਦੇ
ਨਾਹਰੇ ਲਗਵਾਈਏ

ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ, ਨੂੰ
ਧਰਮੀ ਡੇਰਿਆਂ ਵਿੱਚ ਬਦਲ ਦੇਈਏ
ਬਲਾਤਕਾਰੀ, ਬਾਬਿਆਂ ਦੀ ਐਸ਼ੋਇਸ਼ਰਤ ਲਈ
ਇਨ੍ਹਾਂ, ਸਭ, ਵਿੱਦਿਅਕ ਸੰਸਥਾਵਾਂ 'ਚ
ਗੁਪਤ, ਏਅਰ ਕੰਡੀਸ਼ਨ, ਗੁਫ਼ਾਵਾਂ ਬਣਾਈਏ

ਪੁਲਿਸ ਥਾਣਿਆਂ ਨੂੰ
ਗੈਂਗਸਟਰਾਂ, ਸਮੱਗਲਰਾਂ, ਕਾਤਲਾਂ, ਬਲਾਤਕਾਰੀਆਂ, ਲਈ
ਪੰਜ ਸਿਤਾਰਾ, ਆਰਾਮਗਾਹਾਂ ਬਣਾਈਏ

ਅਦਾਲਤਾਂ ਵਿੱਚ
ਨਿਆਂ ਦੀਆਂ ਕੁਰਸੀਆਂ ਉੱਤੇ ਬੈਠੇ
ਜੱਜਾਂ ਦੀਆਂ ਅਖਾਂ ਉੱਤੇ, ਕੋਹਲੂ ਦਿਆਂ
ਬਲਦਾਂ ਵਾਲੇ, ਖੋਪੇ ਚੜ੍ਹਾਈਏ

ਚਲੋ, ਯਾਰੋ!
ਰਾਜਨੀਤੀਵਾਨਾਂ, ਕਾਨੂੰਨ ਦੇ ਰਾਖਿਆਂ, ਨੂੰ
ਕਰੈਕ, ਕੁਕੇਨ, ਚਰਸ, ਸਮੈਕ, ਫੈਂਟਾਨਿਲ
ਵੇਚਣ ਦੀ ਖੁੱਲ੍ਹ ਦੇਈਏ

ਖੇਤਾਂ, ਖਲਿਆਨਾਂ, 'ਚ ਥਾਂ, ਥਾਂ
ਅਫੀਮ, ਡੋਡੇ, ਭੰਗ, ਦੇ
ਬੂਟੇ ਉਗਾਈਏ

ਚਲੋ, ਯਾਰੋ!
ਹੁਣ, ਕੁਝ, ਤਾਂ
ਮਾਹੌਲ ਵਿੱਚ, ਬਦਲਾਅ
ਲਿਆਈਏ-

ਚੋਰਾਂ, ਠੱਗਾਂ, ਕਾਤਲਾਂ, ਬਲਾਤਕਾਰੀਆਂ, ਗੈਂਗਸਟਰਾਂ, ਨੂੰ
ਆਪਣੇ, ਰਾਹਨੁਮਾ ਬਣਾਈਏ
ਆਪਣੇ, ਨਾਇਕ ਬਣਾਈਏ
■

(ਮਾਲਟਨ, ਮਾਰਚ 9, 2023)

# ਦੁਬਈ ਦੇ ਧਰਮੀ ਵਿਉਪਾਰੀ

ਢੋਲ-ਢਮੱਕਿਆਂ ਨਾਲ
ਦੁਬਈ ਦੇ, ਧਰਮੀ, ਵਿਉਪਾਰੀਆਂ ਨੇ
ਸ਼ਹਿਰ ਵਿੱਚ, ਮੁਨਾਦੀ ਕਰਾਈ:
ਕਰੈਕ, ਕੁਕੇਨ, ਚਰਸ, ਅਫੀਮ, ਦਾ
ਨਸ਼ਾ ਕਰਨ ਦੀ ਆਦਤ, ਭਾਵੇਂ
ਦਹਾਕਿਆਂ ਤੋਂ ਕਿਉਂ ਨ ਹੋਵੇ
ਅਸੀਂ, ਧਰਮੀ, ਪਾਠ ਕਰਨ ਦੀ ਜੁਗਤ ਨਾਲ
ਤੁਹਾਡੇ, ਕੰਨਾਂ 'ਚ, ਅਜਿਹੀ, ਫੂਕ ਮਾਰਾਂਗੇ
ਦਿਨਾਂ ਵਿੱਚ ਹੀ, ਤੁਸੀਂ
ਨਸ਼ੇ ਤੋਂ, ਮੁਕਤ ਹੋ ਜਾਵੋਗੇ-

ਢੋਲ-ਢਮੱਕਿਆਂ ਨਾਲ
ਦੁਬਈ ਦੇ, ਧਰਮੀ, ਵਿਉਪਾਰੀਆਂ ਨੇ
ਸ਼ਹਿਰ ਵਿੱਚ, ਮੁਨਾਦੀ ਕਰਾਈ:
ਅਸੀਂ, ਆਪਣੀ, ਪਰਖੀ ਹੋਈ
ਧਰਮੀ, ਪਾਠ ਕਰਨ ਦੀ ਜੁਗਤ ਨਾਲ
ਧਰਮੀ, ਨਸ਼ਾ ਕਰਨ ਦਾ
ਐਸਾ ਭੁੱਸ ਪਾਵਾਂਗੇ
ਧਰਮੀ, ਨਸ਼ਾ, ਤੁਹਾਡੇ, ਦਿਮਾਗ਼ਾਂ ਨੂੰ
ਪੂਰੀ ਤਰ੍ਹਾਂ, ਬੰਦ ਕਰ ਦੇਵੇਗਾ
ਧਰਮੀ, ਨਸ਼ਾ, ਤੁਹਾਡੀ, ਸੋਚ ਨੂੰ
ਪੂਰੀ ਤਰ੍ਹਾਂ, ਤਾਲਾ ਲਗਾ ਦੇਵੇਗਾ
ਧਰਮੀ, ਨਸ਼ਾ, ਤੁਹਾਡੀਆਂ, ਭਾਵਨਾਵਾਂ ਨੂੰ
ਪੂਰੀ ਤਰ੍ਹਾਂ, ਜਨੂੰਨੀ ਬਣਾ ਦੇਵੇਗਾ
ਧਰਮੀ, ਨਸ਼ਾ, ਤੁਹਾਡੇ, ਮਨਾਂ ਨੂੰ
ਪੂਰੀ ਤਰ੍ਹਾਂ, ਜਾਹਲ ਬਣਾ ਦੇਵੇਗਾ

ਢੋਲ-ਢਮੱਕਿਆਂ ਨਾਲ
ਦੁਬਈ ਦੇ, ਧਰਮੀ, ਵਿਉਪਾਰੀਆਂ ਨੇ
ਸ਼ਹਿਰ ਵਿੱਚ, ਮੁਨਾਦੀ ਕਰਾਈ:
ਅਸੀਂ, ਆਪਣੀ, ਪਰਖੀ ਹੋਈ

ਧਰਮੀ, ਪਾਠ ਕਰਨ ਦੀ ਜੁਗਤ ਨਾਲ
ਗੈਂਗਸਟਰਾਂ, ਦਹਿਸ਼ਤਗਰਦਾਂ, ਹੁੱਲੜਬਾਜ਼ਾਂ, ਦੇ
ਸਭਿਆਚਾਰਕ ਰੰਗ ਵਿੱਚ ਰੰਗ ਦੇਵਾਂਗੇ
ਅਸੀਂ, ਤੁਹਾਨੂੰ, ਨਕਲੀ ਨਸ਼ਿਆਂ ਦੀ ਥਾਂ
ਅਸਲੀ ਨਸ਼ੇ, ਧਰਮੀ ਨਸ਼ੇ, 'ਚ ਰੰਗ ਦੇਵਾਂਗੇ
ਇਸ ਨਸ਼ੇ ਦੀ ਜਕੜ 'ਚੋਂ, ਫਿਰ
ਤੁਸੀਂ, ਉਮਰ ਭਰ, ਨਿਕਲ ਨਹੀਂ ਸਕੋਗੇ
ਭਾਵੇਂ, ਤੁਹਾਡਾ, ਘਰ ਘਾਟ ਵੀ
ਕਿਉਂ ਨ, ਪੂਰੀ ਤਰ੍ਹਾਂ, ਉੱਜੜ ਜਾਵੇ
ਅਸੀਂ, ਤੁਹਾਨੂੰ, ਧਰਮੀ, ਨਸ਼ੇ ਦੇ ਰੰਗ 'ਚ
ਅਜਿਹਾ, ਰੰਗ ਦੇਵਾਂਗੇ-
ਜਿਸ ਦੀ, ਮਸਤੀ 'ਚ ਵਿਚਰਦਿਆਂ
ਤੁਸੀਂ, ਆਪ, ਤਾਂ, ਸ਼ਹੀਦੀਆਂ ਪਾਵੋਗੇ ਹੀ
ਆਪਣੇ, ਰਿਸ਼ਤੇਦਾਰਾਂ, ਸਾਕਾਂ-ਸੰਬੰਧੀਆਂ, ਨੂੰ ਵੀ
ਖ਼ੁਦਕੁਸ਼ੀਆਂ ਕਰਨ ਲਈ, ਮਜਬੂਰ ਕਰ ਦਿਓਗੇ

ਢੋਲ-ਢਮੱਕਿਆਂ ਨਾਲ
ਦੁਬਈ ਦੇ, ਧਰਮੀ, ਵਿਉਪਾਰੀਆਂ ਨੇ
ਸ਼ਹਿਰ ਵਿੱਚ, ਮੁਨਾਦੀ ਕਰਾਈ:
ਅਸੀਂ, ਆਪਣੀ, ਪਰਖੀ ਹੋਈ
ਧਰਮੀ, ਪਾਠ ਕਰਨ ਦੀ ਜੁਗਤ ਨਾਲ
ਤੁਹਾਨੂੰ, ਅਨਪੜ੍ਹ, ਜਾਹਲ, ਹੁੱਲੜਬਾਜ਼, ਦਹਿਸ਼ਤਗਰਦ
ਬਨਾਉਣ ਦੀ, ਕੋਈ, ਕਸਰ ਨਹੀਂ ਛੱਡਾਂਗੇ
■

(ਮਾਲਟਨ, ਮਾਰਚ 6, 2023)

# ਲੋਕ ਆਖਦੇ ਹਨ

ਲੋਕ ਆਖਦੇ ਹਨ:
ਕਵਿਤਾ, ਐਸੀ ਲਿਖੋ
ਜੋ, ਕੁੱਤੇ ਦੀ ਪੂਛ ਵਾਂਗ
ਹਰ ਜਗਾਹ, ਲੋਕਾਂ ਦੇ ਪੈਰਾਂ 'ਚ
ਵਿਛ ਸਕੇ

ਲੋਕ ਆਖਦੇ ਹਨ:
ਕਵਿਤਾ, ਐਸੀ ਲਿਖੋ
ਜੋ, ਮਗਰਮੱਛ ਵਾਂਗ
ਹਰ ਜਗਾਹ, ਝੂਠੇ ਹੰਝੂ
ਵਗਾ ਸਕੇ

ਲੋਕ ਆਖਦੇ ਹਨ:
ਕਵਿਤਾ, ਐਸੀ ਲਿਖੋ
ਜੋ, ਠੱਗ ਸੰਤ ਬਾਬਿਆਂ ਦੀ
ਹਰ ਜਗਾਹ, ਮਹਿਮਾ ਦੇ ਗੀਤ
ਗੁਣਗੁਣਾ ਸਕੇ

ਲੋਕ ਆਖਦੇ ਹਨ:
ਕਵਿਤਾ, ਐਸੀ ਲਿਖੋ
ਜੋ, ਹਕੂਮਤ ਦੇ ਦਲਾਲਾਂ ਦੀ
ਹਰ ਜਗਾਹ, ਮੁੱਠੀ ਚਾਪੀ
ਕਰ ਸਕੇ

ਲੋਕ ਆਖਦੇ ਹਨ:
ਕਵਿਤਾ, ਐਸੀ ਲਿਖੋ
ਜੋ, ਭ੍ਰਿਸ਼ਟਾਚਾਰੀ ਸਾਹਿਤਕ ਗੈਂਗਸਟਰਾਂ ਦੀ
ਹਰ ਜਗਾਹ, ਖੁਸ਼ਾਮਦੀ ਤਰੰਨਮ ਤਰੰਨਮ
ਸੁਣਾ ਸਕੇ

ਲੋਕ ਆਖਦੇ ਹਨ:

ਕਵਿਤਾ, ਕਦੀ ਵੀ ਐਸੀ ਨ ਲਿਖੋ
ਜੋ, ਤੁਹਾਡੀ ਆਪਣੀ ਹੀ ਰੂਹ ਨੂੰ
ਹਰ ਜਗਾਹ, ਖੰਜਰ ਵਾਂਗ
ਚੀਰਦੀ ਰਹੇ
■

(ਨਵੰਬਰ 22, 2022, ਮਾਲਟਨ)

# ਸਾਜ਼ਿਸ਼ੀ ਚੁੱਪ

ਹਰ ਤਰਫ਼, ਹੁਣ
ਇੱਕ, ਸਾਜ਼ਿਸ਼ੀ ਚੁੱਪ
ਪੱਸਰੀ ਹੋਈ ਹੈ-

ਕਵੀ, ਲੇਖਕ, ਬੁੱਧੀਜੀਵੀ, ਸਭ
ਗੋਰਖ ਨਾਥ ਦੇ ਚੇਲਿਆਂ ਵਾਂਗ
ਸਹਿਜ ਗੁਫ਼ਾਵਾਂ ਵਿੱਚ
ਜਾ ਬੈਠੇ ਹਨ

ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਭੂਸਰੇ ਹੋਏ ਸਾਹਨਾਂ ਵਰਗੇ ਮਨੁੱਖ
ਹਰਲ, ਹਰਲ, ਕਰ ਰਹੇ ਹਨ

ਹਕੂਮਤ ਦੇ ਕਰਿੰਦੇ
ਵਿਰੋਧੀ ਰਾਜਨੀਤੀਵਾਨਾਂ ਨਾਲ
ਵਿਧਾਨ ਸਭਾਵਾਂ ਵਿੱਚ
ਲੋਕਾਂ ਦੇ ਸਰੋਕਾਰਾਂ ਬਾਰੇ
ਬਹਿਸ ਕਰਨ ਦੀ ਥਾਂ
ਮਹਿਜ਼, ਨੌਟੰਕੀ ਕਰਦੇ ਹਨ

ਪੱਤਰਕਾਰ, ਆਪਣੀਆਂ
ਪੱਤਰਕਾਵਾਂ ਦੇ ਸਫ਼ੇ ਭਰਨ ਲਈ
ਵਿਧਾਨ ਸਭਾਵਾਂ ਵਿੱਚ, ਮਹਿਜ਼
ਆਪਣੀਆਂ, ਨਾਟਕੀ, ਮੁਦਰਾਵਾਂ ਦਿਖਾ ਰਹੇ
ਮਿਥਿਹਾਸਕ ਪਾਤਰਾਂ ਦੀਆਂ, ਰੰਗ-ਬਰੰਗੀਆਂ
ਤਸਵੀਰਾਂ ਖਿੱਚਦੇ ਹਨ

ਸ਼ਾਮ ਹੁੰਦਿਆਂ ਹੀ
ਲੋਕ, ਟੀਵੀ ਦੇ ਪਰਦਿਆਂ ਉੱਤੇ-
ਵਿਧਾਨ ਸਭਾਵਾਂ ਵਿੱਚ, ਦਿਨ ਭਰ
ਰਚਿਆ ਗਿਆ, ਮਹਾਂ-ਭਾਰਤ

ਸੀਰੀਅਲ ਦੇਖਦੇ ਹਨ

ਵਿਧਾਨ ਸਭਾਵਾਂ ਵਿੱਚ
ਨਿਤ ਰਚੇ ਜਾਂਦੇ ਮਹਾਂ-ਭਾਰਤ
ਦੇਖ ਦੇਖ ਬੋਰ ਹੋਇਆ ਬੱਚਾ
ਆਪਣੀ, ਮਾਂ ਨੂੰ ਪੁੱਛਦਾ ਹੈ:
'ਮਾਂ, ਅਸੀਂ, ਹਰ ਦਿਨ
ਸਿਰਫ, ਆਚਾਰ ਅਤੇ ਗੰਢੇ ਨਾਲ ਹੀ
ਰੋਟੀ ਕਿਉਂ ਖਾਂਦੇ ਹਾਂ'

ਮਾਂ, ਕੋਈ, ਉੱਤਰ ਦੇਣ ਦੀ ਥਾਂ
ਪੁੱਤਰ ਨੂੰ, ਘੁੱਟ ਕੇ
ਆਪਣੀ, ਛਾਤੀ ਨਾਲ
ਲਗਾ ਲੈਂਦੀ ਹੈ
■

(ਮਾਲਟਨ, ਮਾਰਚ 10, 2023)

# ਕਵਿਤਾ ਸੋਚ ਰਹੀ ਹੈ

ਕਵਿਤਾ ਦੇ ਅਲੰਬਰਦਾਰਾਂ ਨੇ
ਸ਼ਹਿਰ ਵਿੱਚ, ਮੁਨਾਦੀ ਕਰਵਾਈ :
'ਕਵਿਤਾ, ਸਿਰਫ
ਰੂਹ ਦੀ ਖੁਰਾਕ ਹੈ'

ਪਰ, ਸ਼ਹਿਰ ਵਿੱਚ, ਨਸ਼ਾ ਸਮੱਗਲਰਾਂ ਦੇ
ਨਸ਼ਿਆਂ ਨਾਲ ਭਰੇ, ਟਰੱਕ, ਕਾਰਾਂ, ਵੈਨਾਂ
ਘੁੰਮ ਰਹੇ ਹਨ-
ਤੁਸੀਂ, ਹੁਣ, ਇਨ੍ਹਾਂ, ਮੌਤ ਦੇ
ਫਰਿਸ਼ਤਿਆਂ ਦਾ ਕੀ ਕਰੋਗੇ

ਰੇਡੀਓ ਚੈਨਲਾਂ, ਬਾਰ, ਬਾਰ
ਇਹ ਵਾਰਤਾ ਸੁਣਾ ਰਹੀਆਂ ਹਨ:
'ਨੌਜਵਾਨ ਅਫੀਮ ਅਤੇ ਫੈਂਟਾਨਿਲ ਖਾਹ ਰਹੇ ਸਨ
ਹੁਣ, ਉਨਾਂ ਦੇ ਦਿਲਾਂ ਦੀ ਧੜਕਣ ਬੰਦ ਹੈ'

ਕਵਿਤਾ ਦੇ ਅਲੰਬਰਦਾਰਾਂ ਨੇ
ਸ਼ਹਿਰ ਵਿੱਚ, ਮੁਨਾਦੀ ਕਰਵਾਈ:
'ਕਵਿਤਾ, ਸਿਰਫ
ਰੂਹ ਦੀ ਖੁਰਾਕ ਹੈ'

ਪਰ, ਸ਼ਹਿਰ ਵਿੱਚ, ਯੁਵਕ
ਗੈਂਗਸਟਰਾਂ ਦੇ ਨਕਸ਼ੇ ਕਦਮਾਂ ਉੱਤੇ ਚੱਲ
ਲੁੱਟਾਂ-ਖੋਹਾਂ ਕਰਨ ਖਾਤਿਰ, ਮਾਸੂਮ
ਅਤੇ ਬੇਗੁਨਾਹ, ਲੋਕਾਂ ਦੇ ਕਤਲ ਕਰ ਰਹੇ ਹਨ-
ਤੁਸੀਂ, ਹੁਣ, ਇਨਾਂ, ਮੌਤ ਦੇ
ਫਰਿਸ਼ਤਿਆਂ ਦਾ ਕੀ ਕਰੋਗੇ

ਰੇਡੀਓ ਚੈਨਲਾਂ, ਬਾਰ, ਬਾਰ
ਇਹ ਵਾਰਤਾ ਸੁਣਾ ਰਹੀਆਂ ਹਨ:
'ਬੇਰੁਜ਼ਗਾਰ, ਨੌਜਵਾਨ, ਆਪਣੀਆਂ, ਡਿਗਰੀਆਂ
ਗਲਾਂ ਵਿੱਚ ਲਟਕਾ ਥਾਂ ਥਾਂ ਮੁਜਾਹਰੇ ਕਰ ਰਹੇ ਹਨ'

ਕਵਿਤਾ ਦੇ ਅਲੰਬਰਦਾਰਾਂ ਨੇ
ਸ਼ਹਿਰ ਵਿੱਚ, ਮੁਨਾਦੀ ਕਰਵਾਈ :
'ਕਵਿਤਾ, ਸਿਰਫ
ਰੂਹ ਦੀ ਖੁਰਾਕ ਹੈ'

ਪਰ, ਸ਼ਹਿਰ ਵਿੱਚ, ਧਰਮੀ ਦਹਿਸ਼ਤਗਰਦਾਂ
ਦੇ ਗਰੋਹ, ਗਲੀ ਗਲੀ, ਹਲਕੇ ਹੋਏ
ਕੁੱਤਿਆਂ ਵਾਂਗ, ਦਨਦਨਾਂਦੇ ਫਿਰਦੇ ਹਨ-
ਤੁਸੀਂ, ਹੁਣ, ਇਨ੍ਹਾਂ, ਮੌਤ ਦੇ
ਫਰਿਸ਼ਤਿਆਂ ਦਾ ਕੀ ਕਰੋਗੇ

ਰੇਡੀਓ ਚੈਨਲਾਂ, ਬਾਰ, ਬਾਰ
ਇਹ ਵਾਰਤਾ ਸੁਣਾ ਰਹੀਆਂ ਹਨ:
'ਆਮ ਲੋਕ ਦਹਿਸ਼ਤ ਭਰੇ ਦਿਨਾਂ ਦੀ
ਵਾਪਸੀ ਬਾਰੇ ਸੋਚ ਕੇ ਚਿੰਤਤ ਹਨ'

ਕਵਿਤਾ, ਹੁਣ
ਸੋਚ ਰਹੀ ਹੈ-

ਉਹ, ਕਵਿਤਾ ਦੇ
ਮੁਖੌਟਾਧਾਰੀ, ਅਲੰਬਰਦਾਰਾਂ ਦੀ
ਗੁਲਾਮ ਬਣ ਕੇ ਰਹੇ
ਜਾਂ ਆਪਣੀ ਹੋਂਦ ਦੀ
ਦਿਸ਼ਾ ਆਪ ਨਿਰਧਾਰਤ ਕਰੇ
■

(ਮਾਲਟਨ, ਫਰਵਰੀ 4, 2023)

# ਫੇਸਬੁੱਕ ਦੇ ਕਵੀ

ਫੇਸਬੁੱਕ ਉੱਤੇ, ਅੱਜਕੱਲ੍ਹ
ਕਬਰਸਤਾਨਾਂ ਵਰਗੀ, ਚੁੱਪ ਪੱਸਰੀ ਹੋਈ ਹੈ-

ਜਾਪਦਾ ਹੈ, ਜਿਵੇਂ
ਫੇਸਬੁੱਕ ਦੇ, ਸਾਰੇ ਹੀ ਕਵੀ
ਪਹਾੜਾਂ ਵਾਲੀ, ਦੇਵੀ ਮਾਤਾ ਦੇ
ਦਰਸ਼ਨਾਂ ਲਈ ਚਲੇ ਗਏ ਹੋਣ

ਦੇਵੀ ਮਾਤਾ ਦਾ ਅਸ਼ੀਰਵਾਦ
ਲੈਣ ਤੋਂ ਬਾਹਦ, ਉਹ
ਰਾਜਨੀਤਕ ਨੇਤਾਵਾਂ ਵਾਂਗ
ਫੇਸਬੁੱਕ ਉੱਤੇ ਆ ਕੇ
ਐਲਾਨ ਕਰਨਗੇ-
ਹੁਣ, ਅਸੀਂ, ਆਪਣੇ, ਆਪਣੇ
ਧੜੇ, ਆਪਣੀ, ਆਪਣੀ, ਜੁੰਡਲੀ ਦੇ ਯਾਰਾਂ
ਕਵੀਆਂ, ਨੂੰ ਫੂਕ ਛਕਾਵਾਂਗੇ
ਆਪਣੇ, ਆਪਣੇ, ਹਿਮਾਇਤੀਆਂ ਨੂੰ
ਝੂਠੇ, ਸਿਰੋਪਿਆਂ, ਮਾਨਾਂ-ਸਨਮਾਨਾਂ, ਨਾਲ
ਪਿੰਡ, ਪਿੰਡ, ਸ਼ਹਿਰ, ਸ਼ਹਿਰ
ਸਨਮਾਨਿਤ ਕਰਾਂਗੇ-

ਫੇਸਬੁੱਕ ਉੱਤੇ, ਅੱਜਕੱਲ੍ਹ
ਕਬਰਸਤਾਨਾਂ ਵਰਗੀ, ਚੁੱਪ ਪੱਸਰੀ ਹੋਈ ਹੈ-

ਜਾਪਦਾ ਹੈ, ਜਿਵੇਂ
ਫੇਸਬੁੱਕ ਦੇ, ਸਾਰੇ ਹੀ ਕਵੀ
ਇੱਕ ਦੂਜੇ ਨੂੰ, ਫੂਕ ਛਕਾਉਣ ਲਈ
ਵਧੀਆ, ਹਵਾ ਪੰਪ ਖਰੀਦਣ
ਮਹਾਂ-ਨਗਰ, ਗਏ ਹੋਏ ਹਨ

ਪੰਪ ਖਰੀਦਦਿਆਂ ਹੀ, ਉਹ
ਕਿਸੀ ਵਿਸ਼ਵਵਿਦਿਆਲੇ ਵਿੱਚ

ਐਲਾਨ ਕਰਨਗੇ-
ਸ਼ਹਿਰ ਦੇ, ਸਾਰੇ, ਲਫੰਡਰ ਕਵੀਓ
ਅਸੀਂ, ਤੁਹਾਨੂੰ, 'ਲਫੰਡਰ ਸਾਹਿਤਕ ਐਵਾਰਡ' ਨਾਲ
ਸਨਮਾਨਿਤ ਕਰਨ ਦਾ ਫੈਸਲਾ ਕੀਤਾ ਹੈ
ਆਪਣੇ, ਆਪਣੇ, ਗਲੇ ਦੇ ਨਾਪ ਦਾ
ਸਿਰੋਪੇ ਦਾ ਕੱਪੜਾ ਖਰੀਦ ਕੇ
ਸਾਹਿਤਕ ਗੈਂਗਸਟਰਾਂ ਵਾਲੇ ਚੌਂਕ ਵਿੱਚ
ਸਮੇਂ ਸਿਰ, ਪਹੁੰਚ ਜਾਣਾ

ਹਾਂ, ਯਾਦ ਰੱਖਣਾ, ਲੋੜ ਅਨੁਸਾਰ
ਆਪਣੇ, ਆਪਣੇ, ਚਿਹਰੇ ਉੱਤੇ
ਮੁਖੌਟਾ ਪਹਿਣ ਕੇ ਆਉਣਾ

ਭੁੱਲ ਨ ਜਾਣਾ-
ਤੁਸੀਂ, ਸਾਹਿਤਕ ਖਲਨਾਇਕਾਂ ਦੀ
ਭੀੜ ਦਾ ਹਿੱਸਾ, ਬਨਣ
ਆ ਰਹੇ ਹੋ
■

(ਮਾਲਟਨ, ਫਰਵਰੀ 5, 2023)

# ਕਵੀ ਦੀ ਕਵਿਤਾ

ਇੱਕ ਕਵੀ ਦੀ ਕਵਿਤਾ
ਉਸਦੀ, ਮਹਿਬੂਬ ਕੁੜੀ ਦੀ
ਗੁੱਤ ਵਿੱਚ ਉਲਝ ਗਈ–

ਪਾਰਕ ਵਿੱਚ, ਬੈਂਚ ਉੱਤੇ
ਕਵੀ ਦੇ, ਬਿਲਕੁਲ
ਕੋਲ ਹੀ ਬੈਠੇ ਹੋਏ
ਇੱਕ, ਭੁੱਖੇ, ਬੱਚੇ ਨੇ
ਬੜਾ ਹੀ, ਉਦਾਸਿਆ ਜਿਹਾ
ਮੂੰਹ ਬਣਾ ਕੇ, ਕਵੀ ਨੂੰ
ਮੁਖਾਤਿਬ ਹੋ ਕੇ, ਆਖਿਆ:
'ਸਿਰੀ ਮਾਨ ਜੀ
ਤੁਹਾਡੀ ਕਵਿਤਾ, ਜੋ, ਤੁਹਾਡੀ
ਮਹਿਬੂਬ ਕੁੜੀ ਦੀ ਗੁੱਤ ਵਿੱਚ
ਫਸ ਕੇ ਰਹਿ ਗਈ ਹੈ
ਕੀ ਤੁਸੀਂ, ਹੁਣ, ਉਸ ਗੁੱਤ ਨੂੰ
ਮੇਰੇ ਲਈ–
ਗੋਲ ਰੋਟੀ ਦੇ
ਇੱਕ ਟੁੱਕੜੇ ਵਿੱਚ
ਬਦਲ ਸਕਦੇ ਹੋ'

ਕਵੀ ਕੋਲ, ਬੱਚੇ ਨੂੰ
ਉੱਤਰ ਦੇਣ ਲਈ, ਹੁਣ
ਕੋਈ ਸ਼ਬਦ ਨਹੀਂ ਸਨ

ਸਿਵਾਏ, ਆਪਣੀਆਂ
ਡੌਰ-ਭੌਰ ਹੋਈਆਂ
ਅੱਖਾਂ ਨਾਲ, ਭੁੱਖੇ ਅਤੇ
ਉਦਾਸੇ ਚਿਹਰੇ ਵਾਲੇ
ਬੱਚੇ ਵੱਲ ਦੇਖੀ ਜਾਣ ਦੇ
■ (ਮਾਲਟਨ, ਮਾਰਚ 17, 2023)

# ਜ਼ੂਮ ਬੀਮਾਰੀ

ਕਰੋਨਾ ਮਹਾਮਾਰੀ ਸੰਕਟ
ਆਪਣੇ ਨਾਲ, ਜ਼ੂਮ ਬੀਮਾਰੀ ਦੇ
ਜਰਮ ਵੀ ਲੈ ਕੇ
ਆਇਆ ਹੈ–

ਪਹਿਲਾਂ, ਕਦੀ
ਇਸ ਬੀਮਾਰੀ ਬਾਰੇ, ਕਿਸੀ ਨੇ
ਸੁਣਿਆ ਤੱਕ ਵੀ
ਨਹੀਂ ਸੀ

ਹੁਣ, ਤਾਂ
ਹਰ, ਜਣਾਂ–ਖਣਾਂ, ਹੀ
ਫੇਸਬੁੱਕ ਮੀਡੀਆ ਵਿੱਚ, ਆਪਣੇ
ਕੁਝ, ਚੋਣਵੇਂ, ਲੰਗੋਟੀਏ
ਯਾਰਾਂ, ਬੇਲੀਆਂ, ਸੱਜਣਾਂ, ਸਹੇਲੀਆਂ, ਦੀਆਂ
ਰੰਗੀਨ ਤਸਵੀਰਾਂ ਲਗਾ ਕੇ
ਜ਼ੂਮ ਸੈਮੀਨਾਰਾਂ, ਕਵੀ ਦਰਬਾਰਾਂ, ਵੈਬੀਨਾਰਾਂ, ਦਾ
ਘੜੰਮ ਚੌਧਰੀ ਬਨਣ ਦਾ
ਦਾਹਵਾ ਕਰ ਰਿਹਾ ਹੈ

ਭਾਵੇਂ, ਉਸ ਵਿਅਕਤੀ ਨੇ
ਸਾਹਿਤਕ, ਸਭਿਆਚਾਰਕ, ਸਮਾਜਿਕ, ਖੇਤਰ ਵਿੱਚ
ਅਜੇ ਤੱਕ, ਜ਼ਿਕਰਯੋਗ
ਚਾਰ ਕਦਮ ਵੀ ਨ ਪੁੱਟੇ ਹੋਣ

ਕਲਾ ਪ੍ਰੀਸ਼ਦਾਂ, ਸਾਹਿਤ ਅਕੈਡਮੀਆਂ, ਸਾਹਿਤ ਸਭਾਵਾਂ
ਅਜਿਹਾ, ਪ੍ਰਦੂਸ਼ਨ ਪੈਦਾ ਕਰਨ ਵਿੱਚ
ਸਭ ਤੋਂ ਵੱਧ, ਹਿੱਸਾ
ਪਾ ਰਹੀਆਂ ਹਨ

ਦੇਸ–ਬਦੇਸ ਵਿੱਚ

ਜ਼ੂਮ ਬੀਮਾਰੀ ਦੇ ਜਰਮ
ਫੈਲਾਉਣ ਵਿੱਚ, ਸਾਹਿਤਕ ਮੱਠਾਧਾਰੀਆਂ ਦੇ
ਚਮਚੇ, ਕੜਛੀਆਂ, ਪਤੀਲੇ
ਸਭ ਤੋਂ ਵੱਧ, ਯਤਨਸ਼ੀਲ ਹਨ

ਜ਼ੂਮ ਬੀਮਾਰੀ
ਪੋਸਟ ਮਾਡਰਨ ਮਾਨਸਿਕਤਾ, ਟੈਕਨਾਲੋਜੀ, ਦੀ
ਇਸ ਵੇਲੇ ਦੀ, ਸਭ ਤੋਂ ਖਤਰਨਾਕ
ਸਾਹਿਤਕ, ਸਭਿਆਚਾਰਕ, ਸਮਾਜਿਕ
ਬੀਮਾਰੀ ਬਣ ਚੁੱਕੀ ਹੈ

ਇਸ ਬੀਮਾਰੀ ਦੇ ਜਰਮ
ਸਭ ਤੋਂ ਵੱਧ, ਨਿੱਤ
ਗਿਰਗਿਟਾਂ ਵਾਂਗ, ਰੰਗ ਬਦਲਣ ਵਾਲੇ
ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਪੱਤਰਕਾਰਾਂ, ਵਿੱਚ
ਦੇਖੇ ਜਾ ਸਕਦੇ ਹਨ

ਜੋ–
ਝੂਠੇ, ਸਿਰੋਪਿਆਂ, ਸਨਮਾਨਾਂ, ਐਵਾਰਡਾਂ, ਦੀ ਪ੍ਰਾਪਤੀ ਲਈ
ਗੈਂਗਸਟਰ ਸਾਹਿਤਕਾਰਾਂ, ਖਲਨਾਇਕ ਬੁੱਧੀਜੀਵੀਆਂ, ਮਕਾਰ ਰਾਜਨੀਤੀਵਾਨਾਂ
ਸਾਹਮਣੇ, ਆਪਣੇ ਮੂੰਹਾਂ 'ਚੋਂ
ਸਲੂਣੀਆਂ, ਰਾਲਾਂ ਸੁੱਟਦੇ
ਅਕਸਰ ਹੀ, ਥਾਂ, ਥਾਂ
ਦੇਖੇ ਜਾ ਸਕਦੇ ਹਨ
■

(ਮਾਲਟਨ, ਮਾਰਚ 11, 2023

# ਜਸ਼ਨ

ਮੌਸਮਾਂ ਦੇ ਬਦਲ ਜਾਣ ਨਾਲ ਹੀ
ਬਹੁਤ ਕੁਝ ਬਦਲ ਜਾਂਦਾ ਹੈ-

ਪੱਤਰਕਾਵਾਂ ਵੀ, ਅੱਜਕੱਲ੍ਹ
ਅਜਿਹੀ, ਸ਼ਾਇਰੀ ਦੇ ਹੀ
ਜਸ਼ਨ ਮਨਾਉਂਦੀਆਂ ਹਨ :
'ਅਸੀਂ, ਡਾਲਰਾਂ ਦੇ ਪੁੱਤਰ ਹਾਂ
ਸਾਡਾ, ਡਾਲਰਾਂ ਵਾਂਗੂੰ
ਨਾਂ ਵਿਕਦਾ'

ਬਿਨਾਂ ਕੋਈ ਸ਼ੱਕ
ਅਸੀਂ, ਡਾਲਰਾਂ ਦੇ ਹੀ
ਪੁੱਤ ਬਣ ਚੁੱਕੇ ਹਾਂ-

ਡਾਲਰਾਂ ਨਾਲ ਹੀ, ਅਸੀਂ
ਹਰ, ਮਾਨ-ਸਨਮਾਨ, ਖ਼੍ਰੀਦ
ਆਪਣੀਆਂ, ਝੋਲੀਆਂ 'ਚ
ਪਵਾਉਣ ਦਾ ਲੋਕ-ਦਿਖਾਵਾ
ਕਰਦੇ ਹਾਂ-

ਡਾਲਰਾਂ ਦੇ ਖੋਪੇ, ਹੀ
ਅੱਖਾਂ ਉੱਤੇ ਬੰਨ੍ਹ
ਅਸੀਂ, ਗਿਰਗਿਟਾਂ ਵਾਂਗ
ਰਾਜਨੀਤਕ ਦਲ ਬਦਲੀਆਂ ਕਰ
ਆਪਣੇ ਹੀ, ਵਿਚਾਰਧਾਰਕ, ਵਿਰੋਧੀਆਂ ਦੀਆਂ
ਖੁਰਲੀਆਂ 'ਚ ਮੂੰਹ ਮਾਰਨ ਲੱਗਦੇ ਹਾਂ

ਡਾਲਰਾਂ ਦੇ ਪ੍ਰਛਾਵੇਂ
ਆਪਣੇ, ਮਨ-ਮਸਤਕ ਵਿੱਚ ਜਗਾਅ
ਅਸੀਂ, ਝੂਠੇ ਦਸਤਾਵੇਜ਼ਾਂ ਦੇ ਸਹਾਰੇ
ਬਦੇਸ਼ੀ ਧਰਤੀਆਂ ਉੱਤੇ, ਆਪਣੇ
ਬਦਕਾਰੀਆਂ ਨਾਲ ਲਿੱਬੜੇ

ਪੈਰ ਆਣ ਧਰਦੇ ਹਾਂ

ਡਾਲਰਾਂ ਦੇ ਘਪਲੇ
ਕਰਨ ਖਾਤਿਰ ਹੀ, ਅਸੀਂ
ਪ੍ਰਧਾਨਗੀਆਂ ਦੇ ਪਦਾਂ ਉੱਤੇ ਬੈਠ ਕੇ ਵੀ
ਧਰਮੀ-ਸਥਾਨਾਂ ਦੀਆਂ ਗੋਲਕਾਂ ਨੂੰ
ਰਾਤ-ਬਰਾਤੇ, ਸੰਨ੍ਹ ਲਗਾਉਣ ਤੋਂ ਵੀ
ਨਹੀਂ ਝਿਜਕਦੇ

ਮੌਸਮਾਂ ਦੇ ਬਦਲਣ ਨਾਲ ਹੀ
ਸਾਡਾ, ਮਨ-ਮਸਤਕ, ਚਾਲ-ਚਲਣ, ਵੀ
ਬਦਲ ਜਾਂਦਾ ਹੈ-

'ਅਸੀਂ, ਡਾਲਰਾਂ ਦੇ ਪੁੱਤਰ ਹਾਂ
ਸਾਡਾ, ਡਾਲਰਾਂ ਵਾਂਗੂੰ
ਨਾਂ ਵਿੱਕਦਾ'
■

(ਮਾਲਟਨ, ਅਪ੍ਰੈਲ 24, 2023)

# ਇੱਕ ਸਾਹਿਤਕ ਆਲੋਚਕ ਦੀ ਖਾਹਿਸ਼

ਇੱਕ, ਸਾਹਿਤਕ ਆਲੋਚਕ ਦੀ
ਖਾਹਿਸ਼ ਸੀ-
ਮੈਂ, ਅੱਖਾਂ ਤੋਂ ਅੰਨ੍ਹਾ ਹੋਵਾਂ
ਮੈਂ, ਕੰਨਾਂ ਤੋਂ ਬੋਲਾ ਬਣਾਂ
ਮੈਂ, ਮੂੰਹ ਤੋਂ ਗੁੰਗਾ ਰਹਾਂ

ਫਿਰ, ਜ਼ੂਮ, ਜ਼ੂਮ, ਜ਼ੂਮ, ਕਰਦਾ ਹੋਇਆ
ਪਿੰਡਾਂ, ਸ਼ਹਿਰਾਂ, ਦੇਸ਼ਾਂ, 'ਚ ਉੱਡਿਆ ਫਿਰਾਂ
ਗਲੀਆਂ, ਬਾਜ਼ਾਰਾਂ, ਚੌਰਸਤਿਆਂ, 'ਚ
ਧੜੇਬੰਦੀਆਂ ਦੀ, ਬਦਬੂ ਦਾ ਛਿੜਕਾਅ ਕਰਾਂ
ਆਪਣੇ, ਪਾਲਤੂਆਂ ਦੀਆਂ ਸਿਫਤਾਂ 'ਚ
ਲੰਬੇ, ਲੰਬੇ, ਭਾਰੀ, ਭਾਰੀ, ਸ਼ਬਦਾਂ ਦੀ ਚਾਸ਼ਨੀ 'ਚ ਡੁੱਬੇ
ਸਿੱਖਿਆ-ਸਿਹਰੇ ਪੜ੍ਹਾਂ
ਆਪਣੇ, ਅਕਾਦਮਿਕ, ਪੰਡਤਾਊਪੁਣੇ ਦੀ
ਸ਼ਬਦੀ, ਦਹਿਸ਼ਤ ਦਾ ਗੁਰਜ
ਆਪਣੇ, ਹੱਥੀਂ ਫੜ੍ਹਾਂ

ਇੱਕ, ਸਾਹਿਤਕ ਆਲੋਚਕ ਦੀ
ਖਾਹਿਸ਼ ਸੀ-
ਮੈਂ, ਹਰ, ਸਾਹਿਤਕ ਗੋਸ਼ਟੀ 'ਚ, ਜ਼ੂਮ, ਜ਼ੂਮ, ਜ਼ੂਮ, ਕਰਦਾ ਰਹਾਂ
ਮੈਂ, ਹਰ, ਸਾਹਿਤਕ ਸਮਾਰੋਹ 'ਚ, ਪਰਧਾਨਗੀ ਕੁਰਸੀ ਉੱਤੇ ਬਹਾਂ
ਮੈਂ, ਹਰ, ਸਾਹਿਤਕ ਵਿਸ਼ਵ ਸੰਮੇਲਨ ਦਾ, ਉਦਘਾਟਨੀ ਭਾਸ਼ਨ ਕਰਾਂ

ਫਿਰ, ਹਰ ਨਿਆਣੀ ਮੱਤ ਵਾਲੇ
ਲੇਖਕ ਦੇ ਸਿਰ ਉੱਤੇ, ਆਪਣਾ, ਖੁਸ਼ਾਮਦੀ ਹੱਥ ਧਰਾਂ
ਸਾਹਿਤ ਸਭਾਵਾਂ, ਸਾਹਿਤ ਅਕੈਡਮੀਆਂ, ਕਲਾ ਪਰੀਸ਼ਦਾਂ, ਦੀਆਂ
ਜੜ੍ਹਾਂ 'ਚ, ਫਨੀਅਰ ਸੱਪ ਬਣ ਬੈਠਾ ਰਹਾਂ
ਇਨਾਮਾਂ-ਸਨਮਾਨਾਂ, ਸਿਰੋਪਿਆਂ, ਸਾਹਿਤਕ-ਮਾਨਤਾਵਾਂ, ਦੀ ਖੇਡ
ਆਪਣੀ, ਮੁੱਠੀ 'ਚ ਹੀ ਕਰਾਂ

ਇੱਕ ਸਾਹਿਤਕ ਆਲੋਚਕ ਦੀ

ਖਾਹਿਸ਼ ਸੀ-
ਮੈਂ, ਸਾਹਿਤਕ, ਖਲਨਾਇਕ ਬਣਾਂ
ਮੈਂ, ਸਾਹਿਤਕ, ਭ੍ਰਿਸ਼ਟਾਚਾਰੀ ਬਣਾਂ
ਮੈਂ, ਸਾਹਿਤਕ, ਵਿਉਪਾਰੀ ਬਣਾਂ
ਮੈਂ, ਸਾਹਿਤਕ, ਦੁਰਾਚਾਰੀ ਬਣਾਂ
ਮੈਂ, ਸਾਹਿਤਕ, ਚਮਚਿਆਂ, ਕੜਛੀਆਂ, ਪਤੀਲਿਆਂ, ਦੀ
ਹਰ ਥਾਂ, ਨੁਮਾਇਸ਼ ਕਰਾਂ

■

(ਮਾਲਟਨ, ਮਈ 9, 2023)

# ਮੌਜ-ਮੇਲਾ ਸਮਾਰੋਹ

ਬਜ਼ੁਰਗ, ਲੇਖਕਾਂ ਕੋਲ
ਜਦੋਂ, ਕਰਨ ਨੂੰ
ਕੋਈ ਹੋਰ ਕੰਮ ਨ ਰਿਹਾ
ਤਾਂ, ਉਹ, ਇੱਕ-ਦੂਜੇ ਲਈ
ਮੌਜ-ਮੇਲਾ ਸਮਾਰੋਹ
ਆਯੋਜਿਤ ਕਰਨ ਵਿੱਚ
ਸਰਗਰਮ ਹੋ ਗਏ

ਸਾਹਿਤ ਅਕੈਡਮੀਆਂ, ਕਲਾ ਪ੍ਰੀਸ਼ਦਾਂ, ਕੇਂਦਰੀ ਸਭਾਵਾਂ, ਵੀ
ਬਜ਼ੁਰਗਾਂ ਨੂੰ ਉਤਸ਼ਾਹਿਤ ਕਰਨ ਲਈ
ਅੱਗੇ ਆ ਗਈਆਂ-

ਵਿਆਹਾਂ 'ਚ ਆਏ, ਨਾਨਕਾ ਮੇਲ ਵਾਂਗ
ਵੱਖੋ, ਵੱਖ, ਸਾਹਿਤਕ ਅਦਾਰੇ, ਦੋ ਦੋ ਮੀਟਰ, ਰੰਗ-ਬਿਰੰਗੇ
ਕੱਪੜੇ, ਉਨ੍ਹਾਂ, ਬਜ਼ੁਰਗਾਂ ਦੇ ਗਲਾਂ 'ਚ ਪਾ
ਬਜ਼ੁਰਗਾਂ ਨੂੰ, ਸਿਰੋਪਿਆਂ ਨਾਲ
ਸਨਮਾਨਿਤ ਕੀਤੇ ਜਾਣ ਦੇ
ਢੌਂਗ ਰਚਣ ਲੱਗੇ

ਇਨ੍ਹਾਂ, ਮੌਜ-ਮੇਲਾ ਸਮਾਰੋਹਾਂ ਵਿੱਚ
ਸਰਕਾਰੀ ਗ੍ਰਾਂਟਾਂ ਨਾਲ ਵਰਤਾਏ ਜਾਂਦੇ
ਲੰਗਰ ਖਾਣ ਲਈ ਜੁੜੀ, ਤਮਾਸ਼ਗੀਰਾਂ ਦੀ ਭੀੜ
ਫਿਲਮਾਂ ਦੀ ਪਿੱਠ-ਭੂਮੀ 'ਚ ਚੱਲਦੇ ਸੰਗੀਤ ਵਾਂਗ
ਤਾੜੀਆਂ ਦੀ ਗੜਗੜਾਹਟ ਦਾ, ਸ਼ੋਰ ਪੈਦਾ ਕਰਦੀ

ਦਾਰੂ ਦੇ ਪੈੱਗ, ਮੁਫ਼ਤ 'ਚ, ਵੰਡੇ ਜਾਣ ਦੀ
ਤਾਕ 'ਚ, ਜੁੜੇ, ਅਨੇਕਾਂ, ਮੌਸਮੀ ਪੱਤਰਕਾਰ
ਆਪਣੇ, ਮੋਬਾਈਲ ਕੈਮਰਿਆਂ ਨਾਲ
ਕਲਿੱਕ, ਕਲਿੱਕ, ਕਰਦੇ, ਲਾੜਿਆਂ ਵਾਂਗ
ਸੱਜ-ਧੱਜ ਕੇ, ਆਏ, ਕਈ, ਬਜ਼ੁਰਗ, ਲੇਖਕ
ਤੀਆਂ ਦੇ ਮੇਲਿਆਂ ਵਾਂਗ, ਬਿੰਦੀਆਂ, ਸੁਰਖੀਆਂ, ਨਾਲ
ਸਜੀਆਂ-ਧਜੀਆਂ, ਬਜ਼ੁਰਗ, ਲੇਖਿਕਾਵਾਂ

ਗਿੱਧਾ-ਭੰਗੜਾ ਪਾ ਕੇ, ਆਪਣੀ, ਆਪਣੀ
ਖੁਸ਼ੀ ਦਾ ਇਜ਼ਹਾਰ ਕਰਦੇ, ਦੂਜੇ ਦਿਨ
ਅਖਬਾਰਾਂ 'ਚ, ਸੁਰਖੀਆਂ ਲੱਗੀਆਂ ਹੁੰਦੀਆਂ-
ਫਲਾਣੇ, ਫਲਾਣੇ, ਲੇਖਕ ਨੂੰ
ਮੌਜ-ਮੇਲਾ ਸਮਾਰੋਹ 'ਚ
'ਬਾਬਾ ਬੋਹੜ' ਦਾ ਸਨਮਾਨ ਦਿੱਤਾ ਗਿਆ
ਫਲਾਣੀ, ਫਲਾਣੀ, ਲੇਖਕਾ ਨੂੰ
'ਬੇਬੇ ਬੋਹੜਣੀ' ਦਾ ਸਨਮਾਨ ਦਿੱਤਾ ਗਿਆ

ਕੁਝ, ਅਖ਼ਬਾਰਾਂ 'ਚ
ਇਹੋ ਜਿਹੀਆਂ, ਸੁਰਖੀਆਂ ਵੀ ਛਪਦੀਆਂ-
'ਮੌਜ-ਮੇਲਾ ਸਮਾਰੋਹ ਯਾਦਗਾਰੀ ਪੈੜਾਂ ਛੱਡ ਗਿਆ'
■
(ਮਾਲਟਨ, ਮਈ 17, 2023)

# ਸੁਵਿਧਾਜਨਕ ਕਲਚਰ

ਹਰ ਪਾਸੇ, ਹੀ
ਸੁਵਿਧਾਜਨਕ ਕਲਚਰ ਦਾ
ਰਾਮਰੌਲਾ ਹੈ-

ਸਾਹਿਤਕਾਰ, ਸੁਵਿਧਾਜਨਕ
ਸਾਹਿਤਕ, ਪੁਰਸਕਾਰ ਪ੍ਰਾਪਤ ਕਰਨ ਲਈ
ਪੁਰਸਕਾਰ, ਸਲਾਹਕਾਰ ਕਮੇਟੀ ਮੈਂਬਰਾਂ ਨਾਲ
ਜੁਗਾੜਵਾਦੀ, ਲੈਣ-ਦੇਣ ਦੀ
ਕੀਮਤ ਤਹਿ ਕਰਦੇ ਹਨ

ਰਾਜਨੀਤੀਵਾਨ, ਸੁਵਿਧਾਜਨਕ
ਪਾਰਲੀਮੈਂਟ ਦੀਆਂ ਚੋਣਾਂ ਜਿੱਤਣ ਲਈ
ਇਲਾਕੇ ਦੇ ਵੋਟਰਾਂ ਨਾਲ
ਜੁਗਾੜਵਾਦੀ, ਲੈਣ-ਦੇਣ ਦੀ
ਕੀਮਤ ਤਹਿ ਕਰਦੇ ਹਨ

ਨਸ਼ੇ ਦੇ ਸੌਦਾਗਰ, ਸੁਵਿਧਾਜਨਕ
ਜੇਹਲਾਂ ਦੀ ਕੈਦ 'ਚੋਂ ਆਜ਼ਾਦ ਹੋਣ ਲਈ
ਪੁਲਿਸ ਅਫਸਰਾਂ ਨਾਲ
ਜੁਗਾੜਵਾਦੀ, ਲੈਣ-ਦੇਣ ਦੀ
ਕੀਮਤ ਤਹਿ ਕਰਦੇ ਹਨ

ਖੋਜ ਕਰਨ ਵਾਲੇ, ਸੁਵਿਧਾਜਨਕ
ਬਿਨਾਂ ਖੋਜ ਕਾਰਜ ਕੀਤਿਆਂ ਪੀਐਚ.ਡੀ. ਡਿਗਰੀ ਲੈਣ ਲਈ
ਯੂਨੀਵਰਸਿਟੀ ਅਧਿਆਪਕਾਂ ਨਾਲ
ਜੁਗਾੜਵਾਦੀ, ਲੈਣ-ਦੇਣ ਦੀ
ਕੀਮਤ ਤਹਿ ਕਰਦੇ ਹਨ

ਬੁੱਧੀਜੀਵੀ, ਸੁਵਿਧਾਜਨਕ
ਬਿਨਾਂ ਲਿਖਤਾਂ ਲਿਖੇ ਕਿਤਾਬ ਪ੍ਰਕਾਸ਼ਿਤ ਕਰਨ ਲਈ
ਪ੍ਰਕਾਸ਼ਕ ਦੇ ਏਜੰਟਾਂ ਨਾਲ
ਜੁਗਾੜਵਾਦੀ, ਲੈਣ-ਦੇਣ ਦੀ

ਕੀਮਤ ਤਹਿ ਕਰਦੇ ਹਨ

ਵਿਦਿਆਰਥੀ, ਸੁਵਿਧਾਜਨਕ
ਬਿਨ੍ਹਾਂ ਕੋਈ ਇਮਤਿਹਾਨ ਦਿੱਤਿਆਂ ਪਾਸ ਹੋਣ ਲਈ
ਮੁੱਖ ਅਧਿਆਪਕ ਨਾਲ
ਜੁਗਾੜਵਾਦੀ, ਲੈਣ-ਦੇਣ ਦੀ
ਕੀਮਤ ਤਹਿ ਕਰਦੇ ਹਨ

ਕਾਤਲ, ਸੁਵਿਧਾਜਨਕ
ਕਤਲ ਦੇ ਮੁਕੱਦਮੇ 'ਚੋਂ ਬਰੀ ਹੋ ਜਾਣ ਲਈ
ਅਦਾਲਤ ਦੇ ਜੱਜ ਨਾਲ
ਜੁਗਾੜਵਾਦੀ, ਲੈਣ-ਦੇਣ ਦੀ
ਕੀਮਤ ਤਹਿ ਕਰਦੇ ਹਨ

ਹਰ ਪਾਸੇ, ਹੀ
ਸੁਵਿਧਾਜਨਕ ਕਲਚਰ ਦਾ
ਰਾਮਰੌਲਾ ਹੈ-

ਕਲਾ-ਪਰੀਸ਼ਦਾਂ, ਚੋਣ ਅਯੋਗਾਂ, ਥਾਣਿਆਂ, ਅਦਾਲਤਾਂ
ਵਿਸ਼ਵ-ਵਿਦਿਆਲਿਆਂ 'ਚ, ਹਰ ਪਾਸੇ ਹੀ
ਹਨੇਰ ਖਾਤਾ ਹੈ

ਹਰ, ਸਿੰਘਾਸਣ ਉੱਤੇ ਹੀ
ਬੈਠਾ, ਬਾਪੂ ਗਾਂਧੀ ਦੇ
ਬਾਂਦਰਾਂ ਵਾਂਗ-
-ਕੋਈ, ਗੁੰਗਾ ਹੈ
-ਕੋਈ, ਅੰਨ੍ਹਾ ਹੈ
-ਕੋਈ, ਬੋਲਾ ਹੈ
■

(ਮਾਲਟਨ, ਮਈ 19, 2023)

# ਲੋਕ ਆਖਦੇ ਹਨ-2

ਲੋਕ ਆਖਦੇ ਹਨ:
ਸਾਨੂੰ, ਨ ਸੁਣਾਓ
ਗੰਦੀ, ਰਾਜਨੀਤੀ ਦੇ ਕਿੱਸੇ
ਅਸੀਂ, ਸਭ ਜਾਣਦੇ ਹਾਂ
ਅਸੀਂ, ਘਾਗ, ਰਾਜਨੀਤੀਵਾਨਾਂ ਦੇ
ਚਿਹਰੇ ਪਹਿਚਾਣਦੇ ਹਾਂ

ਕਿਸ, ਕਿਸ, ਨੇ
ਖੂਹਾਂ ਦੇ ਪਾਣੀਆਂ 'ਚ
ਜ਼ਹਿਰਾਂ ਘੋਲੀਆਂ
ਕਿਸ, ਕਿਸ, ਨੇ
ਜਲ੍ਹਿਆਂਵਾਲੇ ਬਾਗ਼ ਦੇ ਕਾਤਲ ਨੂੰ
ਆਪਣੇ, ਘਰ 'ਚ ਬੁਲਾ ਕੇ
ਸ਼ਾਹੀ ਭੋਜਨ ਖਵਾਇਆ
ਕਿਸ, ਕਿਸ, ਨੇ
ਬਜ਼ੁਰਗ ਇਨਕਲਾਬੀਆਂ ਦੀਆਂ
ਲਾਸ਼ਾਂ ਨਹਿਰਾਂ ਦੇ ਪੁਲਾਂ 'ਤੇ ਰੋਲੀਆਂ
ਕਿਸ, ਕਿਸ, ਨੇ
ਝੂਠੇ ਪੁਲਿਸ ਮੁਕਾਬਲਿਆਂ ਦਾ
ਮੁੱਢ ਬੰਨ੍ਹਿਆ

ਲੋਕ ਆਖਦੇ ਹਨ:
ਸਾਨੂੰ, ਨ ਸੁਣਾਓ
ਗੰਦੀ, ਰਾਜਨੀਤੀ ਦੇ ਕਿੱਸੇ
ਅਸੀਂ, ਸਭ ਜਾਣਦੇ ਹਾਂ
ਕਿਸ, ਕਿਸ, ਨੇ
ਸਿਫਤੀ ਦੇ ਘਰ 'ਤੇ
ਬੰਦੂਕਾਂ, ਤੋਪਾਂ, ਰਾਕਟਾਂ, ਦਾ
ਹਮਲਾ ਕਰਨ ਲਈ
ਫ਼ੌਜਾਂ ਦਾ ਲਾਮ ਲਸ਼ਕਰ
ਬੁਲਾਇਆ

ਕਿਸ, ਕਿਸ, ਨੇ
ਸਿਫਤੀ ਦੇ ਘਰ ਨੂੰ
ਖੰਡਰ ਬਣਾਇਆ

ਲੋਕ ਆਖਦੇ ਹਨ:
ਸਾਨੂੰ, ਨ ਸੁਣਾਓ
ਗੰਦੀ, ਰਾਜਨੀਤੀ ਦੇ ਕਿੱਸੇ
ਅਸੀਂ, ਸਭ ਜਾਣਦੇ ਹਾਂ
ਕਿਸ, ਕਿਸ, ਨੇ
ਆਪਣੀ, ਨਿੱਜੀ ਜਾਇਦਾਦ ਹੋਣ ਦੇ
ਲੇਬਲ ਲਗਾਉਣ ਲਈ
ਕੌਮੀ ਸੰਸਥਾਵਾਂ ਦਾ
ਤਹਿਸ-ਨਹਿਸ ਕੀਤਾ
ਕਿਸ, ਕਿਸ, ਨੇ
ਆਪਣੇ, ਨਿੱਜੀ ਖ਼ਜ਼ਾਨੇ ਭਰਨ ਲਈ
ਆਪਣੀ, ਔਲਾਦ ਲਈ
ਰਾਜਸਿੰਘਾਸਨ 'ਤੇ ਕਬਜ਼ਾ ਕਰਨ ਲਈ
ਸਾਜ਼ਿਸ਼ਾਂ ਦਾ ਜਾਲ ਬੁਣਿਆ
ਹਰ ਕਾਬਿਲ, ਵਿਰੋਧੀ ਸਖਸ਼ ਨੂੰ
ਚਾਣਕਿਆ ਨੀਤੀ ਨਾਲ
ਚਿੱਤ ਕਰਕੇ
ਆਪਣੇ, ਮੱਥੇ ਉੱਤੇ
ਰਾਜਸਿੰਘਾਸਨ ਦਾ, ਅਸਲ
ਮਾਲਕ ਹੋਣ ਦਾ
ਤਿਲਕ ਧਰਿਆ

ਲੋਕ ਆਖਦੇ ਹਨ:
ਸਾਨੂੰ, ਨ ਸੁਣਾਓ
ਗੰਦੀ, ਰਾਜਨੀਤੀ ਦੇ ਕਿੱਸੇ
ਅਸੀਂ, ਸਭ ਜਾਣਦੇ ਹਾਂ
ਅਸੀਂ, ਦੁਰਾਚਾਰੀਆਂ ਦੇ
ਚਿਹਰੇ, ਚੰਗੀ ਤਰਾਂ
ਪਹਿਚਾਣਦੇ ਹਾਂ
■ (ਮਾਲਟਨ, ਅਪ੍ਰੈਲ 26, 2023)

# ਲਿਫ਼ਾਫ਼ਾ ਕਲਚਰ ਦੀ ਪੈਦਾਇਸ਼ ਤੋਤੇ

ਧਰਮੀ ਸਥਾਨਾਂ ਨੂੰ, ਆਪਣੀ
ਜਕੜ ਹੇਠ ਰੱਖਣ ਲਈ–
ਮਕਾਰ ਰਾਜਨੀਤੀਵਾਨ, ਆਪਣੇ
ਹੱਥਾਂ 'ਚ ਫੜ੍ਹੇ, ਲਿਫ਼ਾਫ਼ਿਆਂ ਦੇ ਜੰਮਪਲ
ਪਾਲਤੂ, ਤੋਤਿਆਂ ਨੂੰ
ਧਰਮੀ ਸਥਾਨਾਂ ਦੇ, ਸਿੰਘਾਸਣਾਂ ਉੱਤੇ
ਬਿਰਾਜਮਾਨ ਕਰਵਾਉਂਦੇ ਹਨ

ਇਨ੍ਹਾਂ, ਮਕਾਰ, ਰਾਜਨੀਤੀਵਾਨਾਂ ਨੇ
ਜਦੋਂ ਵੀ, ਇਹਨਾਂ, ਧਰਮੀ ਸਥਾਨਾਂ ਦੀਆਂ
ਗੋਲਕਾਂ 'ਚ ਸੰਨ੍ਹ ਲਗਾਉਣੀ ਹੁੰਦੀ ਹੈ–
ਤਾਂ, ਉਹ, ਆਪਣੇ, ਇਨ੍ਹਾਂ, ਪਾਲਤੂ
ਤੋਤਿਆਂ ਨੂੰ ਪੁੱਛਦੇ ਹਨ:
'ਗੰਗਾ ਰਾਮ
ਚੂਰੀ ਖਾਏਂਗਾ?'

ਬੱਸ, ਇੰਨੀ ਕੁ ਦੇਰ ਵਿੱਚ ਹੀ
ਇਹ, ਖਲਨਾਇਕ, ਰਾਜਨੀਤੀਵਾਨ–
ਧਰਮੀ ਸਥਾਨਾਂ ਦੀਆਂ, ਗੋਲਕਾਂ ਵਿੱਚ
ਹੂੰਝਾ ਫੇਰ, ਆਪਣੀਆਂ, ਜੇਹਬਾਂ
ਗੋਲਕਾਂ 'ਚੋਂ ਲੁੱਟੇ, ਸੋਨੇ, ਚਾਂਦੀ, ਦੇ
ਸਿੱਕਿਆਂ ਨਾਲ ਭਰ
–ਵਾਹਿਗੁਰੂ, ਵਾਹਿਗੁਰੂ, ਦਾ ਜਾਪ ਕਰਦੇ ਹੋਏ
–ਰਾਮ, ਰਾਮ, ਦਾ ਜਾਪ ਕਰਦੇ ਹੋਏ
–ਅੱਲਾ, ਅੱਲਾ, ਦਾ ਜਾਪ ਕਰਦੇ ਹੋਏ
–ਜੀਸਸ, ਜੀਸਸ, ਦਾ ਜਾਪ ਕਰਦੇ ਹੋਏ
ਆਪਣੀਆਂ, ਗਿੱਠ, ਗਿੱਠ, ਲੰਬੀਆਂ
ਦਾਹੜੀਆਂ ਨੂੰ, ਕੁੱਤਿਆਂ ਦੀਆਂ ਪੂਛਾਂ ਵਾਂਗ
ਪਲੋਸਦੇ, ਆਪਣੇ, ਚਿਹਰਿਆਂ ਉੱਤੇ
ਰੇਸ਼ਮੀ ਮੁਸਕਰਾਹਟਾਂ ਪਹਿਣ
ਸੜਕਾਂ ਉੱਤੇ, ਨਿਕਲ ਆਉਂਦੇ ਹਨ
ਭੇਡਾਂ, ਆਪਣੇ

ਮਾਲਿਕਾਂ ਦੀਆਂ, ਭ੍ਰਿਸ਼ਟ
ਪ੍ਰਾਪਤੀਆਂ ਦੇ ਜਸ਼ਨ ਵਜੋਂ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, 'ਚ
ਰਾਤ ਭਰ, ਭੰਗੜਾ
ਪਾਉਂਦੀਆਂ ਹਨ

ਕੁਝ, ਵਿਕਾਊ ਪੱਤਰਕਾਰ
ਲਿਫ਼ਾਫ਼ਾ ਕਲਚਰ ਦੀਆਂ, ਅਜਿਹੀਆਂ
ਭ੍ਰਿਸ਼ਟ, ਪ੍ਰਾਪਤੀਆਂ ਦੀਆਂ, ਸਿਫਤਾਂ ਭਰੀਆਂ
ਖਬਰਾਂ ਲਿਖ ਲਿਖ, ਦੂਸਰੇ ਦਿਨ
ਸਵੇਰ ਦੀਆਂ, ਪੱਤਰਕਾਵਾਂ ਵਿੱਚ
ਸੁਰਖੀਆਂ ਨੂੰ ਜਨਮ ਦਿੰਦੇ ਹਨ
■

(ਮਾਲਟਨ, ਜੂਨ 26, 2023)

# ਪਲਟੀਨਾ

ਘਰੋਂ, ਤਾਂ, ਉਹ ਤੁਰੇ ਸੀ
ਗੁਰੂ ਨੂੰ, ਸੀਸ ਦੇਣ ਲਈ
ਪਰ, ਪਲਟੀਨਾ ਉਹਨਾਂ ਰੱਖਿਆ ਸੀ
ਪੁਲਿਸ ਤੋਂ ਬਚ ਕੇ, ਭੱਜਣ ਭਜਾਉਣ ਨੂੰ

70,000 ਪੁਲਿਸ ਦੇ ਸਿਪਾਹੀਆਂ ਨੇ ਸੀ
ਉਹਨੂੰ ਕਹਿੰਦੇ, ਘੇਰਾ ਪੂਰਾ ਪਾ ਲਿਆ
ਪੁਲਿਸ, ਹੁਣ, ਕਹਿੰਦੀ, ਜੇਕਰ ਸੱਚ ਪੁੱਛਦੇ ਹੋ
ਉਹ ਘੇਰਾ ਤਾਂ ਸੀ, ਝੂਠ ਬੋਲਣ ਬੁਲੌਣ ਨੂੰ

ਪੁਲਿਸ ਕਹਿੰਦੀ, ਅਸੀਂ, ਕਿਸੀ ਹੁੱਲੜਬਾਜ਼ ਨੂੰ
ਪਕੜ ਕੇ, ਕੀ ਅੰਬ ਲੈਣੇ ਸੀ
ਜਿਨ੍ਹਾਂ ਸਰਕਾਰੀ ਏਜੰਸੀਆਂ ਦਾ ਬੰਦਾ ਸੀ, ਉਹ
ਉਹੀ, ਹੁਣ, ਰੁੱਝੇ ਹੋਏ, ਉਹਦਾ, ਥਾਂ ਥਾਂ ਨਾਟਕ ਦਿਖਾਉਣ ਨੂੰ

ਕਦੀ ਏਜੰਸੀਆਂ, ਉਹਨੂੰ, ਰੇਹੜੇ ਉਤੇ ਚਾਹੜ ਦੇਣ
ਕਦੀ ਭੇਜ ਦਿੰਦੇ, ਉਹਨੂੰ, ਬੇੜੀ ਰਾਹੀਂ, ਦਰਿਆ ਪਾਰ ਕਰਾਉਣ ਨੂੰ
ਕਦੀ ਪੰਜਾਬ, ਕਦੀ ਹਰਿਆਣਾ, ਕਦੀ ਉਤਰਾਖੰਡ
ਰਹਿ ਨ ਕੋਈ ਜਾਵੇ ਸੂਬਾ, ਉਹਦੇ ਘੁੰਮਣ ਘੁੰਮਾਉਣ ਨੂੰ

ਸੁਰੱਖਿਆ ਏਜੰਸੀਆਂ ਨੇ, ਥਾਂ ਥਾਂ ਹੁਣ
ਖਤਰਨਾਕ ਦਹਿਸ਼ਤਗਰਦ, ਨਾਟਕ ਦਿਖਾਲਣਾ
ਲੋਕਾਂ ਦੀਆਂ ਨਜ਼ਰਾਂ 'ਚ, ਆਪਣੇ ਹੀ, ਏਜੰਟ ਨੂੰ
ਹਿੰਦੁਸਤਾਨੀ, ਜਾਸੂਸੀ, ਫਿਲਮਾਂ ਦਾ ਹੀਰੋ, ਜੇਮਜ਼ ਬਾਂਡ ਬਨਾਉਣ ਨੂੰ

ਜਿਹੜੇ ਸੰਘ ਪਾੜ ਪਾੜ ਕਹਿੰਦੇ ਸੀ
ਨਿੱਤ, ਅਸੀਂ ਹਾਂ ਡਾਕੂਆਂ ਦੇ ਪੁੱਤਰ
ਉਨਾਂ ਦਾ ਨਾਮ, ਹੁਣ ਮੰਡੀ 'ਚ
ਡਾਲਰਾਂ ਦੇ ਵਾਂਗ, ਵਿਕਣ ਵਿਕੌਣ ਨੂੰ
■

(ਮਾਲਟਨ, ਮਾਰਚ 26, 2023)

# ਬਲਾਤਕਾਰੀ ਕਾਨੂੰਨ-ਘਾੜੇ ਅਤੇ ਅਦਾਲਤਾਂ

ਕੁਝ ਦੇਸਾਂ ਦੀਆਂ ਅਦਾਲਤਾਂ
ਅਤੇ ਕਾਨੂੰਨ ਵੀ ਅਜੀਬ ਹੁੰਦੇ ਹਨ-

ਜਿੱਥੇ, ਜੇਹਲਾਂ 'ਚ ਬੰਦ
ਖਤਰਨਾਕ, ਬਲਾਤਕਾਰੀਆਂ ਨੂੰ
ਬਿਨਾਂ, ਕਿਸੀ, ਰੋਕ-ਟੋਕ, ਮੌਜ-ਮੇਲਾ
ਕਰਨ ਲਈ, ਹਕੂਮਤਾਂ
ਭੀੜ-ਭੜੱਕੇ ਵਾਲੇ, ਸ਼ਹਿਰਾਂ ਵਿੱਚ
ਸ਼ਿਕਾਰੀ ਕੁੱਤਿਆਂ ਵਾਂਗ, ਖੁੱਲ੍ਹਾ
ਛੱਡ ਦਿੰਦੀਆਂ ਹਨ

ਪਰ, ਕਿਸੀ
ਜੁਰਮ ਵਿੱਚ, ਆਪਣੀ
ਸਜ਼ਾ ਪੂਰੀ ਕਰ ਚੁੱਕੇ
ਆਮ ਲੋਕਾਂ ਨੂੰ, ਉਹ
ਜੇਹਲਾਂ ਦੀਆਂ, ਸਲਾਖਾਂ ਪਿੱਛੇ
ਡੱਕੀ ਰੱਖਦੀਆਂ ਹਨ, ਕਿਉਂਕਿ
ਉਹ, ਕੋਈ, ਜੁਰਮ, ਫਿਰ
ਕਰ ਸਕਦੇ ਹਨ

ਜ਼ਾਹਿਰ ਹੈ, ਦੇਸ ਦੀ
ਸੰਸਦ ਵਿੱਚ, ਕਾਨੂੰਨ
ਬਨਾਉਣ ਵਾਲੇ, ਜੇਕਰ
ਬਹੁ-ਗਿਣਤੀ, ਬਲਾਤਕਾਰੀ
ਹੋਣਗੇ, ਤਾਂ
ਅਦਾਲਤਾਂ ਵਿੱਚ ਬੈਠੇ
ਜੱਜ ਵੀ, ਬਲਾਤਕਾਰੀ
ਕਾਨੂੰਨ-ਘਾੜਿਆਂ ਦੀ ਹੀ
ਜੀ ਹਜ਼ੂਰੀ ਕਰਨਗੇ-

ਉਹ ਵੀ, ਆਪਣੀਆਂ
ਪੂਛਾਂ ਦੀ ਸਲਾਮੀ

ਬਲਾਤਕਾਰੀ, ਕਾਨੂੰਨ-ਘਾੜਿਆਂ
ਨੂੰ ਹੀ ਦੇਣਗੇ

ਅਜਿਹੀਆਂ, ਭ੍ਰਿਸ਼ਟ
ਹਕੂਮਤਾਂ ਦੇ ਇਸ਼ਾਰਿਆਂ ਉੱਤੇ
ਨੱਚਣ ਵਾਲੀਆਂ ਅਦਾਲਤਾਂ
ਮਹਿਜ਼, ਲੋਕਾਂ ਦੀਆਂ
ਅੱਖਾਂ 'ਚ ਘੱਟਾ ਪਾਉਣ ਵਾਲੇ
ਨਾਟਕੀ, ਰੰਗ-ਮੰਚ ਦੇ ਦ੍ਰਿਸ਼
ਪੇਸ਼ ਕਰਨ ਵਾਲੀਆਂ, ਨੌਟੰਕੀ
ਕੰਪਨੀਆਂ ਤੋਂ ਵੱਧ
ਹੋਰ ਕੁਝ ਵੀ
ਨਹੀਂ ਹੁੰਦੀਆਂ
■

(ਮਾਲਟਨ, ਫਰਵਰੀ 1, 2023)

# ਲਾਹਨਤਾਂ

ਗੁੰਡਾ ਸਲਤਨਤ ਦਾ ਗੁੰਡਾ-ਗ੍ਰਹਿ, ਜੇਕਰ
ਦੇਸ਼ ਦੀ ਰਾਜਧਾਨੀ ਦੀਆਂ, ਸੜਕਾਂ ਉੱਤੇ
ਪੂਰੀ ਬੇਸ਼ਰਮੀ ਨਾਲ, ਧੀਆਂ ਨੂੰ ਘੜੀਸਦਾ ਹੈ
ਮਹਿਜ਼, ਆਪਣੇ, ਭ੍ਰਿਸ਼ਟ, ਰਾਜਨੀਤੀਵਾਨਾਂ ਦੀਆਂ
ਖੁਸ਼ੀਆਂ ਖਾਤਰ, ਤਾਂ-
ਗੁੰਡਾ ਸਲਤਨਤ ਦੇ, ਸਭ
ਅਹਿਲਕਾਰਾਂ ਨੂੰ ਲਾਹਨਤਾਂ

ਗੁੰਡਾ ਸਲਤਨਤ ਦੇ ਧਰਮੀ ਘੜੰਮ-ਚੌਧਰੀ, ਜੇਕਰ
ਦੇਸ਼ ਦੀ ਸੰਸਦ ਇਮਾਰਤ ਵਿੱਚ ਔਰਤਾਂ ਦੇ
ਆਉਣ ਉੱਤੇ ਪਾਬੰਧੀਆਂ ਲਗਾਉਂਦੇ ਹਨ
ਮਹਿਜ਼, ਇਹ ਕਹਿਕੇ, ਔਰਤਾਂ ਦੀ, ਤਾਂ, ਨੀਂਵੀਂ ਜ਼ਾਤ ਹੁੰਦੀ ਹੈ
ਉਨ੍ਹਾਂ ਦੇ ਆਉਣ ਨਾਲ, ਇਮਾਰਤ ਭ੍ਰਿਸ਼ਟ ਜਾਏਗੀ
ਗਊ ਮੂਤਰ ਨਾਲ, ਫਿਰ ਧੋਣੀ ਪਵੇਗੀ, ਤਾਂ
ਗੁੰਡਾ ਸਲਤਨਤ ਦੇ, ਸਭ
ਅਹਿਲਕਾਰਾਂ ਨੂੰ ਲਾਹਨਤਾਂ

ਗੁੰਡਾ ਸਲਤਨਤ ਦਾ ਮੁਖੀਆ, ਜੇਕਰ
ਬਹੁ-ਕੌਮੀ ਦੇਸ਼ ਦੀਆਂ ਮੁੱਖ ਇਮਾਰਤਾਂ ਨੂੰ
ਲੋਕ-ਅਰਪਣ ਕਰਨ ਸਮੇਂ, ਆਪਣੇ ਦੁਆਲੇ
ਧਰਮੀ-ਜਨੂੰਨੀਆਂ, ਨਾਂਗੇ ਸਾਧੂਆਂ, ਦੁਰਾਚਾਰੀਆਂ, ਦੀ
ਭੀੜ ਇਕੱਠੀ ਕਰ ਕੇ ਨੌਟੰਕੀ ਕਰਦਾ ਹੈ
ਮਹਿਜ਼, ਦੇਸ਼ ਵਿੱਚ, ਜਹਾਲਤ ਦਾ ਬੋਲਬਾਲਾ ਕਰ
ਅੰਧ-ਭਗਤਾਂ ਤੋਂ, ਵੋਟਾਂ ਬਟੋਰਨ ਲਈ, ਤਾਂ
ਗੁੰਡਾ ਸਲਤਨਤ ਦੇ, ਸਭ
ਅਹਿਲਕਾਰਾਂ ਨੂੰ ਲਾਹਨਤਾਂ

ਗੁੰਡਾ ਸਲਤਨਤ ਦੇ ਸੱਦੇ ਉੱਤੇ, ਜੇਕਰ
ਗੁਰੂ ਦੀਆਂ ਲਾਡਲੀਆਂ ਫ਼ੌਜਾਂ ਵੀ
ਤੁਰ ਪੈਂਦੀਆਂ ਹਨ, ਗੁੰਡਾ-ਗ੍ਰਹਾਂ ਦੇ
ਹਰ ਹੁਕਮ ਅੱਗੇ ਸਿਰ ਨਿਵਾਉਣ ਲਈ
ਮਹਿਜ਼, ਗੁੰਡਾ-ਗ੍ਰਹਿ ਦੀ ਮੇਹਰ ਸਦਕਾ

ਕਿਸੀ, ਰਾਜਨੀਤਕ ਸਿੰਘਾਸਣ ਉੱਤੇ
ਬੈਠਣ ਦੀ ਲਾਲਸਾ 'ਚ ਆ ਕੇ, ਤਾਂ
ਗੁੰਡਾ ਸਲਤਨਤ ਦੇ, ਸਭ
ਅਹਿਲਕਾਰਾਂ ਨੂੰ ਲਾਹਨਤਾਂ

ਗੁੰਡਾ ਸਲਤਨਤ ਦਾ ਉਦੇਸ਼, ਜੇਕਰ
ਦੇਸ਼ ਦੇ ਹਰ ਮਰਦ ਨੂੰ, ਨ-ਮਰਦ ਬਣਾ ਕੇ
ਭੇਡਾਂ, ਬੱਕਰੀਆਂ, ਸੂਰਾਂ, 'ਚ ਤਬਦੀਲ ਕਰਨਾ ਹੈ
ਤਾਂ, ਜੁ, ਉਹ, ਗੁੰਡਾ-ਗ੍ਰੋਹਾਂ ਦੇ, ਹਰ
ਉਦੇਸ਼ ਨੂੰ ਸੁਣ ਕੇ-
ਮੈਂ, ਮੈਂ, ਮੈਂ, ਮੈਂ, ਮੈਂ, ਕਰਦੇ ਰਹਿਣ

ਤਾਂ, ਮੇਰੇ, ਦੋਸਤੋ !
ਤੁਹਾਨੂੰ, ਕੁੰਭਕਰਨੀ ਨੀਂਦ 'ਚੋਂ
ਹੁਣ, ਜਾਗਣਾ ਪਵੇਗਾ-

ਹਿਟਲਰ ਦੀ ਰੂਹ
ਗੁੰਡਾ ਸਲਤਨਤ 'ਚ
ਦਾਖਲ ਹੋ ਚੁੱਕੀ ਹੈ
■

(ਮਾਲਟਨ, ਮਈ 29, 2023)

# ਬਾਂਦਰਾਂ ਦੀ ਭੀੜ

ਹਕੂਮਤ ਦਾ ਮੁਖੀ, ਦੇਸ਼ ਦੇ ਸੰਸਦ ਭਵਨ 'ਚ
ਨਾਂਗੇ ਸਾਧੂਆਂ, ਧਰਮੀ ਜਨੂੰਨੀਆਂ, ਪਿੱਛਲੱਗੂਆਂ, ਮੁਖਬਰਾਂ, ਦੀ
ਭੀੜ ਇਕੱਠੀ ਕਰਕੇ, ਨੀਰੋ ਵਾਂਗ
ਬੰਸਰੀ ਵਜਾਉਂਦਾ, ਨੌਟੰਕੀ ਕਰਨ ਲੱਗਾ
ਤਾਂ, ਕਿਸੀ ਨੇ, ਉੱਚੀ ਆਵਾਜ਼ 'ਚ, ਕਿਹਾ :
ਦੇਸ਼ ਦੇ ਖਿਡਾਰੀ, ਖਿਡਾਰਨਾਂ, ਜਿਨਸੀ ਸੋਸ਼ਣ ਵਿਰੁੱਧ ਰੋਸ ਵਜੋਂ
ਆਪਣੇ, ਤਮਗ਼ੇ ਗੰਗਾ 'ਚ ਵਹਾਉਣ ਜਾ ਰਹੇ ਹਨ
ਹਕੂਮਤ ਦਾ ਮੁਖੀ, ਚਿਹਰੇ 'ਤੇ
ਰੇਸ਼ਮੀ ਮੁਸਕਰਾਹਟ ਲਿਆ ਕੇ, ਬੋਲਿਆ:
ਅਸੀਂ, ਆਪਣੇ, ਬਲਾਤਕਾਰੀ ਰਾਜਨੀਤੀਵਾਨਾਂ ਨੂੰ
ਮੰਨੂਵਾਦੀ, ਚਾਣਕੀਆ, ਨੀਤੀ ਦਾ ਪਾਠ ਪੜਾਉਣ 'ਚ ਰੁੱਝੇ ਹੋਏ ਹਾਂ

ਹਕੂਮਤ ਦਾ ਮੁਖੀ, ਦੇਸ਼ ਦੇ ਸੰਸਦ ਭਵਨ 'ਚ
ਚਮਚੇ-ਨੁਮਾ, ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਦੀ
ਭੀੜ ਇਕੱਠੀ ਕਰਕੇ, ਦੁਰਯੋਧਨ ਵਾਂਗ
ਦਰੋਪਦੀ ਦੀ ਸਾੜੀ ਉਤਾਰਨ ਦੀ
ਭਰੀ ਸਭਾ 'ਚ, ਨੌਟੰਕੀ ਕਰਨ ਲੱਗਾ
ਤਾਂ, ਕਿਸੀ ਨੇ, ਉੱਚੀ ਆਵਾਜ਼ 'ਚ, ਕਿਹਾ :
ਦੇਸ ਦੇ ਕੋਨੇ ਕੋਨੇ 'ਚ, ਔਰਤਾਂ
ਬਲਾਤਕਾਰੀ ਰਾਜਨੀਤੀਵਾਨਾਂ ਵਿਰੁੱਧ ਲਾਮਬੱਧ ਹੋ ਰਹੀਆਂ ਹਨ
ਹਕੂਮਤ ਦਾ ਮੁਖੀ, ਚਿਹਰੇ 'ਤੇ
ਰੇਸ਼ਮੀ ਮੁਸਕਰਾਹਟ ਲਿਆ ਕੇ, ਬੋਲਿਆ:
ਬਲਾਤਕਾਰ ਕਰਨਾ, ਸਾਡੇ, ਕਲਚਰ ਦਾ ਅਨਿੱਖੜਵਾਂ ਅੰਗ ਹੈ
ਅਸੀਂ, ਦੇਸਵਾਸੀਆਂ ਨੂੰ, ਇਹ ਸਿਖਾਉਣ 'ਚ ਰੁੱਝੇ ਹੋਏ ਹਾਂ

ਹਕੂਮਤ ਦਾ ਮੁਖੀ, ਦੇਸ਼ ਦੇ ਸੰਸਦ ਭਵਨ 'ਚ
ਮੁਖਬਰਾਂ, ਬਲਾਤਕਾਰੀਆਂ, ਦੁਰਾਚਾਰੀਆਂ, ਕੰਜਰਾਂ, ਦੀ
ਭੀੜ ਇਕੱਠੀ ਕਰਕੇ, ਸੋਨਾਗਾਚੀ ਦੇ ਦਲਾਲ ਵਾਂਗ
ਲਾਲ ਬੱਤੀ ਵਾਲੇ ਚੌਕ 'ਚ, ਨੌਟੰਕੀ ਕਰਨ ਲੱਗਾ
ਤਾਂ, ਕਿਸੀ ਨੇ, ਉੱਚੀ ਆਵਾਜ਼ 'ਚ, ਕਿਹਾ :

ਦੇਸ ਦੇ ਕੋਨੇ ਕੋਨੇ 'ਚ, ਕਿਸਾਨ
ਬਲਾਤਕਾਰੀ ਰਾਜਨੀਤੀਵਾਨਾਂ ਵਿਰੁੱਧ ਇਕੱਠੇ ਹੋ ਰਹੇ ਹਨ
ਹਕੂਮਤ ਦਾ ਮੁਖੀ, ਚਿਹਰੇ 'ਤੇ
ਰੇਸ਼ਮੀ ਮੁਸਕਰਾਹਟ ਲਿਆ ਕੇ ਬੋਲਿਆ:
ਰਿਸ਼ੀ, ਮੁਨੀ, ਵੀ ਤਾਂ ਬਲਾਤਕਾਰੀ ਹੀ ਸਨ
ਅਸੀ, ਮਨ ਕੀ ਬਾਤ ਵਿੱਚ, ਇਹ, ਦਸਣ 'ਚ ਰੁੱਝੇ ਹੋਏ ਹਾਂ

ਹਕੂਮਤ ਦਾ ਮੁਖੀ, ਦੇਸ਼ ਦੇ ਸੰਸਦ ਭਵਨ 'ਚ
ਪੰਡਤਾਂ, ਭਾਈਆਂ, ਮੌਲਵੀਆਂ, ਪਾਦਰੀਆਂ, ਦੀ
ਭੀੜ ਇਕੱਠੀ ਕਰਕੇ, ਮੰਨੂਵਾਦੀ ਪ੍ਰਚਾਰਕਾਂ ਵਾਂਗ
ਔਰਤਾਂ ਨੂੰ ਹਮੇਸ਼ਾ ਦਬਾ ਕੇ ਰੱਖਣ ਦੀ, ਨੌਟੰਕੀ ਕਰਨ ਲੱਗਾ
ਤਾਂ, ਕਿਸੀ ਨੇ, ਉੱਚੀ ਆਵਾਜ਼ 'ਚ, ਕਿਹਾ:
ਦੇਸ਼ ਦੇ ਸੂਝਵਾਨ ਲੋਕ, ਹਰ ਜਗ੍ਹਾ
ਬਲਾਤਕਾਰੀ ਰਾਜਨੀਤੀਵਾਨਾਂ ਵਿਰੁੱਧ ਰੋਸ ਮੁਜਾਹਰੇ ਕਰ ਰਹੇ ਹਨ
ਹਕੂਮਤ ਦਾ ਮੁਖੀ, ਚਿਹਰੇ 'ਤੇ
ਰੇਸ਼ਮੀ ਮੁਸਕਰਾਹਟ ਲਿਆ ਕੇ ਬੋਲਿਆ:
ਬਲਾਤਕਾਰੀਆਂ, ਦੁਰਾਚਾਰੀਆਂ, ਕੰਜਰਾਂ, ਨੂੰ
ਅਸੀਂ, ਸੰਸਦ ਵਿੱਚ ਬਿਠਾਉਣ ਦੀਆਂ, ਸਾਜ਼ਿਸਾਂ ਘੜਣ 'ਚ, ਰੁੱਝੇ ਹੋਏ ਹਾਂ

ਬਾਂਦਰਾਂ ਦੀ ਭੀੜ, ਜਦੋਂ
ਦੇਸ਼ ਦੇ, ਸੰਸਦ ਭਵਨਾਂ ਦੀਆਂ
ਕੁਰਸੀਆਂ ਨੂੰ ਵੀ ਜੱਫਾ ਮਾਰ ਲਵੇ
ਤਾਂ, ਦੇਸ਼ਵਾਸੀਆਂ ਕੋਲ, ਫਿਰ
ਬਸ, ਇਹੀ ਕੁਝ ਹੀ
ਬਚਿਆ ਰਹਿ ਜਾਂਦਾ ਹੈ-

ਜਾਂ, ਤਾਂ, ਉਹ ਵੀ
ਬਾਂਦਰਾਂ ਵਾਂਗ ਹੀ, ਨੱਚਣ ਲੱਗ ਜਾਣ
ਜਾਂ, ਬਾਂਦਰਾਂ ਦੀਆਂ ਪੂਛਾਂ
ਮਰੋੜਣ ਦੀ ਜਾਚ ਸਿੱਖ ਲੈਣ
■

(ਮਾਲਟਨ, ਮਈ 30, 2023)

# ਦ੍ਰੋਪਦੀ ਨੂੰ ਕਹੋ

ਦੁਰਯੋਧਨ ਦੀ ਔਲਾਦ
ਰਾਜਸਿੰਘਾਸਨ ਉੱਤੇ ਕਾਬਜ਼ ਹੈ -

ਉਸ ਲਈ, ਇਸ ਗੱਲ ਦੇ
ਕੋਈ ਅਰਥ ਨਹੀਂ, ਖਿਡਾਰਨਾਂ
ਖੇਡਾਂ 'ਚ ਜਿੱਤੇ, ਓਲੰਪਿਕ ਤਮਗ਼ੇ
ਗੰਗਾ ਦੇ ਪਾਣੀਆਂ 'ਚ
ਵਹਾ ਦੇਣਗੀਆਂ

ਰਾਜਸਿੰਘਾਸਨ ਦਾ, ਗੁੰਡਾ-ਗ੍ਰੋਹ
ਤਾਂ, ਇੱਥੋਂ ਤੱਕ ਵੀ, ਕਹਿ ਦੇਵੇਗਾ:
ਦ੍ਰੋਪਦੀ ਅਤੇ ਉਸ ਦੀਆਂ ਖਿਡਾਰਨ
ਸਾਥਣਾਂ, ਤਮਗਿਆਂ ਦੇ ਨਾਲ ਹੀ
ਆਪਣੇ ਆਪ ਨੂੰ ਵੀ ਗੰਗਾ ਦੇ
ਪਾਣੀਆਂ ਦੇ ਹਵਾਲੇ ਕਰ ਦੇਣ

ਰਾਜਸਿੰਘਾਸਨ ਉੱਤੇ ਕਾਬਜ਼
ਦੁਰਯੋਧਨ ਦੀ ਔਲਾਦ ਲਈ-
ਖਿਡਾਰਨਾਂ ਵੱਲੋਂ, ਖੇਡਾਂ 'ਚ ਜਿੱਤੇ
ਓਲੰਪਿਕ ਤਮਗ਼ੇ, ਕੋਈ
ਅਰਥ ਨਹੀਂ ਰੱਖਦੇ

ਉਨ੍ਹਾਂ ਦੀ ਨਿਗਾਹ, ਤਾਂ
ਦ੍ਰੋਪਦੀਆਂ ਦੇ ਤਨ-ਬਦਨ ਉੱਤੋਂ
ਫਿਸਲਦੀ ਹੈ-

ਉਨ੍ਹਾਂ ਲਈ, ਤਾਂ
ਖੇਡਾਂ ਦੇ ਅਰਥ, ਦ੍ਰੋਪਦੀਆਂ ਦੇ
ਜਿਸਮਾਂ ਨੂੰ, ਗਿਰਝਾਂ ਵਾਂਗ, ਨੋਚਣ
ਤੱਕ ਹੀ ਸੀਮਤ ਹਨ

ਦੁਰਯੋਧਨ ਦੀ ਔਲਾਦ

ਤਾਂ, ਬਸ, ਦ੍ਰੋਪਦੀਆਂ ਨੂੰ
ਆਪਣੇ, ਪੈਰਾਂ ਹੇਠ
ਰੋਲਣਾ ਹੀ ਜਾਣਦੀ ਹੈ
■

(ਮਾਲਟਨ, ਮਈ 30, 2023)

# ਮੱਠਧਾਰੀ, ਖਲਨਾਇਕ, ਧੜੇਬੰਦਕ

ਮੱਠਧਾਰੀਆਂ, ਖਲਨਾਇਕਾਂ, ਧੜੇਬੰਦਕਾਂ, ਤੋਂ
ਫਾਸਲਾ ਬਣਾ ਕੇ ਤੁਰ-

ਇਨ੍ਹਾਂ ਦਾ ਕੀ ਪਤਾ ਹੈ, ਕਦੋਂ
ਇਨ੍ਹਾਂ ਦੇ, ਮਨਾਂ 'ਚ
ਸਾਹਿਤਕ, ਇਨਾਮਾਂ, ਸਨਮਾਨਾਂ, ਸਿਰੋਪਿਆਂ, ਐਵਾਰਡਾਂ, ਦੀ
ਪ੍ਰਾਪਤੀ ਦੀ, ਇੱਛਾ ਜਾਗ ਜਾਵੇ
ਇਹ, ਸੜਕ ਉੱਤੇ, ਤੁਰੀ ਜਾਂਦੀ
ਕਿਸੀ, ਰਾਜਨੀਤਕ, ਬੱਕਰੀ ਵੱਲੋਂ
ਲਗਾਏ ਜਾ ਰਹੇ ਮੇਂਗਣਾਂ ਦੇ ਢੇਰ ਦੀ
ਮਹਿਮਾ 'ਚ, ਤਰੰਨਮ-ਨੁਮਾ, ਅਲਾਪ
ਛੇੜ ਬੈਠਣ, ਸੱਤਾਧਾਰੀ, ਰਾਜਨੀਤਕ
ਅਹਿਲਕਾਰਾਂ ਦੇ, ਕਦਮਾਂ ਨੂੰ ਚੁੰਮਣ ਵਰਗਾ

ਮੱਠਧਾਰੀਆਂ, ਖਲਨਾਇਕਾਂ, ਧੜੇਬੰਦਕਾਂ, ਤੋਂ
ਫਾਸਲਾ ਬਣਾ ਕੇ ਤੁਰ-

ਇਨ੍ਹਾਂ ਦਾ, ਕੀ ਪਤਾ ਹੈ
ਇਹ, ਕਦੋਂ, ਮੰਡੀ 'ਚ, ਵਿਕ ਜਾਣ
ਭੇਡਾਂ, ਬੱਕਰੀਆਂ, ਸੂਰਾਂ, ਗਾਵਾਂ, ਦੇ ਵਾਂਗ
ਕਾਰਾਂ, ਕੋਠੀਆਂ, ਬੈਂਕ ਖਾਤਿਆਂ, 'ਚ ਵਾਧੇ ਖਾਤਿਰ
ਇਹ ਤਾਂ, ਆਪਣੇ, ਨਿੱਜੀ, ਲਾਭਾਂ ਖਾਤਿਰ
ਸਾਹਿਤਕ, ਅਕੈਡਮੀਆਂ, ਕਲਾ-ਪਰੀਸ਼ਦਾਂ, ਕੇਂਦਰੀ ਸਭਾਵਾਂ, ਨੂੰ ਵੀ
ਮੱਠਧਾਰੀ, ਖਲਨਾਇਕ, ਧੜੇਬੰਦਕ, ਬਣ ਕੇ
ਨਫ਼ਰਤੀ ਰਾਜਨੀਤੀ ਦੇ ਅੱਡੇ ਬਣਾ ਸਕਦੇ ਹਨ
ਮਹਿਜ਼, ਇਨ੍ਹਾਂ ਮੱਠਾਂ ਦੀਆਂ, ਸਿੰਘਾਸਣੀ
ਕੁਰਸੀਆਂ ਨਾਲ ਚਿੰਬੜੇ ਰਹਿਣ ਖਾਤਿਰ

ਮੱਠਧਾਰੀਆਂ, ਖਲਨਾਇਕਾਂ, ਧੜੇਬੰਦਕਾਂ, ਤੋਂ
ਫਾਸਲਾ ਬਣਾ ਕੇ ਤੁਰ-

ਇਨ੍ਹਾਂ ਦਾ ਕੀ ਪਤਾ ਹੈ
ਇਹ, ਕਦੋਂ, ਰੇਡੀਓ, ਟੀ.ਵੀ., ਅਖਬਾਰਾਂ, ਮੈਗਜ਼ੀਨਾਂ, ਕਿਤਾਬਾਂ, ਨੂੰ
ਆਪਣੀ, ਹਉਮੈਂ ਦੇ ਪਾਸਾਰ ਦੇ ਮਾਧਿਅਮ ਬਣਾ ਕੇ
ਹਿਟਲਰੀ, ਨਫ਼ਰਤੀ, ਨੀਤੀਆਂ 'ਤੇ ਚੱਲ
ਚਾਣਕਿਆ, ਮਨੂੰਵਾਦੀ, ਸਾਜ਼ਿਸ਼ਾਂ ਦਾ ਜਾਲ ਬੁਣ
ਆਪਣੇ, ਚਮਚਿਆਂ, ਕੜਛੀਆਂ, ਪਤੀਲਿਆਂ, ਨੁਮਾ
ਤੋਤਿਆਂ ਦੀ, ਧੜੇਬੰਦਕ, ਫੌਜ ਦੀ
ਉਸਾਰੀ ਕਰਨ ਲਈ ਜੁੱਟ ਜਾਣ

ਮੱਠਧਾਰੀ, ਖਲਨਾਇਕਾਂ, ਧੜੇਬੰਦਕਾਂ, ਤੋਂ
ਫਾਸਲਾ ਬਣਾ ਕੇ ਤੁਰ-
ਇਸ ਰਾਹ 'ਤੇ ਤੁਰਨ 'ਚ ਹੀ
ਤੇਰੀ, ਸਲਾਮਤੀ ਹੈ
ਮੱਥੇ ਦੀ, ਚਿੰਨਗ ਦੀ ਖ਼ੈਰ ਹੈ
ਲੋਕਾਈ ਨਾਲ, ਰਿਸ਼ਤੇ ਦੀ, ਸੰਜੀਦਗੀ ਹੈ
■

(ਮਾਲਟਨ, ਮਈ 23, 2023)

# ਮੁਖੌਟਿਆਂ ਦੀ ਕੁੱਤਾ-ਝਾਕ

ਉਹ ਵੀ, ਆਪਣੇ-ਆਪ ਨੂੰ
ਸਾਹਿਤਕਾਰ ਅਖਵਾਉਂਦੇ ਹਨ-
ਹਕੂਮਤ ਵੱਲੋਂ, ਲੋਕਾਂ ਉੱਤੇ, ਢਾਹੇ ਜਾਂਦੇ
ਜ਼ੁਲਮ, ਆਪਣੀਆਂ, ਅੱਖਾਂ ਨਾਲ
ਦੇਖਣ ਤੋਂ ਬਾਹਦ ਵੀ, ਜੋ
ਮੂੰਹੋਂ, ਇੱਕ ਵੀ ਸ਼ਬਦ
ਰੋਸ ਵਜੋਂ, ਬੋਲਣ ਦੀ
ਜੁਰਅੱਤ ਨਹੀਂ ਕਰਦੇ

ਉਨ੍ਹਾਂ ਦੇ ਮੂੰਹਾਂ 'ਚੋਂ, ਲਟਕਦੀਆਂ
ਰਾਲ ਸੁੱਟਦੀਆਂ, ਜੀਭਾਂ-
ਇਸ, ਆਸ-ਉਮੀਦ ਨਾਲ
ਵਿਲਕ ਰਹੀਆਂ ਹੁੰਦੀਆਂ ਹਨ
ਸੱਤਾ ਦੇ ਅਹਿਲਕਾਰ, ਕਿਸੇ ਵੀ ਪਲ
ਉਨ੍ਹਾਂ ਵੱਲ, ਇਨਾਮਾਂ-ਸਨਮਾਨਾਂ-ਪੁਰਸਕਾਰਾਂ ਰੂਪੀ
ਚਾਂਦੀ ਦੇ ਸਿੱਕਿਆਂ ਦੀ, ਭਰੀ ਥੈਲੀ
ਸੁੱਟ ਸਕਦੇ ਹਨ

ਉਨ੍ਹਾਂ ਦੀ, ਇਹ
ਕੁੱਤਾ-ਝਾਕ ਬਣੀ ਰਹਿੰਦੀ ਹੈ-
ਹਕੂਮਤ ਦੇ ਸ਼ਾਹੀ ਕਰਿੰਦੇ
ਬੀਅਰ, ਵਾਈਨ, ਵਿਸਕੀ, ਦੀਆਂ
ਭਰੀਆਂ, ਬੋਤਲਾਂ ਦੇ ਬਕਸੇ
ਉਨ੍ਹਾਂ ਦੇ, ਘਰਾਂ ਦੇ, ਬੂਹਿਆਂ ਅੱਗੇ
ਦੁਸਹਿਰੇ, ਦੀਵਾਲੀ, ਵਿਸਾਖੀ, ਕ੍ਰਿਸਮਸ, ਈਦ, ਦੇ
ਤੋਹਫਿਆਂ ਵਜੋਂ, ਰੱਖ ਕੇ ਜਾ ਸਕਦੇ ਹਨ

ਕੁਝ ਹੋਰ ਨਹੀਂ, ਤਾਂ
ਸਰਕਾਰੀ ਅਹਿਲਕਾਰ, ਕਿਸੀ-ਨ-ਕਿਸੀ, ਬਹਾਨੇ
ਰੰਗ-ਬਰੰਗੇ ਕੱਪੜੇ ਦਾ ਟੁੱਕੜਾ, ਸਿਰੋਪਾਓ ਕਹਿ
ਉਨ੍ਹਾਂ ਦੇ ਗਲਾਂ ਵਿੱਚ, ਫਾਂਸੀ ਦੇ ਰੱਸੇ ਵਾਂਗ

ਲਟਕਾ, ਉਨ੍ਹਾਂ ਦੀ ਕੁੱਤਾ-ਝਾਕ ਨੂੰ ਮੁਕਾ
ਉਨ੍ਹਾਂ ਨੂੰ, ਆਪਣੇ
ਜੀ ਹਜ਼ੂਰੀਏ, ਝੋਲੀ-ਚੁੱਕ, ਅੰਧ-ਭਗਤ
ਬਣਾ ਸਕਦੇ ਹਨ

ਮੁਖੌਟਾਧਾਰੀ ਸਾਹਿਤਕਾਰ-
ਮੌਕਾ ਆਉਣ ਉੱਤੇ, ਆਪਣੇ, ਪ੍ਰਵਰਦਿਗਾਰ ਦੇ
ਹੁਕਮਾਂ ਦੀ ਪਾਲਣਾ ਕਰਦੇ ਹੋਏ
'ਸੱਤਾ ਦੀ ਕੁਰਸੀ ਉੱਤੇ ਬੈਠਾ
ਪ੍ਰਵਰਦਿਗਾਰ ਜ਼ਿੰਦਾਬਾਦ'
ਨਾਹਰਾ ਲਗਾਉਂਦੇ ਹਨ
ਪ੍ਰਵਰਦਿਗਾਰ ਸਾਹਮਣੇ, ਡੰਡੋਤ-ਬੰਦਨਾ ਕਰ
ਜੈ ਜੈ ਕਾਰ ਕਰਦੇ ਹੋਏ, ਆਪਣਿਆਂ
ਹੱਥਾਂ 'ਚ ਫੜੇ, ਚਮਚੇ, ਕੜਛੀਆਂ, ਥਾਲੀਆਂ
ਆਪਣੇ, ਮੋਟੇ, ਮੋਟੇ, ਢਿੱਡਾਂ ਉੱਤੇ ਰੱਖ ਕੇ
ਤਬਲਿਆਂ ਵਾਂਗ, ਵਜਾਂਦੇ ਹਨ

ਮੁਖੌਟਾਧਾਰੀ ਸਾਹਿਤਕਾਰ ਹੋਣ ਦਾ-
ਉਹ, ਇਸ ਤਰ੍ਹਾਂ, ਗਾਹੇ-ਬਗਾਹੇ
ਜਨਤਕ, ਸਵਾਂਗ ਰਚਾਂਦੇ ਹਨ

ਉਹ, ਇਸ ਤਰ੍ਹਾਂ
ਸਾਜ਼ਿਸ਼ੀ, ਮੌਕਿਆਂ ਉੱਤੇ
ਆਪਣੀ, ਹਉਮੈ ਨੂੰ
ਪੱਠੇ ਪਾਉਂਦੇ ਹਨ
■
(ਮਾਲਟਨ, ਮਈ 31, 2023)

# ਸਾਹਿਤਕ ਖਲਨਾਇਕਾਂ ਦੀ ਸ਼ਕਤੀ ਦਾ ਜਾਦੂ

ਸਾਹਿਤਕ ਖਲਨਾਇਕਾਂ ਕੋਲ
ਬੜੀ, ਸ਼ਕਤੀ ਹੁੰਦੀ ਹੈ-

ਉਹ, ਕਿਸੇ ਵੀ, ਵਧੀਆ
ਲੇਖਕ ਨੂੰ, ਛੋਟਾ ਦਿਖਾਉਣ ਲਈ
ਆਪਣੀ ਸ਼ਕਤੀ ਨਾਲ, ਮਹਿਜ਼
ਇੱਕ, ਬੱਚਿਆਂ ਦਾ ਲੇਖਕ
ਬਣਾ ਸਕਦੇ ਹਨ

ਸਾਹਿਤਕ ਖਲਨਾਇਕ
ਜੇਕਰ, ਚਾਹੁਣ, ਤਾਂ, ਉਹ-
ਵਧੀਆ, ਨਾਮਵਰ, ਲੇਖਕਾਂ ਨੂੰ
ਅਣਗੌਲਿਆ ਕਰ, ਆਪਣੇ, ਕਿਸੇ
ਲੰਗੋਟੀਏ ਯਾਰ ਜਾਂ ਆਪਣੀ ਕਿਸੀ ਗਰਲਫਰੈਂਡ ਨੂੰ
ਸਾਹਿਤ ਅਕੈਡਮੀ ਐਵਾਰਡ ਨਾਲ
ਸਨਮਾਨਿਤ ਕਰਨ ਦੀ ਸਾਜ਼ਿਸ਼ ਵੀ
ਰਚ ਸਕਦੇ ਹਨ

ਪਰ,  ਕਮਾਲ ਦੀ ਗੱਲ
ਇਹ ਹੈ, ਉਹ
ਆਪਣੇ, ਹੇਰਾਫੇਰੀ ਦੇ
ਇਸ, ਹੁਨਰ ਵਿੱਚ ਏਨੇ
ਪ੍ਰਵੀਨ ਹੁੰਦੇ ਹਨ, ਕੋਈ
ਇਸ ਬਾਰੇ, ਸ਼ੱਕ ਵੀ
ਨਹੀਂ ਕਰ ਸਕਦਾ

ਸਾਹਿਤਕ ਖਲਨਾਇਕਾਂ ਕੋਲ
ਤਾੜੀਆਂ ਵਜਾਉਣ ਵਾਲੀਆਂ, ਪਾਲਤੂ
ਭੇਡਾਂ ਦੀ ਵੀ ਭੀੜ ਹੁੰਦੀ ਹੈ-

ਜੋ, ਉਨਾਂ ਦੇ, ਹਰ
ਸਾਜ਼ਿਸ਼ੀ, ਕੰਮ ਉਪਰ ਵੀ

ਤਾੜੀਆਂ ਦੀ ਗੜਗੜਾਹਟ
ਪੈਦਾ ਕਰ, ਝੂਠ ਨੂੰ ਸੱਚ
ਸੱਚ ਨੂੰ ਝੂਠ ਵਿੱਚ
ਬਦਲ ਦਿੰਦੀ ਹੈ
■

(ਮਾਲਟਨ, ਜੂਨ 25, 2023)

# ਬਾਤ ਦਾ ਬਤੰਗੜ

ਬਾਤ ਦਾ ਬਤੰਗੜ ਬਣਾ ਕੇ
ਸ਼ਹਿਰ 'ਚ ਸਾਰੇ, ਇੱਕ
ਨਿੱਕੀ ਜਿਹੀ ਗੱਲ ਦਾ
ਸ਼ੋਰ ਪਾ ਕੇ, ਇੱਕ
ਚਿੰਗਾਰੀ ਨੂੰ, ਅੱਗ ਦਾ ਭਾਂਬੜ ਬਣਾ ਕੇ
ਇੱਕ, ਬਾਲੜੀ ਤੋਂ ਮੁਆਫੀ ਮੰਗਾ ਕੇ
ਕੀ ਖੱਟਿਆ, ਤੁਸੀਂ
ਸੋਸ਼ਲ ਮੀਡੀਆ 'ਤੇ
ਮਹਾਂ-ਭਾਰਤ ਰਚਾ ਕੇ

ਧਰਮੀ-ਪੁਰਸ਼ੋ, ਕੱਟੜਵਾਦੀਓ, ਜਨੂੰਨੀਓ
ਜਾਣਦਾ ਹਾਂ-
ਤੁਹਾਡੀ ਹਉਮੈ, ਨਿੱਤ ਕੋਈ
ਕਲੇਸ਼ ਢੂੰਡਦੀ ਹੈ, ਫਿਰ
'ਸਿਫਤੀ ਦੇ ਘਰ' ਨੂੰ
ਲੋਕ-ਤਮਾਸ਼ਾ ਬਣਾ
ਤੁਹਾਡੀ, ਹਉਮੈ
ਉੱਚੀ, ਉੱਚੀ, ਸੁਰ 'ਚ
ਕੂਕਦੀ ਹੋਈ
ਤਮਾਸ਼ਗੀਰਾਂ ਲਈ
ਦਰਸ਼ਨੀ ਡਿਓੜੀ 'ਚ
ਮਜਮਾ ਲਗਾਂਦੀ ਹੈ

ਆਪਣੀ, ਹਉਮੈ ਦਾ
ਦਿਖਾਵਾ ਕਰਨ ਲਈ
ਤੁਸੀਂ, ਫਨੀਅਰ ਸੱਪਾਂ ਵਾਂਗ
ਧਰਮੀ, ਫੁੰਕਾਰੇ ਮਾਰਦੇ ਹੋ

ਤੁਸੀਂ, ਆਪਣੀ
ਹਉਮੈ ਨੂੰ ਪੱਠੇ ਪਾਉਣ ਲਈ
ਨਿੱਤ ਹੀ, ਕੋਈ
ਚੰਨ ਚਾੜ੍ਹਦੇ ਹੋ

'ਸਿਫਤੀ ਦੇ ਘਰ' ਦੇ ਵਿਹੜੇ 'ਚ
ਤੁਸੀਂ, ਆਪਣੀ, ਹਉਮੈ ਦਾ
ਬਦਬੂ ਮਾਰਦਾ ਹੋਇਆ
ਗੋਹਾ ਖਿਲਾਰਦੇ ਹੋ
■

(ਮਾਲਟਨ, ਅਪ੍ਰੈਲ 19, 2023)

# ਧਰਮੀ ਘਪਲਿਆਂ ਦੀ ਦਾਸਤਾਨ

ਪੰਜਾਬ, ਸਾਰਾ, ਹੈਰਾਨ ਹੁੰਦਾ, ਹੁਣ
ਧਰਮੀ ਅਸਥਾਨਾਂ 'ਚ, ਨਿੱਤ
ਘਪਲੇ ਹੁੰਦੇ ਦੇਖ ਕੇ-

ਕਦੀ, ਧਰਮੀ ਅਸਥਾਨਾਂ 'ਚ
ਵਰਤਾਏ ਜਾਂਦੇ ਲੰਗਰ 'ਚੋਂ, ਹਜ਼ਾਰਾਂ ਰੁਪਏ ਦੇ
ਘਿਓ, ਤੇਲ, ਸੁੱਕੇ ਮੇਵੇ, ਗਾਇਬ ਹੋ ਜਾਂਦੇ

ਕਦੀ, ਹਜ਼ਾਰਾਂ ਰੁਪਏ ਦੀਆਂ
ਧਰਮੀ ਪੁਸਤਕਾਂ ਹੀ, ਬੰਦ
ਅਲਮਾਰੀਆਂ 'ਚੋਂ, ਲਾਪਤਾ
ਹੋ ਜਾਂਦੀਆਂ

ਕਦੀ, ਧਰਮੀ ਅਸਥਾਨਾਂ ਨੂੰ
ਸ਼ਰਧਾਲੂਆਂ ਵੱਲੋਂ, ਕਿੱਲੋਆਂ ਦੇ ਹਿਸਾਬ 'ਚ
ਸ਼ਰਧਾ ਵਜੋਂ, ਦਿੱਤਾ ਗਿਆ ਸੋਨਾ ਚਾਂਦੀ
ਚੁੱਪ ਚਾਪ, ਧਰਮੀ ਅਸਥਾਨਾਂ ਦੇ
ਪ੍ਰਬੰਧਕਾਂ ਦੀਆਂ, ਨਿੱਜੀ, ਤਜੌਰੀਆਂ
ਵਿੱਚ ਪਹੁੰਚ ਜਾਂਦਾ

ਪੰਜਾਬ, ਸਾਰਾ, ਹੈਰਾਨ ਹੁੰਦਾ, ਹੁਣ
ਧਰਮੀ ਅਸਥਾਨਾਂ 'ਚ, ਨਿੱਤ
ਘਪਲੇ ਹੁੰਦੇ ਦੇਖ ਕੇ-

ਕਦੀ, ਧਰਮੀ ਅਸਥਾਨਾਂ  ਦੇ ਪ੍ਰਬੰਧਕਾਂ ਦੇ ਨਾਮ
ਰਾਜਨੀਤਿਕ ਖਲਨਾਇਕਾਂ ਦੇ, ਗੁਪਤ
ਜਾਦੂਗਰੀ, ਬੰਦ ਲਿਫਾਫਿਆਂ 'ਚੋਂ
ਨਿਕਲ ਆਉਂਦੇ ਹਨ

ਕਦੀ, ਧੀਆਂ ਦੀਆਂ ਕਾਤਲ ਔਰਤਾਂ
ਧਾਰਮਿਕ ਅਦਾਰਿਆਂ ਦੀਆਂ, ਮੁੱਖ ਪ੍ਰਬੰਧਕ
ਘੜੰਮ ਚੌਧਰੀ, ਗੁੰਡੀਆਂ ਰੰਨਾਂ, ਵਜੋਂ

ਥਾਪੀਆਂ ਜਾਂਦੀਆਂ ਹਨ

ਕਦੀ, ਬਲਾਤਕਾਰੀ ਰਾਜਨੀਤੀਵਾਨ
ਧਾਰਮਿਕ ਅਦਾਰਿਆਂ ਦੇ, ਵੱਡੇ
ਬੁਲਾਰੇ, ਵਿਸ਼ੇਸ਼, ਸਲਾਹਕਾਰ
ਬਣਾ ਦਿੱਤੇ ਜਾਂਦੇ ਹਨ

ਪੰਜਾਬ, ਸਾਰਾ, ਹੈਰਾਨ ਹੁੰਦਾ, ਹੁਣ
ਧਰਮੀ ਅਸਥਾਨਾਂ 'ਚ, ਨਿੱਤ
ਘਪਲੇ ਹੁੰਦੇ ਦੇਖ ਕੇ-
ਕਦੀ, ਧਰਮੀ ਅਸਥਾਨਾਂ 'ਚ
ਖਾਣ-ਪੀਣ ਵਾਲੀਆਂ, ਵਸਤਾਂ ਢੋਹਣ ਵਾਲੇ
ਟਰੱਕਾਂ 'ਚ, ਏ.ਕੇ.-47 ਮਸ਼ੀਨ ਗੰਨਾਂ
ਪ੍ਰਬੰਧਕਾਂ ਵੱਲੋਂ ਹੀ, ਲਿਜਾਈਆਂ ਜਾਂਦੀਆਂ
ਸ਼ਰੇਆਮ, ਫੜੀਆਂ ਜਾਂਦੀਆਂ ਹਨ

ਕਦੀ, ਧਰਮੀ ਅਸਥਾਨਾਂ 'ਚ
ਯਾਤਰੀਆਂ ਦੇ ਠਹਿਰਣ ਲਈ
ਬਣੀਆਂ ਸਰਾਵਾਂ 'ਚ, ਧਰਮੀ ਅਸਥਾਨਾਂ ਦੇ
ਪ੍ਰਬੰਧਕ ਹੀ, ਔਰਤਾਂ ਦੇ ਬਲਾਤਕਾਰ
ਕਰਦੇ, ਰੰਗੇ ਹੱਥੀਂ ਹੀ, ਅਕਸਰ
ਫੜੇ ਜਾਂਦੇ ਹਨ

ਕਦੀ, ਧਰਮੀ ਅਸਥਾਨਾਂ 'ਚ
ਨੌਜਵਾਨ ਕੁੜੀਆਂ/ਮੁੰਡੇ, ਆਪਣੀਆਂ
ਬਾਹਾਂ ਵਿੱਚ, ਚਿੱਟੇ ਦੇ ਇੰਜੈਕਸ਼ਨ ਲਗਾਂਦਿਆਂ
ਧਰਮੀ ਅਸਥਾਨਾਂ ਦੇ ਵਿਹੜਿਆਂ 'ਚ ਹੀ
ਮਾਰੇ ਜਾਂਦੇ ਹਨ

ਪੰਜਾਬ, ਸਾਰਾ, ਹੈਰਾਨ ਹੁੰਦਾ, ਹੁਣ
ਧਰਮੀ ਅਸਥਾਨਾਂ 'ਚ, ਨਿੱਤ
ਘਪਲੇ ਹੁੰਦੇ ਦੇਖ ਕੇ-

ਕਦੀ, ਧਰਮੀ ਅਸਥਾਨਾਂ ਦੀਆਂ
ਪ੍ਰਬੰਧਕ ਕਮੇਟੀਆਂ ਦੇ ਪ੍ਰਧਾਨਾਂ ਦੇ ਨਾਮ ਉੱਤੇ

ਹੀ, 'ਅਫੀਮ' ਦਾ ਨਾਮ 'ਤਲਵੰਡੀ'
ਲਿਆ ਜਾਣ ਲੱਗਦਾ

ਕਦੀ, ਧਰਮੀ ਅਸਥਾਨਾਂ ਦੇ ਨੇੜੇ
ਵਿਕਦੀਆਂ, ਚਿੱਟੇ, ਨਸ਼ੇ ਦੀਆਂ ਪੁੜੀਆਂ ਨੂੰ
ਲੋਕਾਂ ਵੱਲੋਂ, 'ਮਜੀਠੀਆ ਪੁੜੀ ਰੱਬੀ ਸੁਗਾਤ'
ਕਿਹਾ ਜਾਣ ਲੱਗਦਾ

ਕਦੀ, ਧਰਮੀ ਅਸਥਾਨਾਂ ਦਾ
ਪ੍ਰਚਾਰ ਕਰਨ ਵਾਲੀਆਂ ਟੀਵੀ ਚੈਨਲਾਂ
ਸੈਕਸ ਸਕੈਂਡਲਾਂ ਵਿੱਚ ਉਲਝੀਆਂ
ਸਮੁੱਚੇ ਦੇਸ਼ ਦੀਆਂ, ਮੀਡੀਆ ਚੈਨਲਾਂ 'ਚ
ਲੋਕ-ਚਰਚਾ ਦਾ ਵਿਸ਼ਾ ਬਣ ਜਾਂਦੀਆਂ

ਪੰਜਾਬ, ਸਾਰਾ, ਹੈਰਾਨ ਹੁੰਦਾ, ਹੁਣ
ਧਰਮੀ ਅਸਥਾਨਾਂ 'ਚ, ਨਿੱਤ
ਘਪਲੇ ਹੁੰਦੇ ਦੇਖ ਕੇ-

ਧਰਮੀ ਅਸਥਾਨਾਂ ਦੇ ਪ੍ਰਬੰਧਕਾਂ ਨੂੰ
ਜਦੋਂ ਤੱਕ, ਉਨਾਂ ਦੇ
ਖਲਨਾਇਕ, ਮਾਲਕ, ਰਾਜਨੀਤੀਵਾਨ
ਪੁੱਛਦੇ ਰਹਿਣਗੇ :
'ਗੰਗਾ ਰਾਮ
ਚੂਰੀ ਖਾਣੀ ਹੈ?'

-ਉਦੋਂ ਤੱਕ
-ਧਰਮੀ ਅਸਥਾਨਾਂ ਦੀਆਂ ਬੇੜੀਆਂ
ਗੰਧਲੇ ਹੋ ਚੁੱਕੇ, ਧਰਮੀ ਪਾਣੀਆਂ ਵਿੱਚ
ਇੰਝ ਹੀ, ਡੁੱਬਦੀਆਂ
ਰਹਿਣ ਗੀਆਂ
■

(ਮਾਲਟਨ, ਜੁਲਾਈ 6, 2023)

# ਪੰਜਾਬ ਦਾ ਝੋਟਾ ਕਲਚਰ

ਪੰਜਾਬ ਦੀ ਜਵਾਨੀ ਨੂੰ
ਝੋਟਾ ਕਲਚਰ ਹੀ ਪਸੰਦ ਹੈ-

ਉਹ, ਝੋਟਾ ਕਲਚਰ ਦੀ, ਅਜਿਹੀ
ਗਾਇਕੀ ਸੁਣ ਸੁਣ ਹੀ ਜਵਾਨ ਹੋ ਰਹੀ ਹੈ:
'ਅਸੀਂ, ਡਾਕੂਆਂ ਦੇ ਧੀਆਂ ਪੁੱਤਰ ਨੀਂ
ਸਾਡਾ, ਡਾਲਰਾਂ ਵਾਂਗੂੰ
ਨਾਮ ਵਿਕਦਾ'

ਝੋਟਾ ਕਲਚਰ ਦੇ ਨੁਮਾਇੰਦੇ
ਆਪਣੇ ਆਪ ਨੂੰ, ਸਤਿਕਾਰ ਕਮੇਟੀ ਵਾਲੇ
ਕਹਿ, ਕਿਸੀ ਵੀ, ਧਾਰਮਿਕ ਸਥਾਨ ਅੰਦਰ ਵੜ
ਰਾਗੀਆਂ, ਢਾਡੀਆਂ, ਗ੍ਰੰਥੀਆਂ, ਦੀ
ਸੁੰਮਾਂ ਵਾਲੀਆਂ, ਡਾਂਗਾਂ ਨਾਲ
ਕੁੱਟ-ਮਾਰ ਕਰਕੇ, ਮੀਡੀਆ ਸਾਹਮਣੇ
ਪੂਰੀ ਬੇਸ਼ਰਮੀ ਨਾਲ, ਭਾਸ਼ਨ ਦੇ ਸਕਦੇ ਹਨ:
ਅਸੀਂ, ਧਰਮ ਦੇ ਘੜੰਮ-ਚੌਧਰੀ
ਧਾਰਮਿਕ ਮਰਿਆਦਾ ਦੀ ਉਲੰਘਣਾ ਕਰਨ ਵਾਲੇ
ਹਰ ਵਿਅਕਤੀ ਨੂੰ, ਇੰਜ ਹੀ, ਸੁੰਮਾਂ ਵਾਲੀਆਂ
ਡਾਂਗਾਂ ਨਾਲ, ਸਤਿਕਾਰ ਦਿਆਂਗੇ

ਪੰਜਾਬ ਦੀ ਜੁਆਨੀ ਨੂੰ
ਝੋਟਾ ਕਲਚਰ ਹੀ ਪਸੰਦ ਹੈ-

ਉਹ, ਝੋਟਾ ਕਲਚਰ ਦੀ, ਅਜਿਹੀ
ਗਾਇਕੀ ਸੁਣ ਸੁਣ ਹੀ ਜਵਾਨ ਹੋ ਰਹੀ ਹੈ:
'ਓ ਜਿੱਥੇ ਬੰਦਾ ਮਾਰ ਕੇ ਕਸੂਰ ਪੁੱਛਦੇ
ਜੱਟ ਓਸ ਪਿੰਡ ਤੋਂ ਬਿਲੋਂਗ ਕਰਦਾ'

ਝੋਟਾ ਕਲਚਰ ਦੇ ਨੁਮਾਇੰਦੇ
ਆਪਣੇ ਆਪ ਨੂੰ, ਨਸ਼ਾ ਵਿਰੋਧੀ ਕਮੇਟੀ ਵਾਲੇ

ਕਹਿ, ਕਿਸੀ ਵੀ, ਘਰ ਅੰਦਰ ਵੜ
ਆਪਣਾ, ਤਾਲਿਬਾਨੀ, ਸ਼ਾਹੀ, ਦਰਬਾਰ ਲਗਾ
ਕਿਸੀ ਵੀ, ਨਸ਼ੇੜੀ ਨੂੰ, ਜ਼ਮੀਨ ਉੱਤੇ
ਨੱਕ ਨਾਲ ਲਕੀਰਾਂ ਕੱਢਣ ਦਾ, ਆਪਣਾ
ਤਾਲਿਬਾਨੀ, ਹੁਕਮ ਸੁਣਾ, ਮੀਡੀਆ ਸਾਹਮਣੇ
ਪੂਰੀ ਬੇਸ਼ਰਮੀ ਨਾਲ, ਭਾਸ਼ਨ ਦੇ ਸਕਦੇ ਹਨ:
ਅਸੀਂ, ਨਸ਼ਾ ਵਿਰੋਧੀ ਕਮੇਟੀ ਦੇ, ਘੜੰਮ-ਚੌਧਰੀ
ਨਸ਼ੇੜੀਆਂ ਦੀਆਂ, ਲੱਤਾਂ ਬਾਹਾਂ ਭੰਨਾਂਗੇ

ਪੰਜਾਬ ਦੀ ਜੁਆਨੀ ਨੂੰ
ਝੋਟਾ ਕਲਚਰ ਹੀ ਪਸੰਦ ਹੈ-
ਉਹ, ਝੋਟਾ ਕਲਚਰ ਦੀ, ਅਜਿਹੀ
ਗਾਇਕੀ ਸੁਣ ਸੁਣ ਹੀ ਜਵਾਨ ਹੋ ਰਹੀ ਹੈ:
'ਚੋਰ ਬੰਦੇ ਐਥੋਂ ਦੇ ਸਮਾਜ ਸੇਵੀ ਨੇ
ਸੱਚ ਵਾਲਾ ਬਾਣਾ ਪਾ ਜੋ ਲੋਕ ਲੁੱਟਦੇ'

ਝੋਟਾ ਕਲਚਰ ਦੇ ਨੁਮਾਇੰਦੇ
ਆਪਣੇ ਆਪ ਨੂੰ, ਕਿਸਾਨ ਅੰਦੋਲਨ ਕਮੇਟੀਆਂ ਵਾਲੇ
ਕਹਿ, ਅੰਦੋਲਨ ਦੌਰਾਨ, ਮਾਰੇ ਗਏ ਲੋਕਾਂ ਦੇ ਨਾਮ ਉੱਤੇ
ਕਰੋੜਾਂ ਰੁਪਏ ਦੇ ਫੰਡ ਇਕੱਠੇ ਕਰਕੇ
ਆਪਣੀਆਂ, ਨਿੱਜੀ, ਜਾਇਦਾਦਾਂ ਖੜ੍ਹੀਆਂ ਕਰ
ਹਰ, ਵਿਰੋਧੀ ਆਵਾਜ਼ ਨੂੰ ਦਬਾਅ
ਤਾਲਿਬਾਨੀ, ਹੁਕਮ ਸੁਣਾ, ਮੀਡੀਆ ਸਾਹਮਣੇ
ਪੂਰੀ ਬੇਸ਼ਰਮੀ ਨਾਲ, ਭਾਸ਼ਨ ਦੇ ਸਕਦੇ ਹਨ:
ਅਸੀਂ, ਕੌਮ ਦਾ ਕੌਮੀ ਘਰ ਉਸਾਰਨ ਲਈ
ਧੰਨ ਇਕੱਠਾ ਕਰਦੇ, ਵਰਤਦੇ ਹਾਂ
ਸਾਨੂੰ, ਕੋਈ ਸੁਆਲ ਪੁੱਛਣ ਵਾਲਾ
ਪਹਿਲਾਂ, ਆਪਣੇ, ਘਰ ਫਤਹ ਬੁਲਾ ਕੇ ਆਵੇ

ਪੰਜਾਬ ਦੀ ਜੁਆਨੀ ਨੂੰ
ਝੋਟਾ ਕਲਚਰ ਹੀ ਪਸੰਦ ਹੈ-

ਇਹ ਦੇਖ ਕੇ, ਹੁਣ
ਕੋਈ, ਹੈਰਾਨੀ ਨਹੀਂ ਹੁੰਦੀ, ਜਦੋਂ
ਇਹ, ਜੁਆਨੀ, ਕੈਨੇਡਾ, ਅਮਰੀਕਾ, ਅਸਟਰੇਲੀਆ, ਯੂ.ਕੇ.

ਜਿਹੇ, ਵਿਕਸਤ, ਦੇਸ਼ਾਂ ਵਿੱਚ ਜਾ ਕੇ ਵੀ
ਝੋਟਾ ਕਲਚਰ ਦੀ, ਖੁਸ਼ਬੋ ਫੈਲਾਅ ਰਹੀ ਹੈ

ਤਾਂ ਹੀ, ਸ਼ਾਇਦ
ਇਨ੍ਹਾਂ, ਸਭ, ਦੇਸ਼ਾਂ ਦੀ ਪੁਲਿਸ
ਇਨਾਂ, ਸਭ, ਝੋਟਾ ਕਲਚਰ ਦੇ ਪੈਰੋਕਾਰਾਂ
ਦੀਆਂ, ਰੰਗੀਨ, ਤਸਵੀਰਾਂ, ਨਿੱਤ
ਮੁਜਰਮਾਂ ਦੀ ਸੂਚੀ ਬਣਾ
ਅਖ਼ਬਾਰਾਂ, ਮੈਗਜ਼ੀਨਾਂ, ਇਸ਼ਤਿਹਾਰਾਂ, ਦੇ
ਮੁੱਖ ਪੰਨਿਆਂ 'ਤੇ, ਪੂਰੀ
ਸ਼ਾਨੋ-ਸ਼ੌਕਤ ਨਾਲ
ਲਗਾ ਰਹੀ ਹੈ
■

(ਮਾਲਟਨ, ਜੁਲਾਈ 21, 2023)

# ਝੋਟਾ

ਇੱਕ ਵਾਰ, ਕਿਸੇ ਪਿੰਡ ਵਿੱਚ
ਇੱਕ ਝੋਟਾ ਆਣ ਵੜਿਆ–

ਉਹ, ਦਿਨ ਭਰ
ਪਿੰਡ ਦੀਆਂ ਗਲੀਆਂ ਵਿੱਚ
ਘੁੰਮਦਾ ਰਹਿੰਦਾ

ਹੌਲੀ, ਹੌਲੀ
ਪਿੰਡ ਦੇ ਲੋਕ, ਝੋਟੇ ਦੇ
ਆਦੀ ਹੋ ਗਏ

ਉਨ੍ਹਾਂ ਨੂੰ ਮਹਿਸੂਸ ਹੋਣ ਲੱਗਾ
ਜਿਵੇਂ, ਇਹ, ਝੋਟਾ, ਉਨ੍ਹਾਂ ਦੇ
ਵੱਡੇ, ਪ੍ਰਵਾਰ ਦਾ ਹੀ ਹਿੱਸਾ ਹੋਵੇ

ਪਰ, ਹੌਲੀ, ਹੌਲੀ
ਲੋਕ, ਪਿੰਡ ਦੀਆਂ, ਸੁੰਨੀਆਂ, ਗਲੀਆਂ ਵਿੱਚ
ਝੋਟੇ ਨੂੰ ਫਿਰਦਾ ਦੇਖ
ਗਾਉਣ ਲੱਗੇ:
'ਜਦ ਗਲੀਆਂ ਹੋ ਜਾਣ ਸੁੰਨੀਆਂ
ਝੋਟਾ, ਗਲੀਆਂ 'ਚ, ਆਣ ਫਿਰੇ'

ਜਿਵੇਂ, ਝੋਟੇ ਨੂੰ ਵੀ
ਤਾਕਤ ਦਾ ਨਸ਼ਾ
ਹੋਣ ਲੱਗਾ ਹੋਵੇ–

ਹੁਣ, ਝੋਟਾ, ਗਲੀ 'ਚੋਂ
ਲੰਘਣ ਵਾਲੇ, ਅਜਨਬੀਆਂ ਨੂੰ
ਆਪਣੇ, ਸਿੰਗ ਮਾਰਨ ਲੱਗਾ

ਪਰ, ਪਿੰਡ ਦੇ ਕਿਸਾਨਾਂ ਨੂੰ
ਇਹ ਗੱਲ ਖੁਸ਼ੀ ਦੇਣ ਲੱਗੀ

ਪਿੰਡ 'ਚ, ਕੋਈ ਵੀ, ਅਣਜਾਣ ਬੰਦਾ
ਜਾਂ ਜਾਨਵਰ, ਝੋਟੇ ਦੀ
ਇਜਾਜ਼ਤ ਬਿਨਾਂ ਨਹੀਂ ਸੀ
ਆ ਸਕਦਾ

ਪਰ, ਝੋਟਾ, ਪਿੰਡ 'ਚ ਆਏ
ਪੁਲਿਸ ਦੇ, ਸਿਪਾਹੀਆਂ, ਫੌਜੀਆਂ
ਪਤਵੰਤੇ ਸੱਜਣਾਂ ਨੂੰ ਵੀ
ਆਪਣੀ, ਧੌਂਸ ਦਿਖਾਉਣ ਲਈ
ਆਪਣੇ, ਸਿੰਗ ਮਾਰਕੇ, ਜ਼ਖਮੀ
ਕਰਨ ਲੱਗਾ

ਇਹੋ ਜਿਹੀਆਂ ਘਟਨਾਵਾਂ ਨੇ
ਝੋਟੇ ਬਾਰੇ, ਬਹੁਤ ਸਾਰੇ, ਲੋਕਾਂ ਦੇ
ਵਿਚਾਰ ਬਦਲ ਦਿੱਤੇ-

ਕੁਝ ਲੋਕ, ਤਾਂ
ਸ਼ਰੇਆਮ ਹੀ
ਕਹਿਣ ਲੱਗੇ:

ਇਸ ਪਿੰਡ ਵਿੱਚ, ਤਾਂ
ਹੁਣ, ਮਨੁੱਖਾਂ ਦਾ ਨਹੀਂ
ਝੋਟਿਆਂ ਦਾ ਹੀ
ਰਾਜ ਹੋ ਗਿਆ

ਹੁਣ, ਸਾਨੂੰ, ਇਸ ਗੱਲ ਦਾ
ਫੈਸਲਾ ਕਰਨਾ ਹੀ ਪਵੇਗਾ :

ਅਸੀਂ, ਬਾਂਦਰ ਤੋਂ
ਮਨੁੱਖ ਬਨਣਾ ਹੈ
ਜਾਂ ਮਨੁੱਖ ਤੋਂ
ਬਾਂਦਰ ਬਨਣਾ ਹੈ
■ (ਮਾਲਟਨ, ਜੁਲਾਈ 17, 2023)

# ਬਲਾਤਕਾਰੀ ਰਾਜਨੀਤੀ

ਰਾਜਨੀਤੀਵਾਨ ਨੇ ਆਖਿਆ:
ਔਰਤਾਂ ਨੂੰ ਕਬਰਾਂ 'ਚੋਂ ਕੱਢ ਕੱਢ ਕੇ ਵੀ
ਉਨ੍ਹਾਂ ਦੇ ਬਲਾਤਕਾਰ ਕਰੋ-

ਇਸ ਤਰ੍ਹਾਂ, ਆਪਣੇ
33 ਹਜ਼ਾਰ, ਦੇਵੀ-ਦੇਵਤਿਆਂ ਨੂੰ
ਪ੍ਰਸੰਨ ਕਰਨ ਦਾ ਇਜ਼ਹਾਰ ਕਰੋ

ਸ਼ਬਦਾਂ ਦੇ ਪ੍ਰਵਚਨ ਦਾ, ਇਹ
ਵਾ-ਵਰੋਲਾ, ਮਨੀਪੁਰ ਪ੍ਰਦੇਸ ਦੇ
ਪਹਾੜਾਂ ਦੁਆਲੇ ਵੀ, ਤਾਂਡਵ ਨਾਚ
ਕਰਨ ਲੱਗਾ

ਬਲਾਤਕਾਰੀ ਮਾਨਸਿਕਤਾ ਵਾਲੇ
ਸੰਪ੍ਰਦਾਇਕ, ਮਰਦਾਂ ਨੇ ਆਖਿਆ:

ਅਸੀਂ, ਦੁਰਯੋਧਨ ਦੀ ਔਲਾਦ ਹਾਂ
ਅਸੀਂ, ਸ਼ਹਿਰ ਦੀ, ਹਰ, ਦਰੋਪਤੀ ਨੂੰ
ਨਿਰਵਸਤਰ ਕਰ, ਸ਼ਹਿਰ ਦੀਆਂ
ਸੜਕਾਂ ਉੱਤੇ ਵੀ ਘੁੰਮਾਂਵਾਂਗੇ

ਅਸੀਂ, ਦੁਰਯੋਧਨ ਤੋਂ ਵੀ
ਚਾਰ ਕਦਮ ਅੱਗੇ ਤੁਰ ਕੇ
ਹਰ, ਦਰੋਪਤੀ ਦਾ ਬਲਾਤਕਾਰ ਕਰ
ਉਸ ਦੇ, ਅੰਗ ਅੰਗ ਦਾ ਕੁਤਰਾ ਕਰ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, ਖੇਤਾਂ, 'ਚ
ਹਵਾ ਸੰਗ, ਉਡਾਵਾਂਗੇ

ਅਸੀਂ, ਭਾਰਤੀ ਸਭਿਆਚਾਰ ਦੀ
ਖੇਹ, ਦੇਸ਼ ਦੀ ਹਕੂਮਤ ਦੇ
ਰਾਜਸਿੰਘਾਸਨ ਉੱਤੇ ਬੈਠੇ, ਸਭ

ਅੰਨ੍ਹੇ, ਬੋਲੇ, ਗੁੰਗੇ, ਸੰਪ੍ਰਦਾਇਕ
ਫਿਰਕੂ, ਰਾਜਨੀਤਿਕ, ਬਾਂਦਰਾਂ ਦੇ
ਸਿਰਾਂ 'ਚ ਪਾਵਾਂਗੇ

ਅਸੀਂ, ਭਾਰਤੀ ਸਭਿਆਚਾਰ ਦੇ, ਸਭ
ਦੇਵੀ-ਦੇਵਤਿਆਂ ਨੂੰ, ਇਸ ਤਰ੍ਹਾਂ
ਸ਼ਰਮਸਾਰ ਕਰ, ਦੇਸ਼ ਦੀ
ਮਿਟੀ 'ਚ ਮਿਲਾਵਾਂਗੇ

ਅਸੀਂ, ਭਾਰਤੀ ਸਭਿਆਚਾਰ ਦਾ
ਨਾਮਕਰਨ ਕਰਕੇ, ਇਸ ਨੂੰ, ਹੁਣ
ਬਲਾਤਕਾਰੀ ਸਭਿਆਚਾਰ ਕਹਿਕੇ ਹੀ
ਸਦਾ, ਬੁਲਾਵਾਂਗੇ

ਅਸੀਂ, ਹਰ, ਭਾਰਤੀ ਧੀ ਦੇ
ਹੱਥਾਂ 'ਚ, ਏ.ਕੇ.-47 ਫੜ੍ਹਾ, ਉਸਨੂੰ
ਫੂਲਨ ਦੇਵੀ ਬਣਾਵਾਂਗੇ-

ਅਸੀਂ, ਉਸ ਨੂੰ, ਹੁਣ
ਇੱਕ, ਜਿਉਂਦੀ-ਜਾਗਦੀ
ਔਰਤ ਬਣਾਵਾਂਗੇ
■

(ਮਾਲਟਨ, ਜੁਲਾਈ 21, 2023)

# ਨਸ਼ੇ ਦੇ ਸੌਦਾਗਰ

ਸ਼ਹਿਰ 'ਚ, ਨਸ਼ਾ ਰੋਕੂ ਮੁਹਿੰਮ ਦੀ ਗੱਲ ਤੁਰੀ
ਤਾਂ, ਚੌਧਰ ਦੇ ਭੁੱਖੇ, ਸਭ, ਨੇਤਾ
ਤੁਰ ਪਏ, ਹਵਾ 'ਚ, ਬਾਹਾਂ ਉਲਾਰ ਉਲਾਰ
'ਜ਼ਿੰਦਾਬਾਦ', 'ਮੁਰਦਾਬਾਦ', ਕਰਦੇ ਹੋਏ-

ਹਰ ਚੌਕ, ਹਰ ਗਲੀ, ਹਰ ਬਾਜ਼ਾਰ, ਵਿੱਚ
ਤਮਾਸ਼ਬੀਨ ਲੋਕਾਂ ਦੀ, ਭੀੜ ਜੁੜਨ ਲੱਗੀ
ਮਜਮੇਬਾਜ਼, ਸਾਬਕਾ ਗੈਂਗਸਟਰ, ਸਾਬਕਾ ਨਸ਼ੇੜੀ, ਸਾਬਕਾ ਸ਼ਰਾਬੀ
ਹਕੂਮਤ ਵਿਰੁੱਧ, ਧੂੰਆਂਧਾਰ, ਭਾਸ਼ਨ ਦੇਣ ਲੱਗੇ
ਹਕੂਮਤ ਦੇ, ਅਹਿਲਕਾਰਾਂ ਨੂੰ ਹੀ
ਨਸ਼ਿਆਂ ਦੇ ਸੌਦਾਗਰ ਕਹਿਣ ਲੱਗੇ

ਹਰ, ਉੱਭਰਦੇ, ਲੋਕ-ਮਸਲੇ 'ਚੋਂ
ਚੌਧਰ ਦੀ ਕੁਰਸੀ ਭਾਲਦੇ, ਸਭ ਮੌਕਾਪ੍ਰਸਤ, ਸਭ ਅਖੌਤੀ ਨੇਤਾ
ਭੂੰਡਾਂ ਦੀ ਖੱਖਰ ਬਣਾ ਕੇ, ਤੁਰ ਪਏ-

ਨਸ਼ੇ ਦੇ ਸੌਦਾਗਰਾਂ ਨੇ
ਤਾੜੀ ਮਾਰੀ ਅਤੇ ਹੱਸ ਕੇ ਕਿਹਾ:

ਚੌਧਰ ਦੇ ਭੁੱਖੇ ਦਲਾਲੋ-
ਕਿਸਾਨ ਲੀਡਰੋ, ਧਰਮੀਓ, ਰਾਜਨੀਤੀਵਾਨੋ, ਪੱਤਰਕਾਰੋ, ਬੁੱਧੀਜੀਵੀਓ
ਤੁਸੀਂ, ਮਹਿਜ਼, ਛਟਾਕੀ ਕੁ ਭਰ ਨਸ਼ਾ ਵੇਚਣ ਵਾਲਿਆਂ ਨੂੰ
ਫੜ ਕੇ, ਨੱਕ ਨਾਲ ਲਕੀਰਾਂ ਕੱਢਵਾਂਦੇ ਰਹੋ
ਨਸ਼ਾ ਰੋਕੂ ਮੁਹਿੰਮ ਦੇ ਅਖੌਤੀ ਲੀਡਰ ਬਣ ਬਣ
ਭੋਲੀ-ਭਾਲੀ ਜਨਤਾ ਤੋਂ, ਆਪਣੇ ਹੱਕ ਵਿੱਚ
ਜ਼ਿੰਦਾਬਾਦ, ਜ਼ਿੰਦਾਬਾਦ, ਦੇ ਨਾਹਰੇ ਲਗਵਾਂਦੇ ਰਹੋ
ਆਪਣੇ ਗਲਾਂ ਵਿੱਚ ਫੁੱਲਾਂ ਦੇ ਹਾਰ ਪਵਾਂਦੇ ਰਹੋ
ਵਿਕਾਊ ਚੈਨਲਾਂ ਉੱਤੇ, ਆਪਣੀਆਂ
ਲੰਬੀਆਂ, ਲੰਬੀਆਂ, ਖਬਰਾਂ ਲਗਵਾ
ਲੋਕਾਂ ਨੂੰ, ਅਸਲੀ ਮੁੱਦੇ ਤੋਂ, ਭਟਕਾਂਦੇ ਰਹੋ

ਪਰ, ਭੋਲੀ-ਭਾਲੀ ਜਨਤਾ ਨੂੰ, ਕਦੀ

ਇਹ, ਪਤਾ ਨ ਲੱਗਣ ਦਿਓ-
ਨਸ਼ੇ ਦੇ ਮਹਾਂ-ਸੌਦਾਗਰ, ਤਾਂ

-ਧਰਮੀ ਮੱਠਾਂ 'ਚ ਨਰਮ ਗੱਦਿਆਂ 'ਤੇ ਬੈਠੇ ਹਨ
-ਮਹਿਲਾਂ ਵਰਗੇ ਘਰਾਂ ਦੇ ਏ.ਸੀ. ਕਮਰਿਆਂ 'ਚ ਬੈਠੇ ਹਨ
-ਸੱਤਾ ਦੇ ਉੱਚੇ ਸਿੰਘਾਸਣਾਂ 'ਤੇ ਬੈਠੇ ਹਨ
-ਵਿਉਪਾਰਕ ਅਦਾਰਿਆਂ ਦੇ ਮੁੱਖ ਦਫਤਰਾਂ 'ਚ ਬੈਠੇ ਹਨ
-ਰਾਜਨੀਤੀਵਾਨਾਂ ਦੀਆਂ ਆਲੀਸ਼ਾਨ ਸਰਕਾਰੀ ਕੋਠੀਆਂ 'ਚ ਬੈਠੇ ਹਨ

ਨਸ਼ਾ, ਨਸ਼ੇ ਦੇ ਵਿਉਪਾਰੀ, ਨਸ਼ੇ ਦੇ ਸ਼ਿਕਾਰੀ
ਤਾਂ, ਸਦੀਆਂ ਤੋਂ, ਹਰ ਯੁਗ ਵਿੱਚ
ਇੱਥੇ ਹੀ, ਸਾਡੀ ਧਰਤੀ ਉੱਤੇ ਹੀ, ਵਸਦੇ ਸਨ
ਕਿਸੇ ਹੋਰ ਧਰਤੀ ਤੋਂ ਨਹੀਂ ਆਏ

ਕਦੀ, ਤੁਹਾਨੂੰ
ਜ਼ਿੰਦਗੀ ਦੀ, ਅੰਨੀ, ਦੌੜ-ਭੱਜ ਤੋਂ
ਵਿਹਲ ਮਿਲੇ, ਤਾਂ
ਜ਼ਰਾ, ਸੋਚਣਾ-

ਇਹ, ਤੁਹਾਡੇ, ਆਪਣੇ ਹੀ
ਭੈਣ, ਭਰਾ, ਧੀਆਂ, ਪੁੱਤਰ, ਸਾਕ-ਸੰਬੰਧੀ
ਨਸ਼ਿਆਂ ਦੀ ਦਲਦਲ 'ਚ
ਏਨੇ ਡੂੰਘੇ, ਕਿੰਝ
ਧਸ ਗਏ

ਨਸ਼ਾ, ਕਿਸੀ ਦੇ ਵੀ ਘਰ
ਤੁਰ ਕੇ ਨਹੀਂ ਜਾਂਦਾ-

ਤੁਸੀਂ, ਆਪ ਹੀ, ਆਪਣੇ
ਚਿਹਰਿਆਂ 'ਤੇ, ਮੁਸਕਰਾਹਟਾਂ ਪਹਿਣ ਕੇ
ਨਸ਼ਿਆਂ ਦੇ, ਸੌਦਾਗਰਾਂ ਨੂੰ
ਮਿਲਣ ਜਾਂਦੇ ਹੋ

ਤੁਸੀਂ, ਆਪ ਹੀ
ਆਪਣੇ, ਕੱਫਨ, ਇਨਾਂ

ਮੌਤ ਦੇ ਸੌਦਾਗਰਾਂ ਤੋਂ
ਬੜੇ ਚਾਵਾਂ, ਉਮੰਗਾਂ ਨਾਲ
ਲੈਣ ਜਾਂਦੇ ਹੋ

ਮੇਰੇ ਯਾਰੋ!
ਆਪਣੇ, ਘਰਾਂ ਦੀ ਖਬਰ-ਸਾਰ ਲਓ
ਆਪਣੇ, ਘਰਾਂ ਦੇ ਚਿਰਾਂ ਤੋਂ ਬੰਦ ਪਏ ਖਿੜਕੀਆਂ, ਦਰਵਾਜ਼ੇ, ਖੋਹਲੋ
ਆਪਣੇ, ਘਰਾਂ 'ਚ ਤਾਜ਼ੀ ਹਵਾ ਦੇ ਬੁੱਲੇ ਆਉਣ ਦਿਓ
ਆਪਣੇ, ਘਰਾਂ 'ਚ ਰਹਿਣ ਵਾਲੇ ਲੋਕਾਂ ਨੂੰ ਗੱਲ-ਬਾਤ ਕਰਨ ਦਾ ਮੌਕਾ ਦਿਓ
ਆਪਣੇ, ਘਰਾਂ 'ਚ ਪੱਸਰੀ ਚੁੱਪ ਨੂੰ ਟੁੱਟਣ ਦਾ ਮੌਕਾ ਦਿਓ

ਤੁਹਾਡੇ, ਘਰਾਂ ਦੀਆਂ ਮਮਟੀਆਂ 'ਤੇ ਬੈਠੀਆਂ
ਇਹ, ਨਸ਼ਾ-ਨਾਮੀਂ, ਗਿਰਝਾਂ
ਆਪਣੇ ਆਪ ਹੀ, ਜੰਗਲ
ਵੱਲ ਨੂੰ, ਉੱਡ ਜਾਣਗੀਆਂ
■

(ਮਾਲਟਨ, ਜੁਲਾਈ 22, 2023)

# ਮਗਰਮੱਛ ਦੇ ਹੰਝੂ

ਮਨੀਪੁਰ ਸੜ ਰਿਹਾ ਸੀ-
ਔਰਤਾਂ ਨੂੰ, ਅਲਫ਼ ਨੰਗਿਆਂ ਕਰ
ਸੜਕਾਂ, ਬਾਜ਼ਾਰਾਂ, ਚੌਰਸਤਿਆਂ, 'ਚ
ਬੇਇੱਜ਼ਤ ਕਰ, ਘੁੰਮਾਇਆ ਜਾ ਰਿਹਾ ਸੀ

ਔਰਤਾਂ ਦੇ, ਸਮੂਹਿਕ ਬਲਾਤਕਾਰ ਕਰ
ਉਨ੍ਹਾਂ ਦੇ, ਜਿਸਮਾਂ ਦੇ ਟੁੱਕੜੇ ਟੁੱਕੜੇ ਬਣਾ
ਖੇਤਾਂ 'ਚ, ਕੂੜੇ ਦੇ ਢੇਰਾਂ ਵਾਂਗੂੰ
ਸੁੱਟਿਆ ਜਾ ਰਿਹਾ ਸੀ

ਹਕੂਮਤ ਨੇ, ਇਹ ਦੇਖ ਕੇ ਵੀ
ਆਪਣੇ, ਹੋਠਾਂ ਉੱਤੇ ਗਹਿਰੀ
ਚੁੱਪ ਬਣਾਈ ਹੋਈ ਸੀ

ਰਾਜਸਿੰਘਾਸਨ ਉੱਤੇ ਬੈਠਾ, ਮਗਰਮੱਛ
ਲੋਕ-ਦਿਖਾਵੇ ਲਈ, ਅੱਖਾਂ 'ਚੋਂ
ਹੰਝੂ ਵਹਾ ਰਿਹਾ ਸੀ-

ਇਹ ਖਬਰ, ਦੁਨੀਆ ਦੇ ਕੋਨੇ ਕੋਨੇ 'ਚ
ਜੰਗਲ ਦੀ ਅੱਗ ਵਾਂਗ, ਫੈਲ ਜਾਣ ਕਾਰਨ
ਪੂਰਾ ਦੇਸ਼, ਸ਼ਰਮਸਾਰ ਹੋਇਆ
ਮੁਖੌਟਾਧਾਰੀ, ਮਗਰਮੱਛ ਨੂੰ
ਲਾਹਣਤਾਂ ਪਾ ਰਿਹਾ ਸੀ

ਮਨੀਪੁਰ ਸੜ ਰਿਹਾ ਸੀ-
ਦੇਸ ਦੇ, ਰਾਜਸਿੰਘਾਸਨ 'ਤੇ ਬੈਠਾ
ਮਗਰਮੱਛ, ਆਪਣੀ, ਜਹਾਲਤ ਕਾਰਨ
ਨੀਰੋ ਵਾਂਗ, ਬਸ
ਬੰਸਰੀ ਵਜਾ ਰਿਹਾ ਸੀ

ਸੱਚ ਪੁੱਛੋ, ਤਾਂ
ਉਹ, ਆਪਣੇ ਹੀ
ਸਿਰ ਵਿੱਚ, ਇਸ ਤਰਾਂ
ਖੇਹ ਪਾ ਰਿਹਾ ਸੀ
■

(ਜੁਲਾਈ 28, 2023, ਮਾਲਟਨ)

# 31 ਕਰੋੜੀ ਲੈਂਪ

ਇੱਕ, ਅੰਧਭਗਤ, ਸ਼ਰਧਾਲੂ, ਵਿਉਪਾਰੀ ਨੇ
ਕਿਸੇ, ਧਾਰਮਿਕ ਮੱਠ ਦੇ ਵਿਹੜੇ ਵਿੱਚ
ਹੀਰਿਆਂ, ਮੋਤੀਆਂ, ਨਾਲ ਜੜਿਆ
ਇੱਕ, ਬਹੁ-ਮੁੱਲਾ, ਲੈਂਪ
ਸਜਾ ਦਿੱਤਾ-

ਹੁਣ, ਸ਼ਰਧਾਲੂ
ਧਾਰਮਿਕ ਮੱਠ 'ਚ, ਆ ਕੇ
ਧਾਰਮਿਕ ਵਿਚਾਰ ਸੁਨਣ ਦੀ ਥਾਂ
ਹੀਰਿਆਂ, ਮੋਤੀਆਂ, ਨਾਲ ਜੜੇ, ਇਸ
ਵੱਡ-ਮੁੱਲੇ, ਲੈਂਪ ਕੋਲ ਬੈਠ
ਇਸ ਦੀਆਂ, ਦਿਨ ਰਾਤ
ਸਿਫਤਾਂ ਕਰਨ ਵਿੱਚ ਹੀ
ਮਗਨ ਰਹਿੰਦੇ

ਹੌਲੀ, ਹੌਲੀ, ਲੋਕਾਂ ਨੇ
ਚੰਗੇ, ਧਾਰਮਿਕ ਵਿਚਾਰਾਂ ਵਾਲੀ
ਨੇਕ, ਜ਼ਿੰਦਗੀ ਜਿਓਣ ਬਾਰੇ
ਬਚਨ-ਬਿਲਾਸ ਕਰਨ ਵਾਲੇ
ਸੰਤ-ਪੁਰਸ਼ਾਂ, ਫਕੀਰਾਂ, ਕੋਲ
ਜਾਣਾ ਹੀ ਬੰਦ ਕਰ ਦਿੱਤਾ-

ਇਸ, ਹੀਰਿਆਂ, ਮੋਤੀਆਂ, ਨਾਲ ਜੜੇ ਲੈਂਪ ਦੀ
ਰੌਸ਼ਨੀ ਵਿੱਚ, ਲੋਕ, ਦੇਰ ਰਾਤ ਤੱਕ, ਬੈਠੇ
ਵਿਸਕੀ, ਬੀਅਰ, ਵਾਈਨ, ਚਿੱਟਾ, ਭੰਗ, ਚਰਸ, ਪੀਂਦੇ
ਰੰਗ-ਰਲੀਆਂ ਮਨਾਉਣ ਵਿੱਚ, ਮਸਤ ਰਹਿੰਦੇ

ਕਈ ਵੇਰ, ਇਹਨਾਂ ਨਸ਼ੇੜੀਆਂ ਦਾ
ਧਰਮੀਆਂ, ਅੰਧਭਗਤਾਂ, ਨਾਲ, ਹਨ੍ਹੇਰੇ-ਸਵੇਰੇ
ਧੱਕਮ-ਧੱਕਾ ਵੀ ਹੋ ਜਾਂਦਾ
ਧੱਕਮ-ਧੱਕੇ ਵਿੱਚ, ਕਈਆਂ ਦੇ
ਸਿਰ ਵੀ ਪਾਟ ਜਾਂਦੇ

ਇਸ, ਬਹੁ-ਮੁੱਲੇ, ਲੈਂਪ ਕੋਲੋਂ ਲੰਘਦਿਆਂ
ਇੱਕ ਦਿਨ, ਇੱਕ ਫਕੀਰ ਬੋਲਿਆ:
'ਇਹ ਨ ਹੋਵੇ ਕਿ ਇੱਕ ਦਿਨ
ਇਸ, ਬਹੁ-ਮੁੱਲੇ, ਲੈਂਪ ਨੂੰ ਵੇਚ ਕੇ
ਇਸ ਜਗਾਹ, ਇਹਨਾਂ ਨਸ਼ੇੜੀਆਂ
ਇਹਨਾਂ, ਅੰਧਭਗਤ, ਸ਼ਰਧਾਲੂ, ਧਰਮੀ, ਲੋਕਾਂ ਦੇ
ਮਾਨਸਿਕ ਇਲਾਜ ਲਈ, ਇੱਕ
ਹਸਪਤਾਲ ਹੀ ਬਨਾਉਣਾ ਪੈ ਜਾਵੇ'

ਇਹ ਸੁਣ ਕੇ, ਦੂਰ ਖ਼ਲਾ 'ਚ
ਇੱਕ ਆਵਾਜ਼ ਹੱਸੀ, ਬੋਲੀ :
'ਹਾਂ, ਬਿਲਕੁਲ, ਉਸ ਬੇਸਮਝ
ਅੰਧਭਗਤ, ਸ਼ਰਧਾਲੂ, ਵਿਓਪਾਰੀ, ਦੇ
ਦਿਮਾਗ਼ ਦਾ ਇਲਾਜ ਕਰਵਾਉਣ ਲਈ ਵੀ
ਜਿਸ ਨੇ, ਸ਼ਬਦ ਰੂਪੀ, ਗਿਆਨ ਤੋਂ ਭਟਕਾਉਣ ਲਈ
ਇਹ, 31 ਕਰੋੜੀ ਲੈਂਪ, ਨਾਮੀ
ਸੇਹ ਦਾ ਤੱਕਲਾ, ਇਸ
ਧਰਮੀ ਮੱਠ ਦੇ, ਵਿਹੜੇ ਵਿੱਚ
ਗੱਡਿਆ ਹੈ-

ਜਿਸ ਨੇ, 31 ਕਰੋੜੀ ਲੈਂਪ ਨਾਲ
ਵਿੱਦਿਆ ਦੇ ਚਾਨਣ ਨੂੰ
ਧੁੰਦਲਾ ਕੀਤਾ ਹੈ'
■

(ਮਾਲਟਨ, ਅਗਸਤ 10, 2023)

# ਮਾਹੌਲ

ਹਰ ਬੰਦਾ, ਪੈਦਾ, ਤਾਂ
ਇਨਸਾਨ, ਹੀ, ਹੁੰਦਾ ਹੈ-
ਪਰ, ਮਾਹੌਲ
-ਕਿਸੀ ਨੂੰ, ਕੁੱਤਾ
-ਕਿਸੀ ਨੂੰ, ਬਾਂਦਰ
-ਕਿਸੀ ਨੂੰ, ਬਘਿਆੜ
ਬਣਾ ਦਿੰਦਾ ਹੈ

ਕੁਰਸੀਆਂ ਦੀ ਦੌੜ 'ਚ
ਲੀਨ ਹੋਇਆ, ਮਨੁੱਖ
ਆਸਤੀਨ ਦਾ ਸੱਪ
ਬਨਣ ਵਿੱਚ ਵੀ
ਗੁਰੇਜ਼ ਨਹੀਂ ਕਰਦਾ

ਅੱਖਾਂ ਉੱਤੇ
ਡਾਲਰਾਂ ਦੇ ਖੋਪੇ ਬੰਨ੍ਹ
ਉਹ, ਆਪਣੀ, ਲਾਲਸਾ ਦਾ
ਗੁਲਾਮ ਹੋਇਆ
ਖੂੰਖਾਰ ਬਨਣ ਦੀ
ਆਪਣੀ, ਅੰਦਰੂਨੀ
ਖਾਹਿਸ਼ 'ਚ ਬੱਝਾ-
-ਉਹ, ਮਗਰਮੱਛ ਦਾ
ਰੂਪ, ਵੀ, ਧਾਰ ਸਕਦਾ ਹੈ
-ਉਹ, ਫਨੀਅਰ ਸੱਪ ਦਾ
ਰੂਪ, ਵੀ, ਧਾਰ ਸਕਦਾ ਹੈ
-ਉਹ, ਸ਼ਿਕਾਰੀ ਕੁੱਤੇ ਦਾ
ਰੂਪ, ਵੀ, ਧਾਰ ਸਕਦਾ ਹੈ
-ਉਹ, ਬਘਿਆੜ ਦਾ
ਰੂਪ, ਵੀ, ਧਾਰ ਸਕਦਾ ਹੈ

ਪੂੰਜੀਵਾਦੀ ਯੁੱਗ ਨੇ
ਆਦਮੀ 'ਚੋਂ, ਆਦਮੀਅਤ ਦੇ

ਸਭ, ਗੁਣ ਖਤਮ ਕਰਨ ਦੀ
ਠਾਣ ਲਈ ਹੈ-

ਆਦਮੀ ਨੂੰ, ਮੁੜ
ਜਾਨਵਰ ਬਨਾਉਣ ਦੀ
ਠਾਣ ਲਈ ਹੈ-

ਫੁੱਲਾਂ, ਪੌਦਿਆਂ, ਸੁਗੰਧੀਆਂ
ਭਰੀ ਧਰਤ ਨੂੰ-
ਆਪਣੇ, ਨਿਊਕਲੀਅਰ ਬੰਬਾਂ, ਬਲਿਸਟਿਕ ਮਿਜ਼ਾਈਲਾਂ
ਤੇਜ਼ ਰਫਤਾਰ ਕੰਪਿਊਟਰਾਂ ਦੀ
ਮਹਾਂ-ਸ਼ਕਤੀ ਨਾਲ, ਮਹਾਂ-ਕਬਰਸਤਾਨ
ਬਨਾਉਣ ਦੀ, ਬਸ
ਠਾਣ ਲਈ ਹੈ
■

(ਮਾਲਟਨ, ਅਪ੍ਰੈਲ 16, 2023)

# ਖ਼ੂਨੀ ਰੁੱਤ '84 ਦੀ

ਹਉਮੈਂ ਨਾਲ ਭਰੇ ਸਨ, ਧਰਮੀ ਯੋਧੇ
ਮੰਨੂਵਾਦੀ, ਸੱਤਾਧਾਰੀ, ਸਿਆਸਤ ਦੇ
ਪਿਆਦਿਆਂ ਨਾਲ ਸਨ ਜੋ ਟੱਕਰਾਏ
ਕਾਲੀ-ਬੋਲੀ, 'ਨ੍ਹੇਰੀ, ਝੱਖੜ, ਤੋਪਾਂ, ਗੋਲੇ
ਖ਼ੂਨੀ ਰੁੱਤ '84 ਦੀ, ਲੈ ਕੇ ਆਏ

ਮਰਦਾਂ, ਔਰਤਾਂ, ਬੱਚਿਆਂ, ਬੁੱਢਿਆਂ, ਜਵਾਨਾਂ
ਸਭ ਦੇ, ਓਹਨਾਂ, ਬੰਨ੍ਹ ਬੰਨ੍ਹ ਕਤਾਰਾਂ, ਆਹੂ ਲਾਹੇ
ਝੂਠੇ, ਪੁਲਿਸ, ਮੁਕਾਬਲੇ ਸਿਰਜ ਸਿਰਜ ਕੇ
ਮਾਸੂਮ, ਬੇਗੁਨਾਹ, ਦਰਿਆਵਾਂ, ਝੀਲਾਂ, ਵਿੱਚ ਵਹਾਏ

ਸੱਤਾ ਦੀ ਕੁਰਸੀ ਦੇ ਪਾਵੇ, ਘੁੱਟ ਕੇ ਬੈਠੇ ਰਹੇ ਸਨ
ਆਪਣੇ ਹੀ, ਕੁਝ, ਮੁਖੌਟੇਧਾਰੀ, ਮੌਕਾਪ੍ਰਸਤ, ਨੇਤਾ
ਲੇਖਕ, ਬੁੱਧੀਜੀਵੀ, ਪੱਤਰਕਾਰ, ਸੰਪਾਦਕ, ਚਿੰਤਕ
ਇਨਾਮਾਂ, ਸਨਮਾਨਾਂ, ਦੇ ਸੁਫ਼ਨੇ ਜਿਨ੍ਹਾਂ ਮਨਾਂ ਵਿੱਚ ਛੁਪਾਏ

ਹੱਸਦੇ-ਵੱਸਦੇ, ਘਰਾਂ ਦੇ ਚੁੱਲਿਆਂ 'ਚੋਂ ਸਵਾਹ ਉਡਾ
ਓਹਨਾਂ ਨੇ, ਧੀਆਂ, ਭੈਣਾਂ, ਮਾਵਾਂ, ਦੇ ਸਿਰਾਂ 'ਚ ਪਾਈ
ਏਸ ਤਰ੍ਹਾਂ, ਉਨ੍ਹਾਂ ਨੇ, ਗੰਦੀ-ਰਾਜਨੀਤੀ ਦੇ ਪਤੰਗ
ਰਾਜਨੀਤਕ ਹਵਾ 'ਚ, ਸੀ ਚਾਵਾਂ ਨਾਲ ਉਡਾਏ

ਬੱਸਾਂ, ਗੱਡੀਆਂ, ਕਾਰਾਂ, ਰੇਲਾਂ, 'ਚੋਂ, ਓਹਨਾਂ ਨੇ, ਧੂਹ ਧੂਹ ਕੇ
ਬਸ, ਧਰਮੀ, ਚਿਹਰੇ, ਤੱਕ ਤੱਕ, ਤਲਵਾਰਾਂ ਨਾਲ, ਸੀ ਵੱਢੇ
ਹਿੰਦੂ, ਸਿੱਖ, ਮੁਸਲਮਾਨ, ਈਸਾਈ, ਕਮਿਊਨਿਸਟ, ਜੈਨੀ, ਬੋਧੀ, ਕਹਿ
ਏਕੇ-47 ਦੀਆਂ ਗੋਲੀਆਂ ਦੀ ਬਾਰਿਸ਼ ਕਰ, ਲਾਸ਼ਾਂ ਦੇ ਢੇਰ ਲਗਾਏ

ਮਾਸੂਮਾਂ, ਬੇਗੁਨਾਹਾਂ, ਦੇ ਗਲਾਂ 'ਚ ਬਲਦੇ ਟਾਇਰ ਪਾ ਕੇ
ਗਲੀਆਂ, ਬਾਜ਼ਾਰਾਂ, 'ਚ ਤਾਂਡਵ-ਨਾਚ ਰਹੇ ਸਨ ਨੱਚਦੇ, ਕੁਝ ਪਸ਼ੂਆਂ ਦੇ ਜਾਏ
ਕੌਣ ਸੀ ਦੋਸ਼ੀ, ਕੌਣ ਸੀ ਸੱਚਾ, ਕਿੰਝ ਜਾਣੋਗੇ
ਗੰਦੀ-ਰਾਜਨੀਤੀ ਦੇ ਜਦ, ਹਰ ਇੱਕ ਨੇ ਸੀ, ਚਿਹਰੇ 'ਤੇ ਮੁਖੌਟੇ ਪਾਏ

ਡੋਬ ਦਿੱਤੇ, ਉਹਨਾਂ ਨੇ, ਗੰਦੀ-ਸਿਆਸਤ ਦੇ, ਡੂੰਘੇ ਪਾਣੀਆਂ ਵਿੱਚ

ਸਾਂਝੀ ਬੋਲੀ, ਸਾਂਝੇ ਵਿਰਸੇ, ਸਾਂਝੇ ਸਭਿਆਚਾਰ, ਦੇ ਜਾਏ
ਬਾਬਾ ਨਾਨਕ, ਸ਼ੇਖ ਫਰੀਦ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਵੀ
ਭੁਸਰੇ ਹੋਏ, ਮਨੁੱਖੀ, ਸਾਹਨਾਂ ਦੇ ਕੰਮ ਵੇਖ ਵੇਖ ਕੇ ਹੋਣੇ ਕੁਰਲਾਏ

ਪਾਸ਼, ਸੁਮੀਤ, ਧਵਨ, ਬਲਦੇਵ ਮਾਨ, ਰਵਿੰਦਰ ਰਵੀ, ਨੂੰ ਵੀ
ਖ਼ੂਨੀ ਰੁੱਤ '84 ਦੀ, ਕਾਲੀ-ਬੋਲੀ, 'ਨ੍ਹੇਰੀ ਖਾਹ ਗਈ
ਪਤਾ ਨਹੀਂ, ਹੋਰ, ਕਿਸ ਕਿਸ, ਘਰ 'ਚੋਂ ਸੀ ਇਸ ਖ਼ੂਨੀ ਰੁੱਤ ਨੇ
ਸਿਰਾਂ ਤੋਂ, ਚੁੰਨੀਆਂ ਲਾਹੀਆਂ ਘਰਾਂ 'ਚ ਸੱਥਰ ਸਨ ਵਿਛਾਏ

ਹਉਮੈਂ ਨਾਲ ਭਰੇ ਸਨ, ਧਰਮੀ ਯੋਧੇ
ਮੰਨੂਵਾਦੀ, ਸੱਤਾਧਾਰੀ, ਸਿਆਸਤ ਦੇ
ਪਿਆਦਿਆਂ ਨਾਲ ਸਨ ਜੋ ਟਕਰਾਏ
ਕਾਲੀ-ਬੋਲੀ, 'ਨ੍ਹੇਰੀ, ਝੱਖੜ, ਤੋਪਾਂ, ਗੋਲੇ
ਖ਼ੂਨੀ ਰੁੱਤ '84 ਦੀ, ਲੈ ਕੇ ਆਏ

ਜਾਗਣ ਦਾ ਵੇਲਾ-
ਮੇਰੇ ਯਾਰੋ! ਮੇਰੇ ਸਾਥੀਓ!
ਹਉਮੈਂ ਨਾਲ ਭਰੇ, ਧਰਮੀ ਯੋਧਿਆਂ ਦੇ
ਮਨਾਂ ਅੰਦਰ ਝਾਕੋ, ਉਨ੍ਹਾਂ ਦੀਆਂ
ਬਦਨੀਤੀਆਂ ਨੂੰ ਸਮਝੋ

ਸਾਂਝੀ ਬੋਲੀ, ਸਾਂਝੇ ਵਿਰਸੇ, ਸਾਂਝੇ ਸਭਿਆਚਾਰ, ਦੇ
ਥਾਂ, ਥਾਂ, ਸਾਡੇ, ਬੋਲ ਹੀ ਗੂੰਜਣ
ਸੱਚੇ-ਸੁੱਚੇ, ਵਾਰਿਸ ਬਣ ਕੇ ਉੱਠੋ
ਬਣ ਜਾਓ, ਪੰਜ ਦਰਿਆਵਾਂ ਦੇ
ਧੀਆਂ, ਪੁੱਤਰ, ਚੰਗੇ ਹਮਸਾਏ
■

(ਮਾਲਟਨ, ਜੂਨ 6, 2023)

# ਆਲੋਚਕ ਦੀ ਮਨੋ-ਭਾਵਨਾ

ਕਵੀ, ਇਸ ਤਰ੍ਹਾਂ ਦੀ
ਕਵਿਤਾ ਲਿਖੇ-

ਦਹਾਕਿਆਂ ਪਹਿਲਾਂ, ਇੱਕ ਕੁੜੀ
ਉਸ ਨੂੰ, ਰਾਹ ਜਾਂਦਿਆਂ
ਕਿਤੇ, ਮਿਲੀ ਸੀ

ਫਿਰ, ਉਹ ਕੁੜੀ
ਪਤਾ ਨਹੀਂ, ਕਿੱਥੇ
ਗੁੰਮ ਗਈ

ਅੱਜ, ਅਚਾਨਕ
ਉਹ, ਕੁੜੀ
ਕਵੀ ਨੂੰ, ਇੱਕ ਢਾਬੇ ਵਿੱਚ
ਬੈਠੀ ਦਿਖੀ-

ਕਵੀ ਨੇ, ਉਸ ਕੁੜੀ ਦੇ
ਸਾਹਮਣੇ ਬੈਠ
ਗਰਮ ਗਰਮ, ਚਾਹ ਦੇ
ਦੋ ਕੱਪ ਪੀਤੇ

ਪਰ, ਕਵੀ ਨੇ
ਉਸ, ਕੁੜੀ, ਨੂੰ, ਪਤਾ ਵੀ ਨ
ਲੱਗਣ ਦਿੱਤਾ
ਕਵੀ ਨੇ, ਉਸ ਕੁੜੀ ਨੂੰ
ਦਹਾਕਿਆਂ ਪਹਿਲਾਂ, ਕਿਤੇ
ਦੇਖਿਆ ਸੀ

ਕਵੀ ਖੁਸ਼ ਹੈ-
ਦਹਾਕਿਆਂ ਬਾਹਦ, ਉਸ ਕੁੜੀ ਨੂੰ
ਮੁੜ, ਦੇਖਣ ਤੋਂ ਬਾਹਦ, ਹੁਣ, ਉਹ
ਮਹਿਸੂਸ ਕਰ ਰਿਹਾ ਹੈ

ਜਿਵੇਂ, ਉਸ ਦੀ ਉਮਰ ਦੇ
ਅਨੇਕਾਂ ਸਾਲ ਵੱਧ ਗਏ ਹੋਣ

ਕਵੀ ਜਾਣਦਾ ਹੈ-
ਉਸਦੀ, ਕਵਿਤਾ ਦਾ ਆਲੋਚਕ
ਉਸਦੀ, ਇਹ ਪਿਆਰ ਕਵਿਤਾ
ਬੜੇ ਹੀ, ਮੋਹ ਨਾਲ ਪੜ੍ਹੇਗਾ

ਕਿਉਂਜੁ, ਸ਼ਹਿਰ ਦੇ
ਸਭ ਆਲੋਚਕ, ਅਜਿਹੀਆਂ
ਪਿਆਰ ਕਵਿਤਾਵਾਂ ਪੜ੍ਹਣ ਲਈ
ਤਰਸਦੇ ਹਨ

ਦੁਨੀਆ ਦੇ ਝਮੇਲਿਆਂ, ਖ਼ੂਨ-ਖਰਾਬਿਆਂ, ਮੁਸੀਬਤਾਂ, ਦੇ ਮਾਰੇ
ਲੋਕਾਂ ਦੀਆਂ, ਦੁੱਖਾਂ ਭਰੀਆਂ, ਜ਼ਿੰਦਗੀਆਂ ਦੇ
ਦ੍ਰਿਸ਼ ਬਿਆਨ ਕਰਦੀਆਂ ਕਵਿਤਾਵਾਂ
ਪੜ੍ਹ, ਪੜ੍ਹ, ਆਲੋਚਕਾਂ ਦਾ, ਅਕਸਰ
ਹਾਜ਼ਮਾ ਖਰਾਬ ਹੋ ਜਾਂਦਾ ਹੈ

ਉਂਝ, ਤਾਂ, ਸਾਡੇ ਸਮਿਆਂ 'ਚ
ਪੱਤਰਕਾਵਾਂ ਦੇ ਸੰਪਾਦਕ ਵੀ
ਕਵੀਆਂ ਕੋਲੋਂ, ਅਜਿਹੀਆਂ
ਲਿਖਤਾਂ ਦੀ ਹੀ ਮੰਗ ਕਰਦੇ ਹਨ-

ਜਿਨ੍ਹਾਂ ਵਿੱਚ, ਉਨ੍ਹਾਂ ਨੇ
ਬੜੇ ਮੋਹ ਨਾਲ, ਲਿਖਿਆ ਹੋਵੇ-
ਉਨ੍ਹਾਂ ਨੇ, ਆਪਣੀਆਂ ਪ੍ਰੇਮਕਾਵਾਂ ਨਾਲ
ਮਿਲਕੇ, ਪਹਿਲੀ ਵਾਰ, ਦਾਰੂ
ਕਦੋਂ ਪੀਤੀ ਸੀ

ਆਪਣੀਆਂ, ਪ੍ਰੇਮਕਾਵਾਂ ਨਾਲ ਮਿਲ ਕੇ
ਕਿਸੀ, ਸਾਹਿਤਕ ਮਹਿਫ਼ਲ ਵਿੱਚ
ਪਹਿਲੀ ਵਾਰ, ਗਾਂਜੇ ਦੇ ਭਰੇ
ਹੁੱਕਿਆਂ ਦੇ ਕਸ਼, ਕਦੋਂ
ਲਗਾਏ ਸਨ

ਆਪਣੀਆਂ, ਪ੍ਰੇਮਕਾਵਾਂ ਨਾਲ
ਮਿਲਕੇ, ਚਿੱਟੇ ਦੇ ਭਰੇ
ਗਲਾਸਾਂ 'ਚੋਂ ਘੁੱਟ ਭਰ ਕੇ
ਰਾਤ ਭਰ, ਤਾਂਡਵ-ਨਾਚ
ਕਦੋਂ, ਨੱਚਿਆ ਸੀ
■

(ਮਾਲਟਨ, ਜੂਨ 27, 2023)

# ਕਵੀ ਦੀ ਮੰਗ

ਕਵਿਤਾ, ਸਰਕਾਰੀ ਬਣ
ਕਵਿਤਾ, ਦਰਬਾਰੀ ਬਣ
ਕਵਿਤਾ, ਵਿਉਪਾਰੀ ਬਣ
ਕਵਿਤਾ, ਲਲਾਰੀ ਬਣ

ਇਹ ਹੈ–
ਅੱਜ ਦੇ, ਕਵੀ ਦੀ ਮੰਗ
ਕਹਿੰਦਾ, ਉਹ
ਹੋ ਕੇ ਨਿਸ਼ੰਗ

ਕਵੀ ਦਾ, ਦੇਖ ਕੇ
ਮੰਦਾ ਹਾਲ
ਲੋਕੀਂ ਕਹਿੰਦੇ :
ਬਸ ਕਰ, ਹੋਰ ਨ
ਪਾ, ਤੂੰ, ਗੰਦ

ਪਰ, ਅੱਜ ਦਾ, ਕਵੀ
ਤਾਂ, ਹੋ ਚੁੱਕੈ ਢੀਠ–

ਮੰਤਰੀ ਜੀ ਦੇ
ਗੋਡਿਆਂ ਨੂੰ ਹੱਥ ਲਾ ਕੇ
ਮਿੰਨਤਾਂ, ਤਰਲੇ, ਕਰਦਾ

ਬੱਕਰੀ ਵਾਂਗ
ਮਿਆਂਕਦਾ ਫਿਰਦਾ

ਮੈਨੂੰ, ਕੋਈ
ਇਨਾਮ, ਸਨਮਾਨ, ਦਿਲਾਓ
ਮੇਰੀ, ਕਿਸਮਤ ਦੇ ਦਰਵਾਜ਼ੇ
ਖੁੱਲ੍ਹਵਾਓ

ਮੇਰੀ ਕਿਸਮਤ ਵਾਲੀ
ਕੋਈ ਲੀਕ ਲਗਾਓ

ਰਾਜ ਕਵੀ
ਮੈਂ, ਬਣ ਜਾਵਾਂ
ਚਾਹੇ, ਬਣਾ ਦਿਓ
ਸ਼ਰੋਮਣੀ ਸਾਹਿਤਕਾਰ
ਹੋਰ ਨਹੀਂ ਕੁਝ, ਤਾਂ
ਸਾਹਿਤ ਰਤਨ, ਹੀ
ਮੇਰੀ, ਝੋਲੀ ਪਾਓ
ਕਰੋ ਕੋਈ, ਐਸਾ
ਸਾਹਿਤਕ, ਸ਼ੜਯੰਤਰ
ਕੋਈ, ਤਾਂ, ਛੇੜੋ
ਐਸਾ, ਭ੍ਰਿਸ਼ਟਾਚਾਰੀ
ਮੰਤਰ

ਇਨਾਮ, ਸਨਮਾਨ, ਪੁਰਸਕਾਰ
ਤੁਲ ਰਹੇ, ਦਾਰੂ ਦੀਆਂ ਬੋਤਲਾਂ ਸੰਗ
ਡਾਲਰ, ਪੌਂਡ, ਰੁਪਏ, ਵੀ
ਇਸ ਦੌੜ 'ਚ ਰਹੇ ਨੇ ਖੰਘ

ਇਹ ਕਿਹੋ ਜਿਹਾ ਬਣ ਚੁੱਕਾ ਹੈ
ਗਿਰਗਟ ਦੇ ਰੰਗਾਂ ਵਰਗਾ
ਮੁਖੌਟਾਧਾਰੀ, ਮੌਕਾਪ੍ਰਸਤਾਂ, ਠੱਗਾਂ
ਖਲਨਾਇਕਾਂ ਦਾ ਤੰਤਰ

ਸਾਹਿਤ ਅਕੈਡਮੀ ਐਵਾਰਡਾਂ ਦੇ ਪੱਲੜੇ 'ਚ
ਤੁਲਦਾ ਦੇਖਿਆ, ਹੁਣ, ਸ਼ਬਾਬ
ਭਾਸ਼ਾ ਵਿਭਾਗਾਂ ਦੇ ਪੁਰਸਕਾਰਾਂ ਨੂੰ
ਲੋਕੀਂ, ਡੋਬ ਰਹੇ ਨੇ ਵਿੱਚ ਸ਼ਰਾਬ

ਕਵਿਤਾ, ਸਰਕਾਰੀ ਬਣ
ਕਵਿਤਾ, ਦਰਬਾਰੀ ਬਣ
ਕਵਿਤਾ, ਵਿਉਪਾਰੀ ਬਣ
ਕਵਿਤਾ, ਲਲਾਰੀ ਬਣ

ਇਹ ਹੈ-
ਅੱਜ ਦੇ, ਕਵੀ ਦੀ ਮੰਗ
ਕਹਿੰਦਾ, ਉਹ
ਹੋ ਕੇ ਨਿਸ਼ੰਗ
■ (ਮਾਲਟਨ, ਜੂਨ 17, 2023)

# ਰਾਜਨੀਤਿਕ ਕਵਿਤਾ

ਗਾਂਧੀ ਦੇ ਚੇਲੇ, ਕਿਸੀ
ਸੰਪਾਦਕ, ਨੂੰ ਕਵਿਤਾ ਭੇਜਣੀ ਹੋਵੇ
ਤਾਂ, ਆਪਣੀ, ਕਵਿਤਾ ਵਿੱਚ
ਗਾਂਧੀ ਦੀ ਬੱਕਰੀ ਦੀਆਂ
ਮੇਂਗਣਾਂ ਦੀ, ਭਰਪੂਰ, ਤਾਰੀਫ ਕਰੋ

ਸਰਵਰਕਰ ਦੇ ਚੇਲੇ, ਕਿਸੀ
ਸੰਪਾਦਕ, ਨੂੰ ਕਵਿਤਾ ਭੇਜਣੀ ਹੋਵੇ
ਤਾਂ, ਆਪਣੀ, ਕਵਿਤਾ ਵਿੱਚ
ਗਊ ਮਾਤਾ ਦੇ ਗੋਬਰ ਨਾਲ ਬਣੇ
ਹਲਵੇ ਦੀ, ਭਰਪੂਰ, ਤਾਰੀਫ ਕਰੋ

ਅਕਾਲੀਆਂ ਦੇ ਚੇਲੇ, ਕਿਸੀ
ਸੰਪਾਦਕ, ਨੂੰ ਕਵਿਤਾ ਭੇਜਣੀ ਹੋਵੇ
ਤਾਂ, ਆਪਣੀ, ਕਵਿਤਾ ਵਿੱਚ
ਧਰਮੀ ਸਥਾਨ ਦੀ ਗੋਲਕ 'ਚੋਂ
ਨਿੱਤ, ਡਾਲਰ ਚੋਰੀ ਕਰਨ ਦੇ
ਤੌਰ-ਤਰੀਕਿਆਂ ਦੀ, ਭਰਪੂਰ, ਤਾਰੀਫ ਕਰੋ

ਕਾਮਰੇਡਾਂ ਦੇ ਚੇਲੇ, ਕਿਸੀ
ਸੰਪਾਦਕ, ਨੂੰ ਕਵਿਤਾ ਭੇਜਣੀ ਹੋਵੇ
ਤਾਂ, ਆਪਣੀ, ਕਵਿਤਾ ਵਿੱਚ
ਰੂਸ, ਚੀਨ, ਕਿਊਬਾ, ਵੀਅਤਨਾਮ, ਦੱਖਣੀ ਕੋਰੀਆ
ਸਰਕਾਰ ਦੀ, ਭਰਪੂਰ, ਤਾਰੀਫ ਕਰੋ

ਅਜੋਕੇ ਸਮਿਆਂ ਵਿੱਚ
ਸੰਪਾਦਕ ਦੇ ਸਿੰਘਾਸਣ ਉੱਤੇ ਬੈਠੇ
ਭੱਦਰ-ਪੁਰਸ਼ ਦੀ ਖੁਸ਼ਾਮਦ ਕਰਨ ਦੇ
ਲੋਕ, ਨਿੱਤ, ਨਵੇਂ ਨਵੇਂ ਢੰਗ
ਈਜਾਦ ਕਰ ਰਹੇ ਹਨ

ਕੁਝ, ਇਸ ਤਰ੍ਹਾਂ ਹੀ

ਸ਼ਾਇਰੀ ਲਿਖਣ ਦੇ ਵੀ
ਨਿੱਤ, ਨਵੇਂ ਨਵੇਂ
ਰੁਝਾਨ ਜਨਮ
ਲੈ ਰਹੇ ਹਨ
■

(ਮਾਲਟਨ, ਜੂਨ 11, 2023)

# ਮੇਰੀ ਸ਼ਾਇਰੀ

ਮੇਰੀ ਸ਼ਾਇਰੀ ਨੂੰ, ਤੁਸੀਂ
ਚਾਹੇ, ਕੋਈ ਵੀ ਨਾਮ ਦਿਓ-
ਪਰ, ਯਕੀਨਨ
ਮੇਰੀ ਸ਼ਾਇਰੀ, ਤੁਹਾਡੀ
ਸ਼ਾਇਰੀ ਵਰਗੀ ਨਹੀਂ

ਮੇਰੀ ਸ਼ਾਇਰੀ, ਤਾਂ
ਇਨਾਮਾਂ-ਸਨਮਾਨਾਂ, ਸਿਰੋਪਿਆਂ, ਦੀ
ਭੀਖ ਮੰਗਣ ਲਈ, ਹਕੂਮਤੀ
ਅਹਿਲਕਾਰਾਂ ਨੂੰ, ਝੁਕ ਝੁਕ
ਸਲਾਮ ਨਹੀਂ ਕਰਦੀ, ਨ ਹੀ
ਉਨ੍ਹਾਂ ਦੀ ਹਾਜ਼ਰੀ ਵਿੱਚ
ਜੀ ਹਜ਼ੂਰੀਆ ਬਣ ਕੇ
ਉਨ੍ਹਾਂ ਦੀਆਂ, ਸਿਫਤਾਂ ਭਰੇ
ਗੀਤ ਗੁਣਗੁਣਾਂਦੀ ਹੈ

ਮੇਰੀ ਸ਼ਾਇਰੀ, ਤਾਂ
ਤਲਖ ਹਕੀਕਤਾਂ ਨੂੰ, ਭਰੇ-ਬਾਜ਼ਾਰ
ਲੋਕ-ਕਚਹਿਰੀ 'ਚ, ਸਪੱਸ਼ਟ, ਸ਼ਬਦਾਂ 'ਚ
ਅੱਖਰ ਅੱਖਰ, ਬਿਆਨ ਕਰਦੀ ਹੈ

ਮੇਰੀ ਸ਼ਾਇਰੀ, ਤਾਂ
ਸਾਹਿਤਕ, ਸਮਾਜਿਕ, ਰਾਜਨੀਤਕ, ਧਾਰਮਿਕ
ਖਲਨਾਇਕਾਂ ਦੇ, ਚਿਹਰਿਆਂ 'ਤੇ ਚੜ੍ਹੇ
ਮੁਖੌਟੇ ਲੀਰੋ ਲੀਰ ਕਰਦੀ ਹੈ

ਮੇਰੀ ਸ਼ਾਇਰੀ, ਤਾਂ
ਚਾਣਕਿਆ ਨੀਤੀ ਦੇ ਪੈਰੋਕਾਰਾਂ ਦੀਆਂ
ਲੋਕਾਂ ਨੂੰ, ਧਰਮ, ਜ਼ਾਤ-ਪਾਤ, ਦੇ ਨਾਂ 'ਤੇ
ਵੰਡਣ ਦੀਆਂ ਸਾਜ਼ਿਸ਼ਾਂ ਦੇ ਭੇਦ
ਬੇਨਕਾਬ ਕਰਦੀ ਹੈ
ਮੇਰੀ ਸ਼ਾਇਰੀ, ਤਾਂ

ਦੱਬੇ-ਕੁਚਲੇ ਲੋਕਾਂ ਦੇ ਹੱਕ 'ਚ
ਆਪਣੀ, ਆਵਾਜ਼ ਬੁਲੰਦ ਕਰ
ਉਨ੍ਹਾਂ ਦੀ ਮੁਕਤੀ ਦਾ ਪਰਚਮ
ਹਵਾ 'ਚ ਲਹਿਰਾਉਂਦੀ ਹੈ

ਮੇਰੀ ਸ਼ਾਇਰੀ, ਤਾਂ
ਜੰਗਬਾਜ਼ਾਂ ਨੂੰ ਥੂਹ ਥੂਹ ਕਰਦੀ
ਅਮਨ ਦੀ ਬਾਤ ਪਾਉਂਦੀ ਹੈ

ਮੇਰੀ ਸ਼ਾਇਰੀ, ਤਾਂ
ਜ਼ਿੰਦਗੀ ਦੀ ਸਰਗਮ 'ਤੇ, ਹਰ ਪਲ
ਮੁਸਕਰਾਂਦੀ ਹੈ

ਮੇਰੀ ਸ਼ਾਇਰੀ ਨੂੰ, ਤੁਸੀਂ
ਚਾਹੇ, ਕੋਈ ਵੀ ਨਾਮ ਦਿਓ-
ਪਰ, ਯਕੀਨਨ
ਮੇਰੀ ਸ਼ਾਇਰੀ, ਤੁਹਾਡੀ
ਸ਼ਾਇਰੀ ਵਰਗੀ ਨਹੀਂ
■

(ਮਾਲਟਨ, ਜੂਨ 12, 2023)

# ਬਦਲ ਰਹੇ ਸਮਿਆਂ ਵਿੱਚ

ਅੱਜ ਕੱਲ੍ਹ, ਲੋਕ
ਕਿਸੇ, ਚੰਗੇ, ਸਾਹਿਤਕ ਮੈਗਜ਼ੀਨ ਵਿੱਚ
ਆਪਣੀ, ਲਿਖਤ ਛਪੀ ਦਾ
ਓਨਾ, ਮਾਣ ਮਹਿਸੂਸ ਨਹੀਂ ਕਰਦੇ
ਜਿੰਨਾ, ਉਹ, ਕਿਸੀ
ਸੰਪਾਦਕ ਨਾਲ, ਲਗਾਏ ਦਾਰੂ ਦੇ ਪੈੱਗ ਦਾ
ਮਾਣ ਮਹਿਸੂਸ ਕਰਦੇ ਹਨ

ਉਹ, ਵੀ, ਸੱਚੇ ਹਨ
ਕਿਸੀ, ਸਾਹਿਤਕ ਮੈਗਜ਼ੀਨ ਵਿੱਚ ਛਪੀ
ਰਚਨਾ ਨੂੰ, ਤਾਂ, ਤੁਸੀਂ
ਆਪਣੇ, ਘਰ ਦੀ ਕੰਧ ਉੱਤੇ
ਲੋਕ-ਦਿਖਾਵੇ ਲਈ, ਲਗਾ ਨਹੀਂ ਸਕਦੇ

ਪਰ, ਕਿਸੀ, ਸਾਹਿਤਕ ਮੈਗਜ਼ੀਨ ਦੇ
ਸੰਪਾਦਕ ਨਾਲ, ਦਾਰੂ ਦੇ, ਪੈੱਗ ਲਗਾਂਦਿਆਂ ਦੀ
ਤਸਵੀਰ, ਤਾਂ, ਤੁਸੀਂ
ਵੱਡੀ ਕਰਾ ਕੇ, ਫਰੇਮ ਵਿੱਚ ਜੜਾ ਕੇ
ਆਪਣੇ, ਘਰ ਦੇ, ਡਰਾਇੰਗ ਰੂਮ ਦੀ
ਕੰਧ ਉੱਤੇ ਟੰਗਦਿਆਂ, ਬੜਾ
ਮਾਣ ਮਹਿਸੂਸ ਕਰਦੇ ਹੋ

ਤੁਹਾਡੇ, ਘਰ ਵਿੱਚ
ਆਉਣ ਵਾਲਾ, ਹਰ, ਪ੍ਰਾਹੁਣਾ ਵੀ
ਇਹ, ਤਸਵੀਰ ਦੇਖ ਕੇ, ਬੜੇ ਹੀ
ਉਤਸ਼ਾਹ ਨਾਲ, ਆਖਦਾ ਹੈ-

ਯਾਰ, ਮੈਗਜ਼ੀਨ ਦੇ, ਸੰਪਾਦਕ ਨਾਲ
ਦਾਰੂ ਦਾ, ਪੈੱਗ ਲਗਾਉਣ ਲਈ, ਤੂੰ
ਹੁਣ, ਜਦੋਂ ਵੀ, ਜਾਣਾ ਹੋਇਆ-

ਸਾਨੂੰ ਵੀ, 'ਵਾਜ਼ ਮਾਰ ਲਈਂ

ਇਸ ਵਾਰ, ਦਾਰੂ ਦੀ ਬੋਤਲ ਵੀ
ਸਾਡੇ ਵੱਲੋਂ ਹੀ, ਤੇਰੇ ਲਈ
ਬਸ, ਸੁਗਾਤ ਹੋਵੇਗੀ
■

(ਮਾਲਟਨ, ਮਈ 24, 2023

# ਬਲੈਕ ਲਿਸਟਿਡ ਕਵੀ

ਹਕੂਮਤਾਂ, ਹੁਣ, ਕਵੀਆਂ ਨੂੰ
ਬਲੈਕ ਲਿਸਟਿਡ ਨਹੀਂ ਕਰਦੀਆਂ-

ਉਨਾਂ ਦੇ ਪਾਲਤੂ
ਸੰਪਾਦਕ, ਤੁਹਾਡੀਆਂ, ਲਿਖਤਾਂ ਨੂੰ
ਇਹ ਕਹਿਕੇ, ਰੱਦੀ ਦੀ ਟੋਕਰੀ ਵਿੱਚ
ਸੁੱਟ ਦਿੰਦੇ ਹਨ, ਇਹ ਲਿਖਤਾਂ, ਤਾਂ
ਛਪਣ ਯੋਗ ਹੀ ਨਹੀਂ ਹਨ

ਦਰਅਸਲ, ਉਹ
ਇਹ, ਗੱਲ ਕਿਸੇ ਨੂੰ ਵੀ
ਨਹੀਂ ਦਸਦੇ, ਇਹ ਲਿਖਤਾਂ, ਤਾਂ
ਹਕੂਮਤਾਂ ਦੇ ਗਲਤ ਫੈਸਲਿਆਂ ਦੀ
ਘੋਰ ਨਿੰਦਾ ਕਰਦੀਆਂ ਹਨ

ਇਹ ਲਿਖਤਾਂ, ਤਾਂ
ਹਕੂਮਤਾਂ ਦੇ, ਨਸਲੀ, ਫਿਰਕੂ
ਸੋਚਣ ਢੰਗ ਨੂੰ, ਮੂਲੋਂ ਹੀ
ਰੱਦ ਕਰਦੀਆਂ ਹਨ

ਦਰਅਸਲ, ਅਜੋਕੇ ਸਮਿਆਂ 'ਚ
ਅਨੇਕਾਂ, ਚਾਪਲੂਸ ਕਿਸਮ ਦੇ, ਸੰਪਾਦਕ
ਇਨਾਮ-ਸਨਮਾਨ ਸਮਾਰੋਹਾਂ ਦੇ ਨਾਮ ਹੇਠ
ਮਿਲਦੀਆਂ, ਹਕੂਮਤੀ ਬਖਸ਼ਿਸ਼ਾਂ ਹਥਿਆਉਣ ਲਈ
ਹਕੂਮਤੀ ਖੁਫ਼ੀਆ-ਤੰਤਰ ਦੇ, ਪ੍ਰਛਾਵੇਂ ਬਣ ਕੇ
ਸਾਹਿਤਕ-ਸਭਿਆਚਾਰਕ-ਸਮਾਜਿਕ ਹਲਕਿਆਂ 'ਚ
ਆਪਣਾ, ਦਬਦਬਾ ਬਣਾ ਕੇ ਰੱਖਦੇ ਹਨ
ਸਾਜ਼ਿਸ਼ੀ ਢੰਗਾਂ ਨਾਲ, ਕੁਝ ਇਸ ਤਰਾਂ
ਆਪਣੀਆਂ, ਪੂਛਾਂ ਦੁਆਲੇ
ਹਕੂਮਤੀ, ਤਗਮੇ
ਸਜਾ ਕੇ ਰੱਖਦੇ ਹਨ
ਹਕੂਮਤਾਂ, ਹੁਣ, ਕਵੀਆਂ ਨੂੰ

ਬਲੈਕ ਲਿਸਟਿਡ ਨਹੀਂ ਕਰਦੀਆਂ-

ਇਹ, ਹਕੂਮਤੀ ਖੁਫ਼ੀਆ-ਤੰਤਰ ਦੀਆਂ
ਪੂਛਾਂ ਬਣੇ, ਮਕਾਰ, ਸੰਪਾਦਕ
ਰੇਡੀਓ, ਟੀਵੀ, ਪ੍ਰਿੰਟ, ਇੰਟਰਨੈੱਟ
ਚਾਹੇ, ਕਿਸੇ ਵੀ, ਮਾਧਿਅਮ 'ਚ
ਮੁਖੌਟੇ ਪਾ ਕੇ, ਸਰਗਰਮ ਹੋਣ

ਇਨਾਂ ਦਾ ਕੰਮ, ਤਾਂ
ਬੇਬਾਕ ਆਵਾਜ਼ਾਂ ਨੂੰ, ਖੁਫ਼ੀਆ-ਤੰਤਰ ਦਾ
ਸਾਹਿਤਕ-ਸਭਿਆਚਾਰਕ-ਸਮਾਜਿਕ, ਛਾਨਣਾ ਲਗਾ ਕੇ
ਹਕੂਮਤਾਂ ਦੀਆਂ ਛਾਤੀਆਂ 'ਚ, ਨੋਕੀਲੇ ਤੀਰ ਬਣ ਕੇ
ਖੁੱਭਣ ਤੋਂ ਪਹਿਲਾਂ ਹੀ, ਸਟਾਰ ਸ਼ੀਲਡ ਵਜੋਂ
ਰਾਹ 'ਚ ਹੀ, ਰੋਕਣਾ ਹੁੰਦਾ ਹੈ

ਹਕੂਮਤੀ, ਖੁਫ਼ੀਆ-ਤੰਤਰ ਦੇ, ਅਜਿਹੇ
ਹੱਥ-ਠੋਕੇ, ਸੰਪਾਦਕਾਂ ਵੱਲੋਂ
ਮੈਂ, ਆਪ, ਵੀ, ਅਨੇਕਾਂ ਵਾਰ
ਬੇਬਾਕ ਆਵਾਜ਼ ਅਤੇ ਸੋਚ ਕਾਰਨ
ਬਲੈਕ ਲਿਸਟਿਡ ਕਵੀਆਂ ਦੀ
ਸੂਚੀ ਵਿੱਚ ਸ਼ਾਮਿਲ
ਕੀਤਾ ਜਾਂਦਾ ਰਿਹਾ ਹਾਂ
■

(ਮਾਲਟਨ, ਅਗਸਤ 4, 2023)

# ਪੁਰਸਕਾਰ

ਸਾਹਿਤਕ ਖਲਨਾਇਕ
ਕਵਿੱਤਰੀਆਂ ਦੇ, ਮੋਢਿਆਂ ਉੱਤੇ
ਹੱਥ ਰੱਖ, ਆਖਦੇ ਹਨ :
'ਕੁੜੀਏ, ਮਿਲਦੀ-ਗਿਲਦੀ
ਰਿਹਾ ਕਰ-
ਤੇਰੀ ਝੋਲੀ 'ਚ ਵੀ, ਕੋਈ
ਸਰਦਾ-ਪੁੱਜਦਾ, ਪੁਰਸਕਾਰ
ਪਾ ਦਿਆਂਗੇ, ਤੈਨੂੰ ਵੀ
ਡ੍ਰੀਮ ਲੌਂਜ ਦੀਆਂ, ਰੰਗੀਨ ਰਾਤਾਂ
ਦਿਖਾ ਦਿਆਂਗੇ, ਤੈਨੂੰ ਵੀ
ਵਿਆਗਰਾ ਨਾਲ, ਨਸ਼ਿਆ ਦਿਆਂਗੇ'

ਮੰਤਰੀ ਜੀ
ਚਿਹਰੇ 'ਤੇ, ਮੁਸਕਰਾਹਟ ਲਿਆ ਕੇ
ਚੌਰਸਤੇ 'ਚ, ਹੱਥ ਜੋੜੀ, ਖੜ੍ਹੇ ਕਵੀ ਦੀ
ਪਿੱਠ ਥਾਪੜਦਿਆਂ, ਆਖਦੇ ਹਨ:
'ਕਵੀ ਜੀ, ਵਰੇ-ਛਿਮਾਹੀ
ਕਿਸੀ-ਨ-ਕਿਸੀ, ਬਹਾਨੇ ਨਾਲ
ਸਾਡੀ, ਬੱਕਰੀ ਦੀਆਂ ਮੇਂਗਣਾਂ
ਦੀ ਉਸਤਤ ਵਿੱਚ, ਕੋਈ
ਰਚਨਾ, ਰੇਡੀਓ, ਟੀਵੀ, ਕਿਸੀ
ਸਮਾਰੋਹ 'ਚ, ਤਰੰਨਮ 'ਚ ਆ
ਗੁਣਗੁਣਾ ਦਿਆ ਕਰੋ, ਤੁਹਾਨੂੰ ਵੀ
ਰਾਜ ਕਵੀ ਬਣਾ, ਤੁਹਾਡੇ ਵੀ
ਮੱਥੇ ਉੱਤੇ, ਤਿਲਕ ਲਗਾ ਦਿਆਂਗੇ'

ਧਰਮੀ ਨੇਤਾ
ਧਰਮੀ ਮੱਠ ਦੇ, ਮੰਚ 'ਤੇ ਖੜ ਕੇ
ਆਪਣੇ, ਜੁੰਡਲੀਬਾਜ਼, ਟੀਵੀ ਚੈਨਲ ਮਾਲਿਕਾਂ
ਵੱਲ ਇਸ਼ਾਰਾ ਕਰਕੇ, ਆਖਦੇ ਹਨ :
'ਹਰ ਸਾਲ, ਜਾਦੂਮਈ ਲਿਫਾਫੇ 'ਚੋਂ
ਮੱਠ ਦੀ, ਪ੍ਰਧਾਨਗੀ ਲਈ-

ਸਾਡਾ ਹੀ, ਨਾਮ ਕੱਢਦਾ ਰਹੀਂ
ਧਰਮੀ ਵਿਚਾਰਾਂ ਦਾ, ਟੀਵੀ ਉੱਤੇ
ਪ੍ਰਸਾਰ ਕਰਕੇ, ਕਰੋੜਾਂ ਰੁਪਏ ਕਮਾਉਣ ਦਾ
ਸੌਦਾ, ਤੇਰੇ ਨਾਮ ਲਿਖਵਾ ਦਿਆਂਗੇ'

ਅਧਿਆਪਕ-ਨੁਮਾ
ਜਿਸਮਾਂ ਦੇ ਦਲਾਲ, ਆਪਣੇ
ਵਿਭਾਗੀ ਦਫਤਰਾਂ 'ਚ ਬੈਠ, ਖੋਜ-ਵਿਦਿਆਰਥਣਾਂ ਨੂੰ
ਮੁਖਾਤਿਬ ਹੋ ਕੇ, ਆਖਦੇ ਹਨ :
'ਮਹਿਜ਼, ਕਿਤਾਬਾਂ ਪੜਣ ਨਾਲ ਹੀ
ਪੀਐਚ.ਡੀ. ਦੀ ਡਿਗਰੀ ਨਹੀਂ ਮਿਲ ਜਾਣੀ
ਆਪਣੇ, ਅਧਿਆਪਕ ਗੁਰੂਆਂ ਦੀਆਂ
ਅੰਤਰੀਵ, ਇਛਾਵਾਂ ਨੂੰ ਵੀ ਪੜ੍ਹਨਾ ਸਿੱਖੋ
ਆਪਣੀਆਂ, ਸੁੰਦਰ ਦੇਹਾਂ ਦੀਆਂ, ਕੋਮਲ
ਇੰਦਰਿਆਵੀ, ਅਦਾਵਾਂ ਦੀਆਂ ਪੇਸ਼ਕਾਰੀਆਂ
ਕਰਨ ਦੇ ਤੌਰ-ਤਰੀਕੇ ਵੀ ਸਿੱਖੋ'

ਭਾਸ਼ਾ ਵਿਭਾਗਾਂ ਦੇ ਸਲਾਹਕਾਰ
ਆਪਣੀਆਂ, ਦਾਹੜੀਆਂ, ਪੂਛਾਂ ਵਾਂਗ, ਪਲੋਸਦੇ ਹੋਏ
ਲੇਖਕਾਂ ਦੀਆਂ, ਪਿੱਠਾਂ ਥਾਪੜ ਕੇ, ਆਖਦੇ ਹਨ :
'ਲੇਖਕ, ਸੂਰਮਿਓਂ
ਲੱਖਾਂ ਰੁਪਏ ਦੇ ਪੁਰਸਕਾਰ, ਐਵੇਂ ਹੀ
ਅਸਮਾਨ 'ਚੋਂ, ਨਹੀਂ ਡਿੱਗ ਪੈਂਦੇ-
ਇਨਾਮ-ਰਾਸ਼ੀ, ਸਾਡੇ ਨਾਲ
ਅੱਧੀ-ਅੱਧੀ ਕਰਨ ਦੇ, ਵਿਉਪਾਰਕ
ਜੁਗਾੜ ਵੀ ਸਿੱਖ ਲਓ'

ਅਸੀਂ, ਮੰਡੀ-ਸਭਿਆਚਾਰ
ਯੁਗ 'ਚ, ਜੀ ਰਹੇ ਹਾਂ-

ਹਰ, ਪੁਰਸਕਾਰ ਦਾ ਮੁੱਲ
ਮੰਡੀ ਹੀ, ਤਹਿ ਕਰਦੀ ਹੈ

ਪੁਰਸਕਾਰ, ਅਸਮਾਨ 'ਚੋਂ
ਨਹੀਂ ਡਿੱਗਦੇ-

ਨਿਰਸੰਦੇਹ, ਇਨ੍ਹਾਂ ਦੀ ਕੀਮਤ
ਭਰਨੀ ਹੀ ਪੈਂਦੀ ਹੈ

ਚਾਹੇ, ਇਹ ਕੀਮਤ
ਕਿਸੀ ਵੀ ਰੂਪ ਵਿੱਚ, ਕਿਸੀ ਵੀ
ਢੰਗ ਨਾਲ, ਅਦਾ ਕਰਨੀ
ਪਵੇ, ਤੁਹਾਨੂੰ
■

(ਮਾਲਟਨ, ਜੁਲਾਈ 11, 2023)

# ਭੇਡਾਂ

ਧਰਮੀ ਜਨੂੰਨੀ ਭੇਡਾਂ ਦੀ ਭੀੜ ਦੀ ਬਾਂ ਬਾਂ ਸੁਣ ਕੇ
ਕਈ, ਸਾਹਿਤਕ, ਕਾਮਰੇਡ, ਭੇਡਾਂ ਵੀ, ਸੋਸ਼ਲ ਮੀਡੀਆ ਉੱਤੇ
ਬਾਂ ਬਾਂ ਬਾਂ ਬਾਂ ਬਾਂ ਬਾਂ ਕਰ ਰਹੀਆਂ ਹਨ-

ਇਹ ਸਾਹਿਤਕ, ਕਾਮਰੇਡ, ਭੇਡਾਂ ਵੀ
ਧਾਰਮਿਕ ਜਨੂੰਨੀ ਭੇਡਾਂ ਵਾਂਗ ਹੀ
ਧੀਆਂ ਦੇ ਕਤਲ ਨੂੰ
ਜਾਇਜ਼ ਠਹਿਰਾਉਂਦੀਆਂ ਹਨ

ਇਹ ਸਾਹਿਤਕ, ਕਾਮਰੇਡ, ਭੇਡਾਂ ਵੀ
ਧੀਆਂ ਵੱਲੋਂ, ਕੋਈ
ਮਨਚਾਹੀ ਕਰਨ ਤੋਂ ਬਾਹਦ
ਉਨ੍ਹਾਂ ਨੂੰ, ਤਾਲਿਬਾਨੀ ਸੋਚ ਨੂੰ
ਮੰਨ ਕੇ, ਪੱਥਰ ਮਾਰ ਮਾਰ ਕੇ
ਕਤਲ ਕਰਨ ਨੂੰ ਹੀ
ਜਾਇਜ਼ ਮੰਨਦੀਆਂ

ਅੱਜ ਦੇ ਵਿਗਿਆਨਕ ਯੁਗ ਵਿੱਚ
ਧੀਆਂ, ਜਦ, ਜ਼ਿੰਦਗੀ ਦੇ ਹਰ ਖੇਤਰ ਵਿੱਚ
ਮੱਲਾਂ ਮਾਰ ਰਹੀਆਂ ਹਨ
ਪਰ, ਇਹ ਭੇਡਾਂ, ਅਜੇ ਵੀ
ਪੱਥਰ ਯੁਗ ਦੀਆਂ
ਗੱਲਾਂ ਕਰਦੀਆਂ

ਇਹ ਸਾਹਿਤਕ, ਕਾਮਰੇਡ, ਭੇਡਾਂ ਵੀ
ਧਾਰਮਿਕ ਜਨੂੰਨੀ ਭੇਡਾਂ ਵਾਂਗ ਹੀ
ਧੀਆਂ ਨੂੰ ਕਿੱਲੇ ਨਾਲ ਬੱਝੀ
ਗਾਂ ਤੋਂ ਵੱਧ, ਕੁਝ ਵੀ
ਨਹੀਂ ਸਮਝਦੀਆਂ

ਇਹ ਸਾਹਿਤਕ, ਕਾਮਰੇਡ, ਭੇਡਾਂ ਵੀ
ਧਾਰਮਿਕ ਜਨੂੰਨੀ ਭੇਡਾਂ ਵਾਂਗ ਹੀ

-ਅਖੌਤੀ ਅਣਖ
-ਅਖੌਤੀ ਨੈਤਿਕਤਾ
-ਅਖੌਤੀ ਆਜ਼ਾਦੀ
-ਅਖੌਤੀ ਪਿਤਰਕੀ ਧੌਂਸ
-ਅਖੌਤੀ ਪਿਤਰਕੀ ਮਾਲਕੀ
ਦੀ ਦੁਹਾਈ ਦਿੰਦੀਆਂ ਹਨ

ਹੁਣ, ਤੁਸੀਂ
ਆਖਣਾ ਹੈ:
-ਰੂੜੀਵਾਦੀ ਧਰਮੀ ਜਨੂੰਨੀਆਂ
-ਰੂੜੀਵਾਦੀ ਸਾਹਿਤਕਾਰਾਂ
-ਰੂੜੀਵਾਦੀ ਕਾਮਰੇਡਾਂ 'ਚ
ਕੀ ਫਰਕ ਹੁੰਦਾ ਹੈ?

ਦੋਸਤੋ!
ਭੇਡਾਂ, ਤਾਂ, ਹਰ ਥਾਂ
ਭੇਡਾਂ ਹੀ ਹੁੰਦੀਆਂ ਹਨ

ਉਹ, ਚਾਹੇ
-ਕਿਸੇ ਵੀ ਸ਼ਹਿਰ
-ਕਿਸੇ ਵੀ ਦੇਸ਼
-ਕਿਸੇ ਵੀ ਮਹਾਂਦੀਪ 'ਚ
ਵਸਦੀਆਂ ਹੋਣ

ਭੇਡਾਂ ਨੇ, ਤਾਂ, ਹਰ
-ਸ਼ਹਿਰ
-ਦੇਸ਼
-ਮਹਾਂਦੀਪ 'ਚ
ਬਾਂ ਬਾਂ ਬਾਂ ਬਾਂ ਬਾਂ ਬਾਂ
ਹੀ, ਕਰਨੀ ਹੈ

ਭੇਡਾਂ, ਚਾਹੇ
ਤਾਲਿਬਾਨੀ ਭੇਸ 'ਚ ਹੋਣ
ਭੇਡਾਂ, ਚਾਹੇ
ਸਿੱਖ ਭੇਸ 'ਚ ਹੋਣ

ਭੇਡਾਂ, ਚਾਹੇ
ਹਿੰਦੂ ਭੇਸ 'ਚ ਹੋਣ
ਭੇਡਾਂ, ਚਾਹੇ
ਮੁਸਲਿਮ ਭੇਸ 'ਚ ਹੋਣ
ਭੇਡਾਂ, ਚਾਹੇ
ਈਸਾਈ ਭੇਸ 'ਚ ਹੋਣ
ਭੇਡਾਂ, ਚਾਹੇ
ਜੈਨੀ, ਬੋਧੀ, ਕਾਮਰੇਡੀ, ਭੇਸ 'ਚ ਹੋਣ
■

(ਮਾਲਟਨ, ਅਗਸਤ 13, 2023)

# ਜੇ ਬਿੱਲੋ, ਤੂੰ.....

ਜੇ ਬਿੱਲੋ, ਤੂੰ
ਸਾਡੀ, ਅਰੂਸਾ ਬਨਣਾ
ਤਾਂ, ਚਿੱਟੀ ਕਬੂਤਰੀ ਵਾਂਗੂੰ
ਹੱਥਾਂ 'ਤੇ ਚੋਗ, ਚੁਗਾਂਵਾਂਗੇ

ਜੇ ਬਿੱਲੋ, ਤੂੰ
ਸਾਡੀ, ਅਰੂਸਾ ਬਨਣਾ
ਤਾਂ, ਤੇਰੇ ਕੋਲੋਂ
'ਤੰਦੂਰੀ ਢਾਬੇ' ਦਾ ਮੀਨੂੰ ਵੀ
ਸੈੱਟ ਕਰਾਵਾਂਗੇ

ਲੈਪਟਾਪ, ਯੂਐਸਬੀ, ਪੈੱਨ
ਸਭ ਕੁਝ, ਤੈਨੂੰ ਲੈ ਕੇ ਦਿਆਂਗੇ
ਢਾਬੇ ਦੇ ਸੋਹਲੇ ਲਿਖਣ ਵਾਲਿਆਂ ਦੀ
ਪੁਸਤਕ ਦੀ, ਸੰਪਾਦਕ ਵੀ ਬਣਾਵਾਂਗੇ

ਤੜਕੇ ਵਾਲੀ ਮਾਂਹ ਦੀ ਦਾਲ ਦਾ ਖੁੱਲ੍ਹ ਕੇ ਜ਼ਿਕਰ ਕਰੀਂ, ਤੂੰ
ਆਪਣੀ, ਸੰਪਾਦਕੀ ਵਿੱਚ, ਸੀਤਾਫਲ ਦੇ ਗੁਣ ਵੀ ਗਾਵੀਂ, ਤੂੰ
ਲੁਧਿਆਣੇ ਦੇ ਚੌੜੇ ਬਾਜ਼ਾਰ ਦੀਆਂ, ਵਿਰਾਸਤੀ, ਸਿਫਤਾਂ ਵੀ ਜ਼ਰੂਰ ਕਰੀਂ, ਤੂੰ
ਵਿਰਾਸਤੀ ਅਕੈਡਮੀਆਂ ਦੇ ਮੱਲਾਂ ਦੇ, ਸਿਹਰੇ ਵੀ ਭਾਵੇਂ ਨਿੱਤ ਗਾਵੀਂ, ਤੂੰ

ਜੇ ਬਿੱਲੋ, ਤੂੰ
ਸਾਡੀ, ਅਰੂਸਾ ਬਨਣਾ
ਤਾਂ, ਧਰਮੀ ਪੋਥੀ ਵੀ
ਆਪਣੇ, ਪਰਸ ਵਿੱਚ
ਪਾ ਕੇ ਆਵੀਂ, ਤੂੰ

ਕੀ ਪਤਾ, ਕਦੋਂ
ਤੈਨੂੰ, ਪੰਜਾਬੀ ਲੇਖਕ ਤੋਂ, ਇੱਕ
ਧਰਮ ਪਰਚਾਰਕ ਬਨਣਾ ਪੈ ਜਾਏ
ਸਾਰੇ, ਪਖੰਡ ਰਚਾਵੀਂ, ਤੂੰ
ਜੇ ਬਿੱਲੋ, ਤੂੰ

ਸਾਡੀ, ਅਰੂਸਾ ਬਨਣਾ
ਜੇ ਬਿੱਲੋ, ਤੂੰ
ਸਾਡੀ, ਅਰੂਸਾ ਬਨਣਾ
ਜੇ ਬਿੱਲੋ, ਤੂੰ
ਸਾਡੀ, ਅਰੂਸਾ ਬਨਣਾ
■

(ਮਾਲਟਨ, ਐਪਰਲ 16, 2023)

# ਬੇਬੇ ਜੀ

ਬੇਬੇ ਜੀ
ਮੈਂ ਸੰਪਾਦਕ ਬਣੂੰਗੀ

ਬੇਬੇ ਜੀ, ਮੈਨੂੰ
ਇੱਕ ਲੈਪਟਾਪ ਲੈ ਦੇ
ਇੱਕ ਲੈ ਦੇ ਮੈਨੂੰ ਯੂਐਸਬੀ

ਬੇਬੇ ਜੀ, ਮੈਨੂੰ
ਇੱਕ ਇੰਚੀ ਟੇਪ ਵੀ ਲੈ ਦੇ
ਲਿਖਤਾਂ ਦਾ ਮੈਂ ਨਾਪ ਕਰੂੰਗੀ

ਬੇਬੇ ਜੀ, ਮੈਨੂੰ
ਇੱਕ ਧਰਮੀ ਪੋਥੀ ਲੈ ਦੇ
ਧਰਮੀ ਨਾਲੇ, ਜਾਪ ਕਰੂੰਗੀ

ਬੇਬੇ ਜੀ
ਮੈਂ ਸੰਪਾਦਕ ਬਣੂੰਗੀ

ਬੇਬੇ ਜੀ, ਮੈਂ
ਇੰਟਰਨੈੱਟ ਤੋਂ, ਚੋਰੀ ਚੋਰੀ
ਲੇਖਕਾਂ ਦੀਆਂ ਲਿਖਤਾਂ ਚੋਰੀ ਕਰੂੰਗੀ
ਚੋਰੀ ਦੀਆਂ ਲਿਖਤਾਂ ਨਾਲ
ਆਪਣੀ ਯੂਐਸਬੀ ਭਰੂੰਗੀ
ਚੋਰੀ ਦੀਆਂ ਲਿਖਤਾਂ ਨਾਲ ਭਰੀ
ਯੂਐਸਬੀ, ਕਿਸੀ ਪਰਕਾਸ਼ਕ ਦੇ
ਏਜੰਟ ਦੇ, ਸਿਰ ਮੜੂੰਗੀ

ਬੇਬੇ ਜੀ, ਮੈਂ
ਆਸਤੀਨ ਦੇ ਸੱਪ ਵਾਂਗੂੰ
ਹੌਲੀ, ਹੌਲੀ, ਕਿਸੀ
ਕੁੜਤੇ, ਸ਼ਰਟ, ਦੀ

ਬਾਂਹ ਵਿੱਚ ਵੜੂੰਗੀ

ਬੇਬੇ ਜੀ
ਮੈਂ ਸੰਪਾਦਕ ਬਣੂੰਗੀ
ਬੇਬੇ ਜੀ
ਮੈਂ ਸੰਪਾਦਕ ਬਣੂੰਗੀ
ਬੇਬੇ ਜੀ
ਮੈਂ ਸੰਪਾਦਕ ਬਣੂੰਗੀ
■

(ਮਾਲਟਨ, ਐਪਰਲ 15, 2023)

# ਵਿਸ਼ਵ-ਵਿਦਿਆਲਾ

ਇਸ ਗੱਲ ਦਾ ਵੀ
ਕਦੀ, ਜਵਾਬ ਤਾਂ ਦੇਹ-

ਵਿਸ਼ਵ-ਵਿਦਿਆਲੇ ਵਿੱਚ
ਕਿਸ, ਕਿਸ, ਨੇ ਘਪਲੇ ਕੀਤੇ
ਕਿਸ, ਕਿਸ, ਨੇ, ਆਪਣੇ, ਧੀਆਂ, ਪੁੱਤਰਾਂ ਨੂੰ
ਉੱਚੀਆਂ, ਕੁਰਸੀਆਂ ਉੱਤੇ ਬੈਠੇ ਵੇਖਣ ਲਈ
ਨਿਯੁਕਤੀਆਂ ਦੇ, ਸਭ, ਕਾਇਦੇ-ਕਾਨੂੰਨਾਂ ਨੂੰ
ਛਿੱਕੇ ਟੰਗਿਆ, ਆਪਣੇ
ਪੈਰਾਂ ਹੇਠ ਦਰੜਿਆ

ਇਸ ਗੱਲ ਦਾ ਵੀ
ਕਦੀ, ਜਵਾਬ ਤਾਂ ਦੇਹ-
ਵਿਸ਼ਵ-ਵਿਦਿਆਲੇ ਵਿੱਚ
ਘਪਲੇ ਕਰਨ ਦੀ ਖਾਤਰ
ਕਿਸ, ਕਿਸ, ਨੇ ਚਿਹਰੇ ਉੱਤੇ, ਆਪਣੇ
ਰੇਸ਼ਮੀ ਮੁਸਕਰਾਹਟ ਦਾ, ਪਹਿਣ ਮੁਖੌਟਾ
ਵਿਸ਼ਵ-ਵਿਦਿਆਲੇ ਵਿੱਚ, ਸੰਨ੍ਹ ਲਗਾਈ

ਇਸ ਗੱਲ ਦਾ ਵੀ
ਕਦੀ, ਜਵਾਬ ਤਾਂ ਦੇਹ-
ਵਿਸ਼ਵ-ਵਿਦਿਆਲੇ ਦੇ ਹੱਥਾਂ ਵਿੱਚ
ਮੰਗਤਿਆਂ ਵਾਂਗੂੰ, ਠੂਠਾ ਪਕੜਣ ਲਈ
ਕਿਸ, ਕਿਸ, ਨੇ, ਇਸ ਦੇ
ਸਭ, ਸਰੋਤਾਂ ਨੂੰ ਬੰਜਰ ਕੀਤਾ
ਆਸਤੀਨ ਦੇ ਸੱਪ ਬਣਕੇ
ਕਿਸ, ਕਿਸ, ਨੇ ਇਸ ਦੇ ਡੰਗ ਮਾਰਿਆ
ਕਿਸ, ਕਿਸ, ਫਨੀਅਰ ਨੇ
ਇਸ ਦਾ, ਇੱਕ, ਇੱਕ, ਸਾਹ ਪੀਤਾ

ਇਸ ਗੱਲ ਦਾ ਵੀ

ਕਦੀ, ਜਵਾਬ ਤਾਂ ਦੇਹ–
ਕਿਹੜੇ, ਰਾਜਨੀਤੀਵਾਨਾਂ ਨੇ
ਕਿਹੜੇ, ਧਰਮੀ–ਪੁਰਸ਼ਾਂ ਨੇ
ਕਿਹੜੇ, ਸੰਤ–ਪੁਰਸ਼ਾਂ ਨੇ
ਇਸਨੂੰ, ਇਸ ਮੁਰਦਾ
ਹਾਲਤ ਵਿੱਚ ਪਹੁੰਚਾਇਆ
ਇਸਨੂੰ, ਸ਼ਮਸ਼ਾਨ ਘਾਟ ਦਾ
ਰਾਹ ਦਿਖਲਾਇਆ
■

(ਮਾਲਟਨ, ਮਾਰਚ 13, 2023)

# ਇੱਕ, ਵਿਸ਼ਵ-ਵਿਦਿਆਲੇ ਦੀ ਮੌਤ

ਜਦੋਂ, ਵਿਸ਼ਵ-ਵਿਦਿਆਲਾ
ਮਰ ਰਿਹਾ ਸੀ-
ਆਪਣੇ, ਆਖਰੀ ਸਾਹ
ਲੈ ਰਿਹਾ ਸੀ
ਅਹਿਲਕਾਰ, ਆਪਣੇ, ਮੋਟੇ, ਢਿੱਡਾਂ ਨੂੰ
ਢੋਲਕੀਆਂ ਵਾਂਗ, ਵਜਾ
ਹਕੂਮਤ ਨੂੰ, ਰਹਿਮ ਕਰਨ ਲਈ
ਲੰਬੇ, ਲੰਬੇ, ਵਿਰਲਾਪ
ਕਰ ਰਹੇ ਸਨ

ਅਹਿਲਕਾਰਾਂ ਨੇ, ਆਪਣੀਆਂ
ਅੱਖਾਂ 'ਚੋਂ, ਹੰਝੂ ਵਹਾਂਦਿਆਂ
ਮਾਤਮੀ, ਵੈਣ ਪਾਉਣੇ
ਸ਼ੁਰੂ ਕਰ ਦਿੱਤੇ-
ਉਹ, ਆਖਦੇ:
ਹਕੂਮਤ ਦੇ, ਰਹਿਮ ਬਿਨ੍ਹਾਂ
ਜੇਕਰ, ਅੱਜ
ਵਿਸ਼ਵ-ਵਿਦਿਆਲੇ ਦੀ ਮੌਤ ਹੋ ਗਈ
ਤਾਂ, ਪੰਜਾਬੀ, ਵਿਰਸੇ, ਬੋਲੀ, ਸਾਹਿਤ, ਸਭਿਆਚਾਰ, ਦੇ
ਵਾਰਿਸ, ਇਹ, ਕਿੰਝ ਸਹਿਣਗੇ

ਜੇਕਰ, ਵਿਰਸੇ, ਬੋਲੀ, ਸਾਹਿਤ, ਸਭਿਆਚਾਰ, ਦੀ ਲਾਸ਼
ਇੰਝ, ਸਾਡੀਆਂ, ਅੱਖਾਂ ਸਾਹਵੇਂ, ਰੁਲਦੀ ਰਹੀ, ਤਾਂ
ਆਉਣ ਵਾਲੀਆਂ, ਸਾਡੀਆਂ, ਨਸਲਾਂ ਤੇ ਵਾਰਸ
ਸਾਡੀ, ਇੰਝ, ਤਰਸਨਾਕ ਹਾਲਤ ਤੱਕ ਕੀ ਕਹਿਣਗੇ

ਪਰ, ਕੋਈ ਵੀ
ਅਹਿਲਕਾਰ, ਇਸ ਵਿਸ਼ੇ ਉੱਤੇ
ਗੱਲ ਕਰਨ ਲਈ ਵੀ ਤਿਆਰ ਨਹੀਂ ਸੀ-
ਆਖਿਰ, ਵਿਸ਼ਵ-ਵਿਦਿਆਲੇ ਦੀ
ਅਚਨਚੇਤ, ਅੱਜ

ਕਿਸੇ, ਵਿਸਫੋਟ ਹੋਣ ਵਾਂਗ
ਮੌਤ ਕਿਉਂ ਹੋ ਰਹੀ ਸੀ

ਵਿਸ਼ਵ-ਵਿਦਿਆਲੇ ਦੀ ਮੌਤ ਬਾਰੇ
ਚਿੰਤਤ, ਭੀੜ ਵਿੱਚ ਇਕੱਠੇ ਹੋਏ
ਸਭ, ਸੰਤ, ਮਹਾਂ-ਪੁਰਸ਼, ਪਤਵੰਤੇ
ਆਪਣੇ, ਦਰਸ਼ਨੀ ਚਿਹਰਿਆਂ ਉੱਤੇ
ਉੱਗੀਆਂ, ਲੰਬੀਆਂ ਦਾਹੜੀਆਂ ਨੂੰ
ਆਪਣੇ, ਕੋਮਲ ਹੱਥਾਂ ਨਾਲ
ਇੰਝ, ਪਲੋਸ ਰਹੇ ਸਨ
ਜਿਵੇਂ, ਉਹ, ਕਿਸੇ ਪਾਲਤੂ
ਬਿੱਲੀ ਜਾਂ ਕੁੱਤੇ ਦੀ ਪੂਛ ਨੂੰ
ਪਲੋਸ, ਮਹਾਂ-ਆਨੰਦ ਦੀ
ਅਵਸਥਾ ਵਿੱਚ ਪਹੁੰਚ ਗਏ ਹੋਣ

ਜਿਵੇਂ, ਗੋਰਖ ਨਾਥ ਦੇ ਟਿੱਲੇ ਪਹੁੰਚ
ਸਹਿਜ ਗੁਫ਼ਾ ਵਿੱਚ ਪਹੁੰਚਣ ਦਾ
ਮਾਨਸਿਕ ਆਨੰਦ ਲੈ ਰਹੇ ਹੋਣ.
■

(ਮਾਲਟਨ, ਮਾਰਚ 15, 2023)

# ਬਾਂਦਰਾਂ ਦੀ ਔਲਾਦ ਅਤੇ ਹਲਕੇ ਹੋਏ ਕੁੱਤੇ

ਫੇਸਬੁੱਕ ਮਾਧਿਅਮ ਦਾ ਪ੍ਰਬੰਧ
ਜਦੋਂ, ਹੁਕਮਰਾਨਾਂ ਨੇ
ਬਾਂਦਰਾਂ ਦੀ ਔਲਾਦ
ਹਲਕੇ ਹੋਏ ਕੁੱਤਿਆਂ ਦੇ
ਹਵਾਲੇ ਕਰ ਦਿੱਤਾ, ਤਾਂ
ਇਨਾਂ ਸਾਸ਼ਕਾਂ ਨੇ
ਫੌਰਨ, ਐਲਾਨ ਕਰ ਦਿੱਤਾ :

ਫੇਸਬੁੱਕ ਮਾਧਿਅਮ ਉੱਤੇ
ਗਊ ਮਾਤਾ ਦੇ ਮੂਤਰ ਦਾ
ਛਿੜਕਾਅ ਕਰਕੇ, ਇਸ ਦਾ
ਸ਼ੁੱਧੀਕਰਨ ਕੀਤਾ ਜਾਵੇਗਾ

ਇਸ ਮਾਧਿਅਮ ਰਾਹੀਂ
ਲੋਕ-ਅਰਪਣ ਹੋਣ ਵਾਲੀ
ਹਰ ਲਿਖਤ ਉੱਤੇ, ਗਊ ਮਾਤਾ ਦੇ
ਗੋਬਰ ਦਾ ਲੇਪ ਕਰਨਾ
ਜ਼ਰੂਰੀ ਸਮਝਿਆ ਜਾਵੇ

ਫੇਸਬੁੱਕ ਮਾਧਿਅਮ ਦੇ, ਪ੍ਰਬੰਧਕਾਂ ਨੇ
ਇਸ ਐਲਾਨ ਦੇ ਨਾਲ ਹੀ
ਇਹ ਗੱਲ ਵੀ, ਕਹਿ ਦਿੱਤੀ :
ਫੇਸਬੁੱਕ ਮਾਧਿਅਮ ਰਾਹੀਂ
ਪੇਸ਼ ਕੀਤੀ ਜਾਣ ਵਾਲੀ
ਹਰ ਲਿਖਤ ਦੇ ਮੂੰਹ 'ਚੋਂ
ਹਲਕੇ ਹੋਏ ਕੁੱਤਿਆਂ ਵਾਂਗ
ਸਲੂਣੀ ਰਾਲ ਡਿੱਗ ਰਹੀ ਹੋਵੇ
ਇਹ ਲਿਖਤ, ਇਹ ਵੀ
ਦੁਹਾਈ ਪਾਂਦੀ ਹੋਵੇ :
ਮੇਰੇ ਗਲ ਵਿੱਚ, ਸਿਰੋਪਾ ਪਾਓ
ਮੇਰੇ ਗਲ ਵਿੱਚ, ਸਿਰੋਪਾ ਪਾਓ

## ਮੇਰੇ ਗਲ ਵਿੱਚ, ਸਿਰੋਪਾ ਪਾਓ

ਫੇਸਬੁੱਕ ਮਾਧਿਅਮ, ਜਦੋਂ
ਪੂਰੀ ਤਰ੍ਹਾਂ ਹੀ
ਬਾਂਦਰਾਂ ਦੀ ਔਲਾਦ
ਹਲਕੇ ਹੋਏ ਕੁੱਤਿਆਂ ਦੇ
ਹਵਾਲੇ ਕਰ ਦਿੱਤਾ ਗਿਆ
ਤਾਂ, ਉਨ੍ਹਾਂ, ਕਿਹਾ :
ਅਸੀਂ, ਹਿਟਲਰ ਨੂੰ
ਆਪਣਾ, ਪਿਓ ਮੰਨਦੇ ਹਾਂ
ਅਸੀਂ, ਉਸ ਦੀਆਂ ਨੀਤੀਆਂ ਅਨੁਸਾਰ ਹੀ
ਧਰਮ, ਜ਼ਾਤ-ਪਾਤ, ਰੰਗ, ਨਸਲ, ਦੇ
ਆਧਾਰ ਉੱਤੇ, ਲੋਕਾਂ ਵਿੱਚ
ਵੰਡੀਆਂ ਪਾਵਾਂਗੇ-

ਅਸੀਂ, ਹਿਟਲਰ ਨੂੰ
ਆਪਣਾ, ਰਹਿਨੁਮਾ ਮੰਨ ਕੇ
ਫੇਸਬੁੱਕ ਮਾਧਿਅਮ ਵਿੱਚ
ਸ਼ਾਮਿਲ ਹੋਣ ਵਾਲੇ, ਹਰ
ਸਖਸ਼ ਨੂੰ, ਬਾਂਦਰਾਂ ਦੀ ਔਲਾਦ
ਹਲਕੇ ਹੋਏ ਕੁੱਤਿਆਂ ਦੇ
ਹੁਕਮਾਂ ਅੱਗੇ, ਡੰਡੋਤ-ਬੰਦਨਾ
ਕਰਨੀ ਸਿਖਾਵਾਂਗੇ

ਅਸੀਂ, ਇਸ ਤਰ੍ਹਾਂ
ਬਾਂਦਰਾਂ ਦੀ ਔਲਾਦ
ਹਲਕੇ ਹੋਏ, ਕੁੱਤਿਆਂ ਨੂੰ
ਫੇਸਬੁੱਕ ਮਾਧਿਅਮ ਦੇ
ਰਾਜਸਿੰਘਾਸਨ ਉੱਤੇ
ਬਿਠਾਵਾਂਗੇ
■

(ਮਾਲਟਨ, ਜੂਨ 14, 2023)

# ਫੇਸਬੁੱਕ ਦੀ ਬਾਂਦਰ ਸੈਨਾ

ਫੇਸਬੁੱਕ ਦੀ, ਬਾਂਦਰ ਸੈਨਾ ਨੂੰ
ਤੁਹਾਡੀ, ਕਹੀ, ਕਿਸੀ ਵੀ
ਗੱਲ ਨਾਲ, ਫੌਰਨ
ਢਿੱਡ ਪੀੜ ਹੋਣੀ
ਸ਼ੁਰੂ ਹੋ ਸਕਦੀ ਹੈ-

ਮਸਲਨ:
-ਪੰਜਾਬੀ ਬੋਲੀ ਬਾਰੇ ਗੱਲਬਾਤ
-ਪੰਜਾਬੀ ਸਾਹਿਤ ਬਾਰੇ ਚਰਚਾ
-ਪੰਜਾਬੀ ਸਭਿਆਚਾਰ ਬਾਰੇ ਸਮੀਖਿਆ
-ਪੰਜਾਬੀ ਵਿਰਸੇ ਬਾਰੇ ਵਿਆਖਿਆ
ਜਾਂ
-ਪੰਜਾਬ ਵਿੱਚ ਗੈਂਗਸਟਰ ਗਾਇਕੀ
-ਪੰਜਾਬ ਵਿੱਚ ਨਸ਼ਿਆਂ ਦਾ ਪਾਸਾਰ
-ਪੰਜਾਬ ਵਿੱਚ ਰਾਜਨੀਤਕ ਭ੍ਰਿਸ਼ਟਾਚਾਰ
-ਪੰਜਾਬ ਵਿੱਚ ਸਾਹਿਤਕ ਖਲਨਾਇਕ
-ਪੰਜਾਬ ਵਿੱਚ ਖਾਲਿਸਤਾਨੀ ਦਹਿਸ਼ਤਗਰਦੀ
-ਪੰਜਾਬ ਵਿੱਚ ਧਾਰਮਿਕ ਜਨੂੰਨਵਾਦ
-ਪੰਜਾਬ ਵਿੱਚ ਬਲਾਤਕਾਰੀ ਡੇਰਾ ਮੁਖੀ
-ਪੰਜਾਬ ਵਿੱਚ ਡਰੱਗ ਸਮੱਗਲਰ ਧਰਮੀ-ਰਾਜਨੀਤੀਵਾਨ
-ਪੰਜਾਬ ਵਿੱਚ ਵਿਕਾਊ ਚੈਨਲ ਮੀਡੀਆ
-ਪੰਜਾਬ ਵਿੱਚ ਮਨੂੰਵਾਦ ਦਾ ਪਾਸਾਰ
-ਪੰਜਾਬ ਵਿੱਚ ਧਰਮੀ ਬੇਅਦਬੀਆਂ ਦੀ ਰਾਜਨੀਤੀ
-ਪੰਜਾਬ ਵਿੱਚ ਸਿਰੋਪਾਓ ਸਭਿਆਚਾਰ ਦਾ ਕੂੜ ਵਿਉਪਾਰ
-ਪੰਜਾਬ ਵਿੱਚ ਇਨਾਮਾਂ-ਸਨਮਾਨਾਂ ਦੀ ਦਲਾਲੀ ਮਾਰਕਿਟ
-ਪੰਜਾਬ ਵਿੱਚ ਵਿਸ਼ਵ ਪੰਜਾਬੀ ਸੰਮੇਲਨਾਂ ਦਾ ਕਾਲਾ ਧੰਦਾ

ਫੇਸਬੁੱਕ ਦੀ, ਬਾਂਦਰ ਸੈਨਾ
ਫੇਸਬੁੱਕ ਉੱਤੇ, ਤੁਹਾਡੇ, ਲਿਖੇ, ਸ਼ਬਦਾਂ ਨੂੰ
ਸੂਹੀਏ ਕੁੱਤਿਆਂ ਵਾਂਗ, ਦਿਨ ਰਾਤ
ਸੁੰਘਦੀ ਫਿਰਦੀ ਹੈ
ਕਿਸੀ ਵੀ ਦਿਨ, ਕਿਸੀ ਵੀ ਪਲ

ਤੁਹਾਡੇ, ਸਭਿਅਕ ਸ਼ਬਦ ਵੀ
ਫੇਸਬੁੱਕੀ, ਬਾਂਦਰ ਸੈਨਾ ਲਈ
ਅਸੱਭਿਅਕ ਸ਼ਬਦ ਬਣ ਸਕਦੇ ਹਨ

ਫੇਸਬੁੱਕੀ, ਬਾਂਦਰ ਸੈਨਾ
ਨਾਗਪੁਰੀ ਸੰਤਰੇ ਖਾਹ ਖਾਹ ਕੇ
ਨਾਗਪੁਰੀ ਖਾਕੀ ਨਿੱਕਰਾਂ 'ਚ ਬਦਬੂ ਫੈਲਾਂਦੀ
ਫੇਸਬੁੱਕ ਮੀਡੀਆ ਉੱਤੇ ਵੀ
ਇਸ ਤਰਾਂ, ਹਰਲ, ਹਰਲ
ਕਰਦੀ ਫਿਰਦੀ ਹੈ-

ਜਿਵੇਂ, ਦਿੱਲੀ ਦੀਆਂ
ਗਲੀਆਂ, ਬਾਜ਼ਾਰਾਂ, ਚੌਰਸਤਿਆਂ, 'ਚ
ਅਵਾਰਾ ਕੁੱਤਿਆਂ, ਅਵਾਰਾ ਬਾਂਦਰਾਂ, ਦੀ
ਭੀੜ, ਦਿਨ ਰਾਤ, ਹਰਲ, ਹਰਲ
ਕਰਦੀ ਫਿਰਦੀ ਹੈ

ਹਿੰਦੁਸਤਾਨ ਨੂੰ, 'ਬਾਂਦਰਸਤਾਨ' ਦੀ
ਰਾਜਧਾਨੀ ਹੋਣ ਦਾ ਭੁਲੇਖਾ
ਦਿੰਦੀ ਰਹਿੰਦੀ ਹੈ
■
(ਮਾਲਟਨ, ਮਈ 21, 2023)

# ਬਾਬੇ ਨੇ ਕਿਹਾ ਸੀ

ਬ੍ਰਹਿਮੰਡ ਦਾ ਰਚਨਹਾਰਾ
ਹਰ ਪਾਸੇ, ਹਰ ਨੁੱਕਰ, ਹਰ ਜਗ੍ਹਾ
ਧਰਤੀ, ਹਵਾ, ਪਾਣੀ, 'ਚ-

ਫਿਰ, ਇਹ ਕੌਣ ਹਨ
ਧਰਮੀ ਗੈਂਗਸਟਰ, ਜੋ
ਹਥਿਆਰਾਂ ਨਾਲ, ਗੋਲੀਆਂ ਦੀ
ਬਰਸਾਤ ਕਰਦੇ ਹੋਏ, ਤਾਂਡਵ-ਨਾਚ
ਕਰਨ ਆ ਧਮਕਦੇ ਹਨ
ਸਰੋਵਰਾਂ, ਝੀਲਾਂ, ਦਰਿਆਵਾਂ, ਦੇ ਕੰਢੇ

ਬ੍ਰਹਿਮੰਡ ਦਾ ਰਚਨਹਾਰਾ
ਹਰ ਪਾਸੇ, ਹਰ ਨੁੱਕਰ, ਹਰ ਜਗਾਹ
ਧਰਤੀ, ਹਵਾ, ਪਾਣੀ, 'ਚ-

ਇਹ, ਤਾਂ, ਆਪਣੀ, ਚੌਧਰ ਲਈ
ਆਪਣੀ, ਗੁੰਡਾ, ਲੁੱਟ ਖਾਤਰ
ਭਾਈਆਂ, ਪੰਡਤਾਂ, ਮੌਲਵੀਆਂ, ਪਾਦਰੀਆਂ, ਨੇ
ਮੰਡੀਆਂ ਸਥਾਪਤ ਕਰਨ ਲਈ ਸ਼ੌਰ ਪਾਇਆ-
ਬ੍ਰਹਿਮੰਡ ਦਾ ਰਚਨਹਾਰਾ
ਮਹਿਜ਼, ਉਨ੍ਹਾਂ ਦੇ ਧਰਮੀ ਮੱਠ ਦੀਆਂ
ਦੀਵਾਰਾਂ ਦੇ ਅੰਦਰ, ਸਿੰਘਾਸਣ ਉੱਤੇ
ਆਸਨ ਲਗਾਈ ਬੈਠਾ ਹੈ

ਇਹ, ਤਾਂ, ਇਨ੍ਹਾਂ ਲੁਟੇਰੇ
ਭਾਈਆਂ, ਪੰਡਤਾਂ, ਮੌਲਵੀਆਂ, ਪਾਦਰੀਆਂ, ਨੇ
ਲੋਕਾਂ ਦੇ ਮਨਾਂ 'ਚ ਜ਼ਹਿਰ ਭਰਿਆ-
ਉਹ, ਭੋਲੇ-ਭਾਲੇ, ਬੇਗੁਨਾਹ, ਲੋਕ
ਇਨ੍ਹਾਂ ਦੀਆਂ, ਸਾਜ਼ਿਸ਼ੀ, ਚਾਲਾਂ 'ਚ ਫਸ
ਆਪਣੇ, ਆਪਣੇ, ਧਰਮੀ ਮੱਠ ਦੇ ਨਾਮ ਉੱਤੇ
ਆਪਣੇ, ਆਪਣੇ, ਬ੍ਰਹਿਮੰਡ ਦੇ ਰਚਨਹਾਰੇ ਦੇ ਨਾਮ ਉੱਤੇ
ਇੱਕ-ਦੂਜੇ ਦੇ ਢਿੱਡ 'ਚ

ਖੰਜਰ ਖੋਭ ਰਹੇ ਹਨ
ਇੱਕ-ਦੂਜੇ ਦਾ ਬੇੜਾ
ਡੋਬ ਰਹੇ ਹਨ

ਬ੍ਰਹਿਮੰਡ ਦਾ ਰਚਨਹਾਰਾ
ਹਰ ਪਾਸੇ, ਹਰ ਨੁੱਕਰ, ਹਰ ਜਗਾਹ
ਧਰਤੀ, ਹਵਾ, ਪਾਣੀ, 'ਚ-

ਆਪਣੇ, ਆਪਣੇ, ਰਚਨਹਾਰੇ
ਦੇ ਨਾਂ ਉੱਤੇ, ਖੁੱਲ੍ਹੀਆਂ, ਧਰਮੀ ਦੁਕਾਨਾਂ
ਤਾਂ, ਮਹਿਜ਼, ਮੰਡੀਆਂ ਹਨ

ਧਰਮੀਆਂ ਦੀ ਨਿੱਤ ਹੁੰਦੀ
ਆਪਸੀ, ਨਫ਼ਰਤੀ, ਲੜਾਈ ਵੀ
ਤਾਂ, ਮੰਡੀਆਂ ਦੀ ਹੀ
ਲੜਾਈ ਹੈ
■

(ਮਈ 16, 2023)

# ਫੇਸਬੁੱਕ ਮੀਡੀਆ ਉੱਤੇ ਗਧਿਆਂ ਦੀ ਹਕੂਮਤ

ਫੇਸਬੁੱਕ ਮੀਡੀਆ ਉੱਤੇ, ਜੇਕਰ
ਤੁਸੀਂ, ਗਧਿਆਂ ਦੀ ਹਕੂਮਤ
ਬਿਠਾ ਦਿਓਗੇ-

ਤਾਂ, ਸਮਝ ਲੈਣਾ
ਫੇਸਬੁੱਕ ਮੀਡੀਆ ਉੱਤੇ, ਆਉਣ ਵਾਲੇ
ਹਰ, ਵਿਅਕਤੀ ਦੇ
ਤੁਸੀਂ, ਬਿਨਾਂ ਕਿਸੀ ਕਾਰਨ
ਦੁਲੱਤੀਆਂ ਮਰਵਾ ਦਿਓਗੇ

ਗਧੇ, ਆਪਣੀਆਂ
ਆਦਤਾਂ ਦਾ ਮੁਜ਼ਾਹਰਾ ਕਰਨ ਲਈ
ਗਧੇ, ਫੇਸਬੁੱਕ ਮੀਡੀਆ ਉੱਤੇ, ਆਪਣੀ
ਹਕੂਮਤ ਕਰਨ ਲਈ
ਗਧੇ, ਹਰ ਕਿਸੀ ਦੇ ਮਨ 'ਚ
ਆਪਣੇ ਜਿਹਿਆਂ ਦੀ ਦਹਿਸ਼ਤ ਭਰਨ ਲਈ
ਗਧੇ, ਆਪਣੀ
ਅਨਪੜਤਾ, ਮੰਦ-ਬੁੱਧੀ, ਢੀਠਤਾ, ਦੀ
ਮਨਾਦੀ ਕਰਨ ਲਈ

ਹੋਰ, ਕਰ ਵੀ
ਕੀ ਸਕਦੇ ਹਨ

ਉਂਝ, ਤਾਂ
ਕੁਝ, ਲੋਕ ਆਖਦੇ ਹਨ :
ਇਸ ਧਰਤੀ ਉੱਤੇ, ਕੁਝ
ਦੇਸ਼ ਅਜਿਹੇ ਵੀ ਵਸਦੇ ਹਨ
ਜਿੱਥੇ, ਗਧੇ ਹੀ ਹਕੂਮਤ ਕਰਦੇ ਹਨ
ਜਿੱਥੇ, ਗਧੇ ਊਚ-ਨੀਚ ਦੇ ਨਾਮ ਉੱਤੇ
ਇੱਕ-ਦੂਜੇ ਦੇ ਢਿੱਡ 'ਚ ਖੰਜਰ ਆਰ-ਪਾਰ ਕਰਦੇ ਹਨ
ਜਿੱਥੇ, ਗਧੇ ਔਰਤਾਂ ਨੂੰ ਧਰਮੀ ਸਥਾਨਾਂ 'ਚੋਂ

ਧੱਕੇ ਮਾਰ ਕੇ ਬਾਹਰ ਕਰਦੇ ਹਨ
ਜਿੱਥੇ, ਗਧੇ ਪਾਣੀ 'ਚ ਵੀ ਹਿੰਦੂ-ਮੁਸਲਿਮ
ਹੋਣ ਦੀ ਵੰਡ ਕਰਦੇ ਹਨ
ਜਿੱਥੇ, ਗਧੇ ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਈਸਾਈਆਂ, 'ਚ
ਨਿੱਤ, ਦੰਗੇ-ਫਸਾਦ ਕਰਦੇ ਹਨ
ਜਿੱਥੇ, ਗਧੇ ਧਰਮੀ ਕੱਟੜਵਾਦ ਦੇ, ਨਿੱਤ, ਨਾਹਰੇ ਲਗਾ ਕੇ
ਆਪਣੇ ਖਜ਼ਾਨੇ ਭਰਦੇ ਹਨ
ਜਿੱਥੇ, ਗਧੇ, ਨਿੱਤ, 'ਗਧਾਸਥਾਨ' ਬਨਾਉਣ ਦੀ
ਮੰਗ ਕਰਦੇ ਹਨ
■

(ਮਾਲਟਨ, ਮਈ 4, 2023)

# ਪਰੌਂਠਾ ਪਾਲਿਟਿਕਸ

ਇੱਕ, ਨੌਜਵਾਨ ਪੰਜਾਬਣ
ਸੱਜ ਧੱਜ ਕੇ, ਇੱਕ
ਧਰਮੀ ਮੱਠ ਵਿੱਚ ਗਈ-

ਉਸ ਨੂੰ, ਪ੍ਰਸਾਦਿ ਵਜੋਂ
ਇੱਕ ਪਰੌਂਠਾ ਮਿਲਿਆ

ਉਹ ਕੁੜੀ, ਪਤਾ ਨਹੀਂ ਕਿੰਨੇ ਦਿਨਾਂ ਤੋਂ
ਭੁੱਖੀ ਸੀ, ਉਹ, ਜ਼ਿਦ ਕਰਨ ਲੱਗੀ-
ਉਸਨੂੰ, ਘਰ ਲਿਜਾਣ ਲਈ ਵੀ
ਪਰੌਂਠੇ ਦਿੱਤੇ ਜਾਣ

ਧਰਮੀ ਮੱਠ ਦੇ ਲਾਂਗਰੀ ਨੇ ਕਿਹਾ:
ਕੁੜੀਏ, ਇਹ ਪਰੌਂਠਾ, ਤਾਂ
ਧਰਮੀ ਮੱਠ ਦਾ ਪ੍ਰਸਾਦਿ ਹੈ
ਇਹ ਕੋਈ ਪੰਜਾਬੀ ਵੈਸ਼ਨੋ ਰੈਸਟੋਰੈਂਟ ਨਹੀਂ
ਜੇਕਰ, ਤੂੰ, ਪਰੌਂਠਿਆਂ ਦੀ
ਏਨੀ ਹੀ ਭੁੱਖੀ ਹੈਂ, ਤਾਂ
ਜਾਹ ਵਗ ਜਾਹ, ਕਿਸੀ
ਪੰਜਾਬੀ ਰੈਸਟੋਰੈਂਟ ਵਿੱਚ
ਮਿਟਾ ਲੈ ਆਪਣਾ ਭੋਖੜਾ

ਏਨਾ ਸੁਣ, ਕੁੜੀ
ਸੜ ਬਲ ਗਈ-

ਉਸਨੇ, ਫੌਰਨ
ਆਪਣੇ, ਮੋਬਾਈਲ ਫੋਨ ਉੱਤੇ
ਆਪਣੀ, ਸੈਲਫ ਵੀਡੀਓ ਬਣਾਈ
ਇਸ ਵੀਡੀਓ ਵਿੱਚ, ਉਸਨੇ
ਧਰਮੀ ਮੱਠ ਦੇ ਲਾਂਗਰੀ ਦੀ
ਐਸੀ ਤੈਸੀ ਫੇਰ ਦਿੱਤੀ

ਮਹਿਜ਼, ਇੱਕ, ਵਾਧੂ
ਪਰੌਂਠਾ ਨ ਮਿਲਣ ਕਰਕੇ

ਬਸ, ਫਿਰ ਕੀ ਸੀ
ਉਸ, ਕੁੜੀ ਦੀ
ਧੂਮਧੜੱਕੇ ਵਾਲੀ ਇਹ ਵੀਡੀਓ
ਇੰਟਰਨੈੱਟ ਉੱਤੇ, ਵਾਇਰਲ ਹੁੰਦਿਆਂ ਹੀ
ਧਰਮ ਯੁੱਧ ਛਿੜ ਪਿਆ-

ਕੁੜੀ ਦੇ ਹੱਕ ਵਿੱਚ ਬੋਲਣ ਵਾਲੇ ਮਹਾਂਰਥੀ
ਧਰਮੀ ਮੱਠਾਂ ਦੇ ਚੌਧਰੀਆਂ ਦੇ
ਬਖੀਏ ਉਧੇੜਨ ਲੱਗੇ, ਉਹ
ਉੱਚੀ ਸੁਰ ਬਣਾ ਕੇ ਕਹਿਣ ਲੱਗੇ:
ਇਹ, ਧਰਮੀ ਮੱਠਾਂ ਵਾਲੇ ਗੋਲਕ ਚੋਰ ਮਹੰਤ
ਸ਼ਰਧਾਲੂਆਂ ਵੱਲੋਂ ਭੇਟਾ ਕੀਤੇ ਲੱਖਾਂ ਡਾਲਰ
ਮਗਰਮੱਛਾਂ ਵਾਂਗ, ਹੜੱਪ ਜਾਂਦੇ ਹਨ
ਕਿਸੀ ਨੌਜਵਾਨ ਭੁੱਖੀ ਔਰਤ ਨੇ, ਜੇਕਰ
ਇੱਕ ਪਰੌਂਠਾ ਵਾਧੂ ਮੰਗ ਲਿਆ, ਤਾਂ
ਇਹਨਾਂ, ਧਰਮੀ ਮੱਠ ਵਾਲਿਆਂ ਦੇ
ਢਿੱਡੀਂ ਪੀੜਾਂ ਹੋਣੀਆਂ ਸ਼ੁਰੂ ਹੋ ਗਈਆਂ

ਉਧਰ, ਦੂਜੇ ਪਾਸੇ
ਇਸ, ਕੁੜੀ ਵਿਰੁੱਧ ਬੋਲਣ ਵਾਲੇ ਵੀ
ਆਪਣੇ, ਸ਼ਾਬਦਿਕ ਬੋਲਾਂ ਰਾਹੀਂ
ਆਪਣੇ, ਭੱਥਿਆਂ 'ਚੋਂ
ਨੋਕੀਲੇ, ਤੀਰ ਛੱਡਣ ਲੱਗੇ-

ਇਸ, ਭੁੱਖੀ ਕੁੜੀ ਦਾ ਬਲਾਤਕਾਰ ਕਰੋ
ਇਸ, ਭੁੱਖੀ ਕੁੜੀ ਦੀ ਪੋਰਨੋ ਵੀਡੀਓ ਬਣਾਓ
ਇਸ, ਭੁੱਖੀ ਕੁੜੀ ਨੂੰ ਫੇਸਬੁੱਕ ਉੱਤੇ ਸ਼ਰਮਸਾਰ ਕਰੋ
ਇਸ, ਭੁੱਖੀ ਕੁੜੀ ਦੇ ਘਰ ਅੱਗੇ ਬਚੀਆਂ-ਖੁਚੀਆਂ ਦਾਲਾਂ ਰੋਟੀਆਂ ਸੁੱਟ ਆਓ

ਵਿਸ਼ਵ ਭਰ ਦੇ ਪੰਜਾਬੀ ਚੈਨਲਾਂ ਨੂੰ
ਜਿਵੇਂ, ਚਰਚਾ ਕਰਨ ਲਈ
ਦੁਨੀਆ ਦਾ ਸਭ ਤੋਂ ਮਹੱਤਵਪੂਰਨ

ਵਿਸ਼ਾ ਲੱਭ ਗਿਆ ਹੋਵੇ

ਬਸ, ਦੇਖਦਿਆਂ ਹੀ ਦੇਖਦਿਆਂ
ਸਾਰੀ ਫੇਸਬੁੱਕ, ਮਹਿਜ਼
ਪਰੌਂਠਾ ਪਾਲਿਟਿਕਸ ਨਾਲ ਸਬੰਧਤ
ਤੂੰ ਤੂੰ ਮੈਂ ਮੈਂ ਨਾਲ ਭਰੀ ਪਈ ਸੀ

ਪੰਜਾਬੀ ਮੀਡੀਆ ਦੀ ਬੋਲਬਾਣੀ
ਮਹਿਜ਼, ਪਰੌਂਠਾ ਪਾਲਿਟਿਕਸ ਦੀ
ਖੁਸ਼ਬੂ, ਬਦਬੂ, ਨਾਲ
ਭਰੀ ਪਈ ਸੀ
■

(ਅਗਸਤ 5, 2023, ਮਾਲਟਨ)

# ਕਾਲੈਡੋਸਕੋਪਿਕ ਦ੍ਰਿਸ਼

ਕਾਲੈਡੋਸਕੋਪਿਕ ਦ੍ਰਿਸ਼ਾਂ ਵਾਂਗ
ਇੱਥੇ, ਕੈਨੇਡਾ ਦੇ ਸ਼ਹਿਰਾਂ
ਬਰੈਂਪਟਨ, ਮਿਸੀਸਾਗਾ, ਟੋਰਾਂਟੋ, ਸਰੀ, ਵੈਨਕੂਵਰ, ਕੈਲਗਰੀ, ਵਿੱਚ
ਇੰਟਰਨੈਸ਼ਨਲ ਪੰਜਾਬੀ ਸਟੂਡੈਂਟ, ਹੱਥਾਂ 'ਚ ਖਾਲਿਸਤਾਨੀ ਝੰਡੇ ਫੜੀ
ਧਾਰਮਿਕ ਕੱਟੜਵਾਦੀ ਲੋਕਾਂ ਦੇ ਇਸ਼ਾਰਿਆਂ ਉੱਤੇ ਨੱਚਦੇ ਹੋਏ
ਗਲੀਆਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਭੂਤਰੇ ਹੋਏ ਸਾਹਨਾਂ ਵਾਂਗ
ਹਰਲ ਹਰਲ ਕਰਦੇ, ਸ਼ੌਰ-ਸ਼ਰਾਬਾ ਪਾਂਦੇ
ਅਕਸਰ ਹੀ, ਦੇਖੇ ਜਾ ਸਕਦੇ ਹਨ

ਕਾਲੈਡੋਸਕੋਪਿਕ ਦ੍ਰਿਸ਼ਾਂ ਵਾਂਗ
ਇੱਥੇ, ਕੈਨੇਡਾ ਦੇ ਸ਼ਹਿਰਾਂ
ਬਰੈਂਪਟਨ, ਮਿਸੀਸਾਗਾ, ਟੋਰਾਂਟੋ, ਸਰੀ, ਵੈਨਕੂਵਰ, ਕੈਲਗਰੀ, ਵਿੱਚ
ਨੌਜਵਾਨ ਪੰਜਾਬੀ ਮੁੰਡੇ, ਕੁੜੀਆਂ
ਚੋਰੀਆਂ, ਡਾਕੇ, ਲੁੱਟਾਂ, ਖੋਹਾਂ, ਕਤਲ, ਠੱਗੀਆਂ, ਮਾਰਨ ਦੇ ਦੋਸ਼ਾਂ ਹੇਠ
ਕੈਨੇਡਾ ਦੀ ਪੁਲਿਸ ਵੱਲੋਂ, ਅਦਾਲਤਾਂ ਵਿੱਚ
ਪੇਸ਼ ਕੀਤੇ ਜਾਂਦੇ
ਅਕਸਰ ਹੀ, ਦੇਖੇ ਜਾ ਸਕਦੇ ਹਨ

ਕਾਲੈਡੋਸਕੋਪਿਕ ਦ੍ਰਿਸ਼ਾਂ ਵਾਂਗ
ਇੱਥੇ, ਕੈਨੇਡਾ ਦੇ ਸ਼ਹਿਰਾਂ
ਬਰੈਂਪਟਨ, ਮਿਸੀਸਾਗਾ, ਟੋਰਾਂਟੋ, ਸਰੀ, ਵੈਨਕੂਵਰ, ਕੈਲਗਰੀ, ਵਿੱਚ
ਪੰਜਾਬੀ ਟਰੱਕ ਡਰਾਈਵਰ ਮੁੰਡੇ ਕੁੜੀਆਂ
ਆਪਣੇ, ਟਰੱਕਾਂ ਵਿੱਚ, ਕਰੋੜਾਂ ਡਾਲਰਾਂ ਦੀ
ਅਫੀਮ, ਚਰਸ, ਕਰੈਕ, ਕੁਕੇਨ, ਭੰਗ, ਸਮੱਗਲ ਕਰਦੇ ਹੋਏ
ਬਾਰਡਰ ਪੁਲਿਸ ਵੱਲੋਂ, ਤਲਾਸ਼ੀ ਲੈਣ ਬਾਹਦ, ਫੜੇ ਜਾਂਦੇ
ਅਕਸਰ ਹੀ, ਦੇਖੇ ਜਾ ਸਕਦੇ ਹਨ

ਕਾਲੈਡੋਸਕੋਪਿਕ ਦ੍ਰਿਸ਼ਾਂ ਵਾਂਗ
ਇੱਥੇ, ਕੈਨੇਡਾ ਦੇ ਸ਼ਹਿਰਾਂ
ਬਰੈਂਪਟਨ, ਮਿਸੀਸਾਗਾ, ਟੋਰਾਂਟੋ, ਸਰੀ, ਵੈਨਕੂਵਰ, ਕੈਲਗਰੀ, ਵਿੱਚ
ਵਿਸ਼ਵ ਪੰਜਾਬੀ ਸੰਮੇਲਨਾਂ ਦੇ ਆਯੋਜਿਕ ਵਿਉਪਾਰੀ

ਜਣੇ-ਖਣੇ ਨੂੰ, ਕੁਝ ਡਾਲਰਾਂ ਬਦਲੇ
ਡਾਕਟਰ ਹੋਣ ਦੀਆਂ, ਨਕਲੀ ਡਿਗਰੀਆਂ ਵੇਚ ਕੇ
ਡਾਕਟਰ ਸ਼ਬਦ ਦੀ ਮਿੱਟੀ ਪਲੀਤ ਕਰਦੇ
ਅਕਸਰ ਹੀ, ਦੇਖੇ ਜਾ ਸਕਦੇ ਹਨ

ਇਹ ਕੈਨੇਡਾ ਹੈ-
ਇੱਥੇ, ਪੰਜਾਬੀਆਂ ਨੇ, ਆਪਣੀਆਂ
ਮਿਹਨਤਾਂ ਸਦਕਾ, ਜੇਕਰ
ਜ਼ਿੰਦਗੀ ਦੇ ਹਰ ਖੇਤਰ ਵਿੱਚ ਹੀ
ਵੱਡੀਆਂ, ਵੱਡੀਆਂ, ਮੱਲਾਂ ਮਾਰੀਆਂ ਹਨ
ਤਾਂ, ਇੱਥੇ, ਉਨਾਂ ਲੋਕਾਂ ਦੀ ਵੀ
ਕੋਈ ਕਮੀ ਨਹੀਂ ਰਹੀ, ਜੋ
ਰਾਤੋ ਰਾਤ, ਅਮੀਰ ਬਨਣ ਦੇ ਚਾਅ ਵਿੱਚ
ਪੰਜਾਬੀ ਸਭਿਆਚਾਰ ਅਤੇ ਵਿਰਸੇ ਨੂੰ
ਡੂੰਘੀਆਂ ਖਾਹੀਆਂ ਵੱਲ ਧੱਕਣ ਲਈ ਵੀ
ਆਪਣਾ, ਪੂਰਾ, ਜ਼ੋਰ ਲਗਾ ਰਹੇ ਹਨ

ਨਿਰਸੰਦੇਹ, ਕੁਝ ਲੋਕ
ਬੌਲੀਵੁੱਡ ਫਿਲਮਾਂ ਦੀ ਅਦਾਕਾਰੀ ਵਾਂਗ
ਕੈਨੇਡੀਅਨ ਪੰਜਾਬੀ ਸਭਿਆਚਾਰਕ ਜ਼ਿੰਦਗੀ ਦੇ
ਕਾਲੈਡੋਸਕੋਪਿਕ ਦ੍ਰਿਸ਼ਾਂ ਵਿੱਚ, ਖਲਨਾਇਕਾਂ ਵਾਲੇ
ਰੋਲ ਵੀ ਨਿਭਾਹ ਰਹੇ ਹਨ
■

(ਮਾਲਟਨ, ਅਗਸਤ 2, 2023)

# ਤੁਸੀਂ, ਕਿਸ ਪਾਸੇ ਖੜ੍ਹੇ ਹੋ

ਬਾਬਾ ਬੋਹੜ
ਸਮਾਜਿਕ ਕੋਹੜ

ਸਿੱਕੇ ਦੇ
ਦੋ ਪਾਸੇ

ਸੱਜੇ
ਖੱਬੇ

ਲੁਟੇਰਿਆਂ ਵੱਲ
ਲੁੱਟੇ ਗਿਆਂ ਵੱਲ

ਕਾਤਲਾਂ ਵੱਲ
ਕਤਲ ਹੋਣ ਵਾਲਿਆਂ ਵੱਲ

ਬਲਾਤਕਾਰੀਆਂ ਵੱਲ
ਬਲਾਤਕਾਰ ਦਾ ਸ਼ਿਕਾਰ
ਹੋਣ ਵਾਲਿਆਂ ਵੱਲ

ਦਮਨਕਾਰੀਆਂ ਵੱਲ
ਦੱਬੇ-ਕੁਚਲੇ ਲੋਕਾਂ ਵੱਲ

ਜੋਕਾਂ ਵੱਲ
ਲੋਕਾਂ ਵੱਲ

ਇਤਿਹਾਸ-
ਇਹ, ਸੁਆਲ ਵੀ
ਪੁੱਛੇਗਾ :

ਤੁਸੀਂ-
ਕਿਸ, ਪਾਸੇ
ਖੜ੍ਹੇ ਹੋ

ਇਸ ਤੋਂ ਪਹਿਲਾਂ
ਸ਼ਬਦ-
ਆਪਣੇ, ਆਪ ਨੂੰ
ਨਿਰਪੱਖ, ਆਜ਼ਾਦ, ਧਿਰ-ਰਹਿਤ
ਹੋਣ ਦਾ
ਐਲਾਨ ਕਰਨ
■

(ਮਾਲਟਨ, ਅਪ੍ਰੈਲ 28, 2023)

# ਗੱਬਰ ਸਿੰਘ ਦੇ ਲਲਕਾਰੇ-2

ਪਹਿਲੇ ਲਲਕਾਰੇ ਨਾਲ
ਮੈਂ ਸ਼ਾਹਕੋਟ ਦੇ ਖੇਤਾਂ ਵੱਲ ਭੱਜ ਪਈ
ਦੂਜੇ ਲਲਕਾਰੇ ਨਾਲ
ਮੈਂ ਸਕੂਟਰ ਉੱਤੇ ਬੈਠ ਦੌੜ ਗਈ
ਤੀਜੇ ਲਲਕਾਰੇ ਨਾਲ
ਮੈਂ ਨੰਗਲ ਅੰਬੀਆ ਗੁਰਦੁਆਰੇ ਵੜ ਗਈ
ਚੌਥੇ ਲਲਕਾਰੇ ਨਾਲ
ਮੈਂ ਭੇਸ ਬਦਲ ਛੂ ਮੰਤਰ ਹੋ ਗਈ
ਪੰਜਵੇਂ ਲਲਕਾਰੇ ਨਾਲ
ਮੈਂ ਸਿਰ ਦੇਣ ਦੀ ਰਿਹਰਸਲ ਕਰਨ ਲੱਗ ਪਈ
ਛੇਵੇਂ ਲਲਕਾਰੇ ਨਾਲ
ਮੇਰੇ ਸਾਰੇ ਭੇਦ ਖੁੱਲ੍ਹ ਗਏ
ਸੱਤਵੇਂ ਲਲਕਾਰੇ ਨਾਲ
ਮੈਂ ਠੱਗਾਂ ਦੀ ਠੱਗ ਸਾਬਤ ਹੋ ਗਈ
ਅੱਠਵੇਂ ਲਲਕਾਰੇ ਨਾਲ
ਮੇਰਾ ਮੁਖੌਟਾ ਲਹਿ ਗਿਆ
ਨੌਵੇਂ ਲਲਕਾਰੇ ਨਾਲ
ਮੈਂ ਮਹਾਂ ਡਰਾਕਲ ਸਾਬਤ ਹੋ ਗਈ
ਦੱਸਵੇਂ ਲਲਕਾਰੇ ਨਾਲ
ਮੈਂ ਬੀਊਟੀ ਸਲੋਨ ਵਿੱਚ ਵੜ ਗਈ
ਗਿਆਰਵੇਂ ਲਲਕਾਰੇ ਨਾਲ
ਦੁਬਈ ਵਾਲੀ ਮੇਰੀ ਸ਼ਕਲ ਸੂਰਤ ਮੁੜ ਬਣ ਗਈ
■

(ਮਾਲਟਨ, ਮਾਰਚ 21, 2023)

# 1947 ਦੀ ਵੰਡ ਦੇ ਖਲਨਾਇਕ

ਉਹ, ਲੋਕ, ਕੌਣ ਸਨ-
ਜਿਨ੍ਹਾਂ ਨੇ, ਹਿੰਦੂ ਪਾਣੀ, ਮੁਸਲਿਮ ਪਾਣੀ
ਕਹਿ, ਮਨਾਂ 'ਚ
ਨਫ਼ਰਤ ਦੇ, ਬੀਜ ਬੀਜੇ

ਇਹ, ਨਫ਼ਰਤ ਦੇ, ਬੀਜ ਹੀ
ਇੱਕ ਦਿਨ, ਖੂੰਖਾਰ ਖੰਜਰਾਂ ਵਿੱਚ ਬਦਲ
ਇੱਕ ਦੂਜੇ ਦੇ, ਸੀਨੇ 'ਚ
ਲਹਿ ਗਏ, ਇੱਕ ਦੂਜੇ ਨੂੰ
ਕਾਫ਼ਰ ਕਹਿ ਗਏ

ਉਹ, ਲੋਕ, ਕੌਣ ਸਨ-
ਜਿਨ੍ਹਾਂ ਨੇ, ਧਰਮੀ ਖੰਜਰ ਬਣ ਕੇ
ਆਪਣੇ ਹੀ, ਹਮਸਾਇਆਂ, ਜਿਗਰੀ ਦੋਸਤਾਂ, ਸੰਗੀ ਸਾਥੀਆਂ, ਦੇ
ਖ਼ੂਨ ਨਾਲ, ਰਾਵੀ, ਚਨਾਬ, ਜੇਹਲਮ, ਸਤਲੁਜ, ਬਿਆਸ
ਦਰਿਆਵਾਂ ਦੇ ਪਾਣੀਆਂ ਨੂੰ ਖ਼ੂਨ ਰੰਗਾ ਕਰ ਕੀਤਾ

ਉਹ, ਲੋਕ, ਕੌਣ ਸਨ-
ਜਿਨ੍ਹਾਂ ਨੇ, ਆਪਣੇ ਹੀ, ਹਮਰਾਜ ਸਾਥੀਆਂ ਦੀਆਂ
ਮਾਵਾਂ, ਧੀਆਂ, ਭੈਣਾਂ, ਪਤਨੀਆਂ, ਨੂੰ
ਭਰੇ ਬਾਜ਼ਾਰ, ਨੰਗਿਆਂ ਕਰ, ਸ਼ਰਮਸਾਰ ਕੀਤਾ, ਜਿਨ੍ਹਾਂ ਨੇ
ਅੱਲ੍ਹੜ ਧੀਆਂ ਦੇ ਸੀਨਿਆਂ ਉੱਤੇ ਖੰਜਰ ਰੱਖ
ਅੱਲਾ-ਹੂ-ਅਕਬਰ
ਬੋਲੇ-ਸੋ-ਨਿਹਾਲ
ਹਰੇ ਰਾਮਾ, ਹਰੇ ਕ੍ਰਿਸ਼ਨਾ
ਜੀਸਸ, ਜੀਸਸ
ਦਾ ਨਾਹਰਾ ਲਗਾ ਕੇ
ਉਨ੍ਹਾਂ ਦਾ, ਬਲਾਤਕਾਰ ਕੀਤਾ

ਉਹ, ਲੋਕ, ਕੌਣ ਸਨ-
ਦਰਸ਼ਨੀ ਚਿਹਰਿਆਂ ਵਾਲੇ
ਹਿੰਦੂ, ਸਿੱਖ, ਮੁਸਲਮਾਨ, ਈਸਾਈ, ਜੈਨੀ, ਬੋਧੀ, ਯਹੂਦੀ

ਜਿਨ੍ਹਾਂ ਨੇ, ਧਰਤੀ ਦੇ ਇੱਕ ਖਿੱਤੇ ਦਾ, ਮਹਿਜ਼
ਨਵਾਂ ਨਾਮ ਰੱਖਣ ਲਈ
ਘਰਾਂ, ਬਾਜ਼ਾਰਾਂ, ਚੌਰਸਤਿਆਂ, ਨੂੰ
ਅੱਗ ਦੇ ਭਾਂਬੜਾਂ ਵਿੱਚ ਬਦਲ ਦਿੱਤਾ
ਲੱਖਾਂ ਲੋਕਾਂ ਨੂੰ ਲਾਸ਼ਾਂ ਦੇ ਢੇਰ ਬਣਾ ਦਿੱਤਾ

ਉਹ, ਲੋਕ, ਕੌਣ ਸਨ!
ਉਹ, ਲੋਕ, ਕੌਣ ਸਨ!!
ਉਹ, ਲੋਕ, ਕੌਣ ਸਨ!!!

ਅੱਜ ਵੀ, ਉਹ ਲੋਕ
ਆਪਣੇ, ਚਿਹਰਿਆਂ 'ਤੇ
ਨਵੇਂ, ਮੁਖੌਟੇ ਪਾ ਕੇ
ਸਾਡੇ, ਆਸ-ਪਾਸ
ਘੁੰਮ ਰਹੇ ਹਨ

ਅੱਜ ਵੀ, ਉਹ ਲੋਕ
ਧਰਤੀ ਦੇ, ਇਸ ਖਿੱਤੇ ਨੂੰ
ਅੱਗ ਦੇ ਭਾਂਬੜਾਂ 'ਚ
ਬਦਲਣ ਲਈ
ਨਿੱਤ, ਮਨਹੂਸ
ਸਾਜ਼ਿਸ਼ਾਂ ਗੁੰਦ ਰਹੇ ਹਨ
■

(ਅਗਸਤ 22, 2023, ਮਾਲਟਨ)

# ਭੂਤ, ਭਵਿੱਖ, ਵਰਤਮਾਨ

ਲੋਕ, ਬੜੀਆਂ ਬੜੀਆਂ, ਡੀਂਗਾਂ ਮਾਰਦੇ ਹਨ
ਸਾਡੇ, ਵੱਡ-ਵਡੇਰਿਆਂ ਦੇ ਝੰਡੇ
ਕਾਬੁਲ, ਕੰਧਾਰ, ਉੱਤੇ ਝੂਲਦੇ ਸਨ-
ਪਰ, ਜਦੋਂ, ਪੁੱਛੋ:
ਠੀਕ ਹੈ, ਮੰਨ ਲੈਂਦੇ ਹਾਂ
ਤੁਹਾਡੇ, ਵੱਡ-ਵਡੇਰਿਆਂ ਦੀਆਂ
ਸੂਰਮਤਾਈ ਦੀਆਂ, ਗੱਲਾਂ
ਪਰ, ਤੁਸੀਂ, ਆਪ ਕੀ ਕਰਦੇ ਹੋ
ਇਹ ਵੀ, ਤਾਂ, ਦੱਸੋ-
ਫਿਰ, ਉਹ, ਆਪਣੇ
ਮੂੰਹ ਨੀਂਵੇਂ ਕਰਕੇ
ਹੌਲੀ ਜਿਹੀ, ਬੋਲਦੇ ਹਨ:
'ਅਸੀਂ, ਆਪਣੀਆਂ, ਬਾਹਾਂ 'ਚ
ਚਿੱਟੇ ਦੇ, ਇੰਜੈਕਸ਼ਨ ਲਗਾ ਕੇ
ਰੂੜੀਆਂ ਉੱਤੇ, ਕੂੜੇ ਦੇ ਢੇਰਾਂ ਵਾਂਗ
ਡਿੱਗੇ ਹੁੰਦੇ ਹਾਂ'

ਲੋਕ, ਬੜੀਆਂ ਬੜੀਆਂ, ਡੀਂਗਾਂ ਮਾਰਦੇ ਹਨ
ਸਾਡੇ, ਵੱਡ-ਵਡੇਰਿਆਂ ਨੇ
ਸਾਨੂੰ, 'ਸਰਬੱਤ ਦਾ ਭਲਾ' ਦਾ ਨਾਹਰਾ ਦਿੱਤਾ ਸੀ-
ਪਰ, ਜਦੋਂ, ਪੁੱਛੋ:
ਠੀਕ ਹੈ, ਮੰਨ ਲੈਂਦੇ ਹਾਂ
ਤੁਹਾਡੇ, ਵੱਡ-ਵਡੇਰੇ
ਮਨੁੱਖਵਾਦੀ ਸਨ
ਪਰ, ਤੁਸੀਂ, ਆਪ ਕੀ ਕਰਦੇ ਹੋ
ਇਹ ਵੀ, ਤਾਂ, ਦੱਸੋ-
ਫਿਰ, ਉਹ, ਆਪਣੇ
ਮੂੰਹ ਨੀਂਵੇਂ ਕਰਕੇ
ਹੌਲੀ ਜਿਹੀ, ਬੋਲਦੇ ਹਨ:
'ਅਸੀਂ, ਆਪਣੇ, ਆਂਢੀਆਂ-ਗੁਆਂਢੀਆਂ ਨੂੰ
ਨਾਈ, ਛੀਂਬੇ, ਚਮਾਰ, ਚੂਹੜੇ, ਤਖਾਣ, ਭਾਪੇ, ਕਹਿ
ਨਿੱਤ, ਉਹਨਾਂ ਨਾਲ, ਖਹਿਬੜ ਕੇ

ਲਹੂ-ਲੁਹਾਨ ਹੁੰਦੇ ਹਾਂ'

ਲੋਕ, ਬੜੀਆਂ ਬੜੀਆਂ, ਡੀਂਗਾਂ ਮਾਰਦੇ ਹਨ
ਸਾਡੇ, ਵੱਡ-ਵਡੇਰਿਆਂ ਨੇ
'ਰਾਜੇ ਸ਼ੀਂਹ, ਮੁਕੱਦਮ ਕੁੱਤੇ' ਕਿਹਾ ਸੀ-
ਪਰ, ਜਦੋਂ, ਪੁੱਛੋ:
ਠੀਕ ਹੈ, ਮੰਨ ਲੈਂਦੇ ਹਾਂ
ਤੁਹਾਡੇ, ਵੱਡ-ਵਡੇਰੇ
ਬੇਖ਼ੌਫ਼, ਬੇਬਾਕ, ਜੁਰੱਅਤ, ਵਾਲੇ ਲੋਕ ਸਨ
ਪਰ, ਤੁਸੀਂ, ਆਪ ਕੀ ਕਰਦੇ ਹੋ
ਇਹ ਵੀ, ਤਾਂ, ਦੱਸੋ-
ਫਿਰ, ਉਹ, ਆਪਣੇ
ਮੂੰਹ ਨੀਂਵੇਂ ਕਰਕੇ
ਹੌਲੀ ਜਿਹੀ, ਬੋਲਦੇ ਹਨ:
'ਅਸੀਂ, ਗਾਂਧੀ ਦੇ ਤਿੰਨ ਬਾਂਦਰਾਂ ਦੇ ਅੰਧਭਗਤ ਹਾਂ
-ਨ ਅਸੀਂ, ਅੱਖਾਂ ਨਾਲ ਹੀ ਕੁਝ ਦੇਖਦੇ ਹਾਂ
-ਨ ਅਸੀਂ, ਮੂੰਹ ਨਾਲ ਹੀ ਕੁਝ ਬੋਲਦੇ ਹਾਂ
-ਨ ਅਸੀਂ, ਕੰਨਾਂ ਨਾਲ ਹੀ ਕੁਝ ਸੁਣਦੇ ਹਾਂ'

ਲੋਕ, ਬੜੀਆਂ ਬੜੀਆਂ, ਡੀਂਗਾਂ ਮਾਰਦੇ ਹਨ
ਸਾਡੇ, ਵੱਡ-ਵਡੇਰਿਆਂ ਨੇ
'ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ' ਕਿਹਾ ਸੀ-
ਪਰ, ਜਦੋਂ, ਪੁੱਛੋ:
ਠੀਕ ਹੈ, ਮੰਨ ਲੈਂਦੇ ਹਾਂ
ਤੁਹਾਡੇ, ਵੱਡ-ਵਡੇਰੇ
ਔਰਤ ਨੂੰ ਬਹੁਤ ਇੱਜ਼ਤ-ਮਾਣ ਦਿੰਦੇ ਸਨ
ਪਰ, ਤੁਸੀਂ, ਆਪ ਕੀ ਕਰਦੇ ਹੋ
ਇਹ ਵੀ, ਤਾਂ, ਦੱਸੋ-
ਫਿਰ, ਉਹ, ਆਪਣੇ
ਮੂੰਹ ਨੀਂਵੇਂ ਕਰਕੇ
ਹੌਲੀ ਜਿਹੀ, ਬੋਲਦੇ ਹਨ:
'ਅਸੀਂ, ਆਪਣੀਆਂ, ਮਾਸੂਮ, ਧੀਆਂ ਦੇ ਕਤਲ ਕਰਕੇ
ਉਨ੍ਹਾਂ ਦਾ, ਘੋਰ ਅਪਮਾਨ ਕਰਨ ਲਈ
ਉਨ੍ਹਾਂ ਦੀਆਂ, ਲਾਸ਼ਾਂ, ਆਪਣੇ
ਮੋਟਰਸਾਈਕਲਾਂ ਪਿੱਛੇ ਬੰਨ੍ਹ ਕੇ, ਸਾਰੇ ਪਿੰਡ ਦੀਆਂ

ਸੜਕਾਂ ਉੱਤੇ, ਘਸੀਟਦੇ ਹਾਂ'

ਅਸੀਂ, ਸੂਰਮਿਆਂ ਦੀ ਕੌਮ
ਭੂਤਕਾਲ ਨੂੰ ਅਣਡਿੱਠ ਕਰਕੇ, ਭਵਿੱਖ ਵਿੱਚ
ਆਉਣ ਵਾਲੀਆਂ ਨਸਲਾਂ ਲਈ
ਵਰਤਮਾਨ ਵਿੱਚ, ਕੁਝ, ਇਸ ਤਰ੍ਹਾਂ ਦੇ
ਤਰਸਯੋਗ, ਪੂਰਨੇ ਪਾਂਦੇ ਹਾਂ
■

(ਮਾਲਟਨ, ਅਗਸਤ 25, 2023)

# ਮੋਇਆਂ ਹੋਇਆਂ ਦੇ ਜਸ਼ਨ

ਸਾਹਿਤਕਾਰ, ਆਪਣੀ, ਭੱਲ ਬਨਾਉਣ ਲਈ
ਮੋਇਆਂ ਹੋਇਆਂ ਲੇਖਕਾਂ ਬਾਰੇ ਕਿਤਾਬਾਂ ਲਿਖਦੇ ਹਨ
ਸਾਹਿਤ ਸਭਾਵਾਂ, ਸਾਡੇ, ਸਮਿਆਂ ਦੇ ਸਾਹਿਤ ਤੋਂ ਦੂਰ ਰਹਿਣ ਲਈ
ਮੋਇਆਂ ਹੋਇਆਂ ਸਾਹਿਤਕਾਰਾਂ ਦੇ ਦਿਨ ਮਨਾਉਂਦੀਆਂ ਹਨ
ਧਾਰਮਿਕ ਸੰਸਥਾਵਾਂ, ਲੋਕਾਂ ਦੀ ਭੀੜ ਇਕੱਠੀ ਕਰਨ ਲਈ
ਮੋਇਆਂ ਹੋਇਆਂ ਨੂੰ ਯਾਦ ਕਰਦੀਆਂ ਹਨ
ਰੇਡੀਓ ਚੈਨਲ, ਇਸ਼ਤਿਹਾਰਾਂ ਦੀ ਵਾਧੂ ਕਮਾਈ ਕਰਨ ਲਈ
ਮੋਇਆਂ ਹੋਇਆਂ ਨੂੰ ਫੂਕਣ ਦੇ ਇਸ਼ਤਿਹਾਰ ਮੁੜ ਮੁੜ ਚਲਾਂਦੇ ਹਨ
ਰਾਜਨੀਤੀਵਾਨ, ਲੋਕਾਂ ਵਿੱਚ ਭੜਕਾਹਟ ਪੈਦਾ ਕਰਨ ਲਈ
ਮੋਇਆਂ ਹੋਇਆਂ ਦੇ ਕਿੱਸੇ ਮਿਸਾਲੇ ਲਗਾ ਲਗਾ ਦੁਹਰਾਉਂਦੇ ਹਨ

ਸਾਡੀ, ਇਹ, ਸਭ ਤੋਂ ਵੱਡੀ
ਸਮੱਸਿਆ ਬਣਦੀ ਜਾ ਰਹੀ ਹੈ-
ਅਸੀਂ, ਵਰਤਮਾਨ ਨੂੰ ਭੁੱਲ
ਭੂਤਕਾਲ ਵਿੱਚ ਹੀ ਡੁੱਬੇ ਰਹਿੰਦੇ ਹਾਂ
ਅਸੀਂ, ਭਵਿੱਖ ਦੀਆਂ ਸ਼ੇਖ ਚਿੱਲੀ ਨੁਮਾ
ਯੋਜਨਾਵਾਂ ਘੜਨ ਵਿੱਚ ਗਵਾਚ ਜਾਂਦੇ ਹਾਂ

ਇਸ, ਸਾਰੀ ਖੇਡ ਵਿੱਚ
ਵਰਤਮਾਨ, ਸਾਡੇ ਹੱਥਾਂ 'ਚੋਂ
ਰੇਤ ਦੇ ਕਿਣਕਿਆਂ ਵਾਂਗ
ਹੌਲੀ, ਹੌਲੀ, ਕਿਰਦਾ ਜਾਂਦਾ ਹੈ

ਇਹ ਵੀ, ਤਾਂ
ਸਾਜ਼ਿਸ਼ੀ ਰਾਜਨੀਤੀ ਦਾ ਹੀ
ਹਿੱਸਾ ਹੈ-

ਸਾਡੇ, ਸਮਿਆਂ ਦੀਆਂ
ਹਕੂਮਤਾਂ ਦੇ, ਮਕਾਰ, ਰਾਜਨੀਤੀਵਾਨ, ਨਿੱਤ
ਅਜਿਹੇ, ਸ਼ੜਯੰਤਰ ਰਚਾਉਂਦੇ ਹਨ
ਵਰਤਮਾਨ ਦੇ ਸਰੋਕਾਰਾਂ ਦੀਆਂ
ਉਲਝਣਾਂ-

ਸਾਡੀਆਂ, ਅੱਖਾਂ 'ਚ
ਰੋੜਾਂ ਵਾਂਗ, ਰੜਕਣ ਲੱਗਦੀਆਂ ਹਨ
ਸਾਡੇ, ਦਿਮਾਗ਼ਾਂ 'ਚ
ਫਨੀਅਰ ਸੱਪ ਬਣ, ਡੰਗਣ ਲੱਗਦੀਆਂ ਹਨ
ਸਾਡੇ, ਕੰਨਾਂ 'ਚ
ਮੌਤ ਦੇ ਸੁਨੇਹੇ ਬਣ, ਗੂੰਜਣ ਲੱਗਦੀਆਂ ਹਨ

ਭੂਤਕਾਲ, ਜੋ, ਅਸੀਂ
ਦੇਖਿਆ ਹੀ ਨਹੀਂ
ਭਵਿੱਖ, ਜਿਸ ਬਾਰੇ, ਸਾਨੂੰ
ਕੋਈ, ਖਬਰ ਹੀ ਨਹੀਂ

ਇਨ੍ਹਾਂ, ਦੋ
ਪ੍ਰਸਥਿਤੀਆਂ ਵਿਚਾਲੇ, ਉਮਰ ਭਰ
ਤ੍ਰਿਸ਼ੰਕੂ ਵਾਂਗ ਲਟਕੇ

ਅਸੀਂ, ਇੱਕ ਦਿਨ
ਆਖਿਰ, ਜਲ ਰਹੀ
ਮੋਮਬੱਤੀ ਵਾਂਗ
ਪਿਘਲ ਜਾਂਦੇ ਹਾਂ
■

(ਮਾਲਟਨ, ਅਗਸਤ 27, 2023)

# ਬਾਂਦਰਾਂ ਦੀ ਕੌਮ ਵੱਖਰੀ

ਅਜੋਕੇ ਸਮਿਆਂ ਵਿੱਚ
ਬਾਂਦਰ, ਤੁਹਾਨੂੰ, ਹਰ ਦੇਸ਼ ਵਿੱਚ ਹੀ
ਮਿਲ ਜਾਣਗੇ-

ਹਰ ਦੇਸ਼ ਵਿੱਚ ਹੀ
ਉਨ੍ਹਾਂ ਦਾ, ਇੱਕੋ ਹੀ
ਨਾਹਰਾ ਹੋਵੇਗਾ :
'ਬਾਂਦਰਸਤਾਨ
ਜ਼ਿੰਦਾਬਾਦ'

ਏਥੋਂ ਤੱਕ ਕਿ
ਹੁਣ, ਤਾਂ, ਬਾਂਦਰ
ਕੈਨੇਡਾ, ਅਮਰੀਕਾ, ਇੰਗਲੈਂਡ, ਇੰਡੀਆ, ਨਿਊਜ਼ੀਲੈਂਡ
ਵਰਗੇ ਮੁਲਕਾਂ ਦੇ, ਰੇਡੀਓ, ਟੀ.ਵੀ., ਚੈਨਲਾਂ ਉੱਤੇ
ਵੀ, ਕਾਬਜ਼ ਹੋ ਕੇ, ਦਿਨ-ਰਾਤ
ਬਾਂਦਰ ਚੀਕਾਂ ਮਾਰਦੇ ਰਹਿੰਦੇ ਹਨ

ਟੋਰਾਂਟੋ, ਵੈਨਕੂਵਰ, ਲੰਡਨ, ਵਾਸ਼ਿੰਗਟਨ, ਨਿਊਯਾਰਕ
ਵਰਗੇ ਸ਼ਹਿਰਾਂ ਵਿੱਚ, ਤਾਂ, ਬਾਂਦਰ
ਸਰਕਾਰੀ ਇਮਾਰਤਾਂ ਉੱਤੇ ਚੜ੍ਹ ਕੇ
ਅਨੇਕਾਂ ਦੇਸ਼ਾਂ ਦੇ, ਸਰਕਾਰੀ ਝੰਡੇ
ਲੀਰੋ ਲੀਰ ਕਰ ਦਿੰਦੇ ਹਨ

ਇਹ ਬਾਂਦਰ ਕੌਮ, ਤਾਂ
ਮਾਸੂਮ, ਬੇਗੁਨਾਹ, ਲੋਕਾਂ ਨੂੰ
ਬੱਸਾਂ, ਗੱਡੀਆਂ, ਵਿੱਚੋਂ ਬਾਹਰ ਕੱਢ ਕੱਢ
ਧਰਮ ਦੇ ਨਾਮ ਉੱਤੇ, ਏ.ਕੇ.-47 ਮਸ਼ੀਨ ਗੰਨਾਂ
ਦੀਆਂ ਗੋਲੀਆਂ ਦੀ ਬੁਛਾੜ ਕਰਕੇ
ਲਾਸ਼ਾਂ ਦੇ ਅੰਬਾਰ ਲਗਾ ਦਿੰਦੀ ਹੈ

ਇਹ ਬਾਂਦਰ ਕੌਮ, ਤਾਂ

ਗੰਦੀ ਰਾਜਨੀਤੀ ਖੇਡਦਿਆਂ
ਆਪਣੇ ਹੀ ਦੇਸ਼ ਦੇ, ਲੋਕਾਂ ਦੇ
ਗਲਾਂ 'ਚ ਬਲਦੇ ਟਾਇਰ ਪਾ ਕੇ
ਉਨ੍ਹਾਂ ਦਾ ਕਤਲ ਕਰ ਦਿੰਦੀ ਹੈ

ਇਹ ਬਾਂਦਰ ਕੌਮ, ਤਾਂ
ਆਪਣੇ ਗੀਤਾਂ ਵਿੱਚ ਵੀ
ਅਫੀਮ, ਚਰਸ, ਭੰਗ, ਕੋਕੇਨ, ਭੁੱਕੀ, ਚਿੱਟੇ
ਦਾ ਨਸ਼ਾ ਕਰਨ ਦੀਆਂ ਸਿਫਤਾਂ ਕਰ ਕਰ
ਯੁਵਕਾਂ ਨੂੰ ਨਸ਼ਿਆਂ ਦੇ ਵਗਦੇ ਛੇਵੇਂ ਦਰਿਆ 'ਚ
ਡੁੱਬਣ ਲਈ ਤਿਆਰ ਕਰ ਦਿੰਦੀ ਹੈ

ਇਹ ਬਾਂਦਰ ਕੌਮ, ਤਾਂ
ਈਦ, ਦੀਵਾਲੀ, ਵਿਸਾਖੀ, ਕ੍ਰਿਸਮਸ
ਵਾਲੇ ਦਿਨ, ਵੀ, ਬੰਬ ਬਲਾਸਟ ਕਰਕੇ
ਭੋਲੇ-ਭਾਲੇ, ਬੱਚਿਆਂ, ਬਜ਼ੁਰਗਾਂ, ਜਵਾਨਾਂ, ਔਰਤਾਂ, ਮਰਦਾਂ, ਦੇ
ਜਿਸਮਾਂ ਨੂੰ ਚੀਥੜੇ ਚੀਥੜੇ ਕਰ ਦਿੰਦੀ ਹੈ

ਇਹ ਬਾਂਦਰ ਕੌਮ, ਤਾਂ
ਮੁਰਗਾ, ਮਛਲੀ, ਬੱਕਰਾ, ਖਾਹ ਰਹੇ
ਲੋਕਾਂ ਦੇ ਢਿੱਡਾਂ ਵਿੱਚ ਵੀ, ਇਹ ਕਹਿ ਕੇ
ਇਹ ਗਊ ਮਾਤਾ ਦਾ ਮਾਸ ਖਾਹ ਰਹੇ ਹਨ
ਖੰਜਰ ਖੋਭ ਦਿੰਦੀ ਹੈ

ਹੁਣ, ਤਾਂ, ਨੈਟੋ ਵਰਗੇ
ਫੌਜੀ ਗੱਠਜੋੜ ਵੀ
ਕਹਿਣ ਲੱਗ ਪਏ ਹਨ-
ਬਾਂਦਰਾਂ ਦੀ ਕੌਮ ਵੱਖਰੀ ਮੰਨ ਕੇ
ਉਹਨਾਂ ਲਈ 'ਬਾਂਦਰਸਤਾਨ ' ਨਾਮ ਦਾ
ਇੱਕ, ਵੱਖਰਾ ਹੀ ਦੇਸ਼
ਬਣਾ ਦੇਣਾ ਚਾਹੀਦਾ

ਨੈਟੋ ਫੌਜੀ ਗਠਜੋੜ ਵਰਗੀ ਸੰਸਥਾ ਦਾ
ਤਾਂ, ਕੰਮ, ਹੀ, ਧਰਤੀ ਦੇ ਚੱਪੇ ਚੱਪੇ ਉੱਤੇ
ਜੰਗ ਛੇੜ, ਅੱਗ ਦੇ ਭਾਂਬੜ ਬਾਲਣਾ ਹੈ

ਕਹਿਣ ਨੂੰ, ਤਾਂ, ਲੋਕ
ਹੁਣ-
-ਖਾਲਿਸਤਾਨੀ
-ਆਰਐਸਐਸ
-ਜਿਹਾਦੀ
-ਕੂ ਕਲੈਕਸ ਕਲੈਨ
-ਨਾਜ਼ੀ
ਜਿਹੇ ਸ਼ਬਦ ਪੜ੍ਹ ਕੇ
ਇਹਨਾਂ ਲੋਕਾਂ ਦੇ ਕੰਮ ਦੇਖ ਕੇ ਹੀ
ਕਹਿ ਦਿੰਦੇ ਹਨ :
ਛੱਡੋ ਜੀ, ਇਨ੍ਹਾਂ ਬਾਂਦਰਾਂ ਨੂੰ
ਇਹਨਾਂ ਦੀ, ਤਾਂ
ਕੌਮ ਹੀ ਵੱਖਰੀ ਹੈ
■

(ਮਾਲਟਨ, ਸਤੰਬਰ 29, 2023)

# ਸਮਿਆਂ ਦੀ ਨਜ਼ਾਕਤ

ਅਰੂਸਾ ਦੀਆਂ ਸਹੇਲੀਆਂ
ਬੁੱਲ੍ਹਾਂ 'ਤੇ ਰੰਗਦਾਰ ਦੰਦਾਸਾ ਮਲ ਕੇ
ਇਸ, ਉਮੀਦ ਨਾਲ
ਪੱਤਣਾਂ 'ਤੇ ਖੜ੍ਹੀਆਂ-

ਸਾਹਿਤਕ ਵਿਉਪਾਰੀ ਆਉਣਗੇ
ਦੁਬਈ, ਕੈਨੇਡਾ, ਅਮਰੀਕਾ, ਇੰਗਲੈਂਡ, ਅਸਟ੍ਰੇਲੀਆ, ਦੇ
ਵੀਜ਼ੇ ਲੈ ਕੇ, ਲਿਫਾਫਿਆਂ ਦੇ ਬਾਹਰ
ਲਿਖਿਆ ਹੋਊ :
'ਵਿਸ਼ਵ ਪੰਜਾਬੀ ਸਾਹਿਤਕ ਮੇਲੇ-ਗੇਲੇ ਲਈ
ਸੱਦਾ-ਪੱਤਰ'

ਸਮਿਆਂ ਦੀ ਨਜ਼ਾਕਤ ਦੇਖੋ-
ਪੰਜਾਬੀ ਬੋਲੀ ਦੀ ਸਮੱਸਿਆ
ਤਾਂ, ਪੰਜਾਬ ਵਿੱਚ ਹੈ-
ਪਰ, ਵਿਸ਼ਵ ਪੰਜਾਬੀ ਸੰਮੇਲਨ
ਦੁਬਈ 'ਚ ਹੋ ਰਹੇ

ਪੰਜਾਬ ਦੇ ਸਰਕਾਰੀ ਅਦਾਰਿਆਂ ਨੇ
ਪੁਸਤਕਾਂ, ਤਾਂ, ਪੰਜਾਬੀ ਸਾਹਿਤ ਦੀਆਂ
ਖ਼੍ਰੀਦਣੀਆਂ ਸਨ-
ਪਰ, ਪੰਜਾਬੀ ਕਿਤਾਬਾਂ ਦੀ ਚੋਣ ਕਰਨ ਲਈ
ਭਾਸ਼ਾ ਸਲਾਹਕਾਰਾਂ ਦੀ ਮੀਟਿੰਗ
ਗੋਆ ਦੇ ਹੋਟਲ 'ਚ ਰੱਖੀ ਗਈ

ਸਾਹਿਤ ਅਕੈਡਮੀ ਨੇ
ਸਾਹਿਤ ਅਕੈਡਮੀ ਐਵਾਰਡ ਲਈ
ਚੋਣ, ਤਾਂ, ਪੰਜਾਬੀ ਸਾਹਿਤਕਾਰ ਦੀ ਕਰਨੀ ਸੀ-
ਪਰ, ਸਾਹਿਤ ਅਕੈਡਮੀ ਦੇ ਪੰਜਾਬੀ ਜੁਰੀ ਮੈਂਬਰਾਂ ਦੀ ਮੀਟਿੰਗ
ਮੈਸੂਰ ਦੇ ਹੋਟਲ 'ਚ ਰੱਖੀ ਗਈ

ਭਾਸ਼ਾ ਵਿਭਾਗ ਪੰਜਾਬ ਦੇ

ਸਲਾਹਕਾਰ ਬੋਰਡ ਮੈਂਬਰਾਂ ਨੇ
'ਸਾਹਿਤ ਰਤਨ ਐਵਾਰਡ', ਤਾਂ
ਹੋਰਨਾਂ ਸਾਹਿਤਕਾਰਾਂ ਨੂੰ ਦੇਣੇ ਸਨ-
ਪਰ, ਲਾਲਚ ਅਧੀਨ
'ਸਾਹਿਤ ਰਤਨ ਐਵਾਰਡ' ਉੱਤੇ
ਉਹ, ਆਪਣੇ ਹੀ ਨਾਮ ਲਿਖ ਬੈਠੇ

ਪੰਜਾਬੀ ਬੋਲੀ, ਸਾਹਿਤ, ਸਭਿਆਚਾਰ, ਦੀ
ਤਰੱਕੀ ਦੀਆਂ ਗੱਲਾਂ ਦਾ ਢੰਡੋਰਾ, ਤਾਂ
ਅਸੀਂ, ਪਿੰਡ, ਪਿੰਡ, ਸ਼ਹਿਰ, ਸ਼ਹਿਰ, ਦੇਸ਼, ਦੇਸ਼
ਪਿੱਟ ਰਹੇ ਹਾਂ-

ਪਰ, ਸਮਿਆਂ ਦੀ ਨਜ਼ਾਕਤ
ਤਾਂ, ਇਹੀ ਕਹਿ ਰਹੀ ਹੈ-
ਅਸੀਂ, ਆਪਣੀ ਹੀ
ਮੈਂ, ਮੈਂ, ਦੀ, ਹਰ ਥਾਂ
ਮੁਨਾਦੀ ਕਰ ਰਹੇ ਹਾਂ

ਅਸੀਂ, ਹਰ ਥਾਂ ਹੀ
ਸ਼ਰਾਫ਼ਤ ਦਾ ਬੇੜਾ
ਗਰਕ ਕਰ ਰਹੇ ਹਾਂ
■
(ਮਾਲਟਨ, ਅਕਤੂਬਰ 5, 2023)

# ਹਥਿਆਰਾਂ ਦੇ ਵਿਉਪਾਰੀ

ਧਰਤੀ ਦੇ ਚੱਪੇ, ਚੱਪੇ, ਉੱਤੇ
ਜੰਗ ਦੇ ਭਾਂਬੜ ਬਾਲਣਾ
ਉਨਾਂ ਦਾ, ਧੰਦਾ ਹੈ–

ਯੂਕਰੇਨ, ਗਾਜ਼ਾ, ਸੂਡਾਨ, ਯਮਨ, ਸੀਰੀਆ, ਸੋਮਾਲੀਆ, ਨਾਇਜੀਰੀਆ
ਜੰਗਬਾਜ਼ਾਂ ਲਈ, ਮਹਿਜ਼, ਜੰਗੀ ਖੇਡਾਂ ਖੇਡਣ ਦੇ ਮੈਦਾਨ ਹਨ
ਬੱਚਿਆਂ, ਬੁੱਢਿਆਂ, ਜਵਾਨਾਂ, ਮਰਦਾਂ, ਔਰਤਾਂ, ਦੇ
ਜਿਸਮਾਂ ਨੂੰ, ਬੰਬਾਂ ਦੀ ਬਰਖਾ ਕਰਕੇ
ਚੀਥੜਾ, ਚੀਥੜਾ, ਕਰਨਾ
ਧਰਤੀ ਨੂੰ, ਮਨੁੱਖੀ ਖ਼ੂਨ ਨਾਲ
ਲਾਲੋ ਲਾਲ ਕਰਨਾ, ਉਨ੍ਹਾਂ ਦੇ
ਵਿਉਪਾਰਕ ਧੰਦੇ ਦੀਆਂ, ਮਹਿਜ਼
ਮੁੱਢਲੀਆਂ, ਲੋੜਾਂ ਹਨ

ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ, ਹਸਪਤਾਲਾਂ, ਨੂੰ
ਤਹਿਸ-ਨਹਿਸ ਕਰਕੇ
ਹੱਸਦੇ-ਵੱਸਦੇ, ਘਰਾਂ ਨੂੰ ਖੰਡਰ ਬਣਾਕੇ
ਗਿਰਜਿਆਂ, ਮੰਦਰਾਂ, ਮਸਜਿਦਾਂ, ਗੁਰਦੁਆਰਿਆਂ, ਵਿੱਚ
ਭੀੜਾਂ ਇਕੱਠੀਆਂ ਕਰਕੇ, ਚਿਹਰਿਆਂ ਉੱਤੇ
ਸ਼ਰਾਫਤ ਦੇ ਮੁਖੌਟੇ ਚੜ੍ਹਾਕੇ
ਜੰਗ ਵਿੱਚ ਮਾਰੇ ਗਏ, ਬੇਗੁਨਾਹਾਂ, ਮਾਸੂਮਾਂ, ਦੀਆਂ
ਆਤਮਾਵਾਂ ਦੀ ਸ਼ਾਂਤੀ ਲਈ
ਰੱਬ ਅੱਗੇ, ਉਹ, ਅਰਦਾਸ ਕਰਨਗੇ

ਮਨੁੱਖਤਾ ਦੇ, ਇਹ, ਕਾਤਲ
ਜੰਗ ਵਿੱਚ, ਅਪਾਹਜ ਹੋਏ ਲੋਕਾਂ
ਯਤੀਮ ਹੋ ਗਿਆਂ, ਬੱਚਿਆਂ, ਨਾਲ
ਕੋਝਾ, ਮਜ਼ਾਕ ਕਰਨ ਲਈ
ਟੀਵੀ ਕੈਮਰਿਆਂ ਦੀ, ਚਕਾਚੌਂਧ ਸਾਹਮਣੇ
ਉਨ੍ਹਾਂ ਨੂੰ, ਭੀਖ ਵਜੋਂ
ਰੋਟੀ, ਕੱਪੜਾ, ਡਾਲਰਾਂ ਦੇ ਕੁਝ ਸਿੱਕੇ
ਉਨ੍ਹਾਂ ਦੀ, ਝੋਲੀ ਪਾਉਣਗੇ

ਉਨ੍ਹਾਂ ਦੇ ਪਾਲਤੂ
ਰੇਡੀਓ, ਟੀਵੀ, ਇੰਟਰਨੈੱਟ, ਅਖਬਾਰੀ, ਪੱਤਰਕਾਰ
ਇਨ੍ਹਾਂ, ਮੁਖੌਟਾਧਾਰੀ, ਜੰਗਬਾਜ਼, ਕਾਤਲਾਂ ਦੀਆਂ
ਬਖਸ਼ਿਸ਼ਾਂ ਦੇ ਗੁਣ ਗਾਉਣਗੇ-

ਇੰਞ, ਇਹ, ਜੰਗਬਾਜ਼
ਜੰਗ ਵਿੱਚ, ਚੀਥੜਾ, ਚੀਥੜਾ, ਹੋਏ
ਬੇਗੁਨਾਹ, ਮਾਸੂਮ, ਲੋਕਾਂ ਦੀਆਂ ਰੂਹਾਂ ਨੂੰ
ਇੱਕ ਵਾਰ, ਫਿਰ
ਸੂਲੀ 'ਤੇ ਚੜਾਉਣਗੇ

ਇਹ ਕਾਤਲ, ਇੱਕ ਵਾਰ, ਫਿਰ
ਭੋਲੀ-ਭਾਲੀ, ਜਨਤਾ ਦੇ ਮਨਾਂ ਵਿੱਚ
ਭਰਮ ਪਾਲਣ ਲਈ-
ਟੀਵੀ ਦੇ, ਵੱਡ-ਅਕਾਰੀ, ਸਕਰੀਨਾਂ ਉੱਤੇ
ਆਪਣੇ ਆਪ ਨੂੰ, ਫਰਿਸ਼ਤੇ ਬਣਕੇ
ਦਿਖਾਉਣਗੇ-

ਮਰ ਗਿਆਂ ਲਈ
ਉੱਚੀ, ਉੱਚੀ
ਵਿਰਲਾਪ ਕਰ
ਵੈਣ ਪਾਉਣਗੇ
■

(ਮਾਲਟਨ, ਅਕਤੂਬਰ 17, 2023)

# ਜੰਗਬਾਜ਼ਾਂ ਦੇ ਖਿਲਾਫ਼

ਨਿਹੱਥੇ ਲੋਕਾਂ ਨੂੰ ਘਰਾਂ 'ਚ ਘੇਰ
ਉਨ੍ਹਾਂ ਉੱਤੇ, ਬੰਬਾਂ ਦੀ ਵਰਖਾ ਕਰ
ਜੇਕਰ, ਮਾਸੂਮਾਂ ਦਾ ਕਤਲ ਕਰਨ ਨੂੰ
ਤੁਸੀਂ, ਆਪਣੀ, ਸੂਰਮਤਾਈ ਸਮਝਦੇ ਹੋ-
ਤਾਂ, ਤੁਹਾਡੇ ਲਈ, ਇੱਕੋ ਹੀ ਸ਼ਬਦ
ਬਚਿਆ ਹੈ, ਮੇਰੇ ਕੋਲ :
'ਲਾਹਨਤ ਹੈ, ਤੁਹਾਡੇ 'ਤੇ'

ਬੀਮਾਰਾਂ, ਬੱਚਿਆਂ, ਬਜ਼ੁਰਗਾਂ, ਮਰਦਾਂ, ਔਰਤਾਂ, ਦੀ
ਸੇਵਾ-ਸੰਭਾਲ ਕਰ ਰਹੇ ਹਸਪਤਾਲਾਂ ਦੀਆਂ
ਇਮਾਰਤਾਂ ਨੂੰ ਤਹਿਸ-ਨਹਿਸ ਕਰ
ਜੇਕਰ, ਬੇਗੁਨਾਹਾਂ ਦਾ ਕਤਲ ਕਰਨ ਨੂੰ
ਤੁਸੀਂ, ਆਪਣੀ, ਸੂਰਮਤਾਈ ਸਮਝਦੇ ਹੋ-
ਤਾਂ, ਤੁਹਾਡੇ ਲਈ, ਇੱਕੋ ਹੀ ਸ਼ਬਦ
ਬਚਿਆ ਹੈ, ਮੇਰੇ ਕੋਲ :
'ਲਾਹਨਤ ਹੈ, ਤੁਹਾਡੇ 'ਤੇ'

ਮਨੁੱਖੀ ਹੱਕਾਂ ਦਾ ਘਾਣ ਕਰ
ਭੁੱਖੇ, ਪਿਆਸੇ, ਲੋਕਾਂ ਨੂੰ ਤੜਪਾ ਤੜਪਾ ਕੇ
ਜੇਕਰ, ਨਿਤਾਣਿਆਂ ਦਾ ਕਤਲ ਕਰਨ ਨੂੰ
ਤੁਸੀਂ, ਆਪਣੀ, ਸੂਰਮਤਾਈ ਸਮਝਦੇ ਹੋ-
ਤਾਂ, ਤੁਹਾਡੇ ਲਈ, ਇੱਕੋ ਹੀ ਸ਼ਬਦ
ਬਚਿਆ ਹੈ, ਮੇਰੇ ਕੋਲ :
'ਲਾਹਨਤ ਹੈ, ਤੁਹਾਡੇ 'ਤੇ'

ਗੁੰਡਾ ਮਹਾਂ ਸ਼ਕਤੀ ਦੇ ਇਸ਼ਾਰਿਆਂ 'ਤੇ ਤਾਂਡਵ-ਨਾਚ ਕਰ
ਲੱਖਾਂ ਲੋਕਾਂ ਨੂੰ ਘਰਾਂ ਤੋਂ ਉਜਾੜ ਕੇ

ਜੇਕਰ, ਡਰ ਨਾਲ ਸਹਿਮਿਆਂ ਦਾ ਕਤਲ ਕਰਨ ਨੂੰ
ਤੁਸੀਂ, ਆਪਣੀ, ਸੂਰਮਤਾਈ ਸਮਝਦੇ ਹੋ-
ਤਾਂ, ਤੁਹਾਡੇ ਲਈ, ਇੱਕੋ ਹੀ ਸ਼ਬਦ
ਬਚਿਆ ਹੈ, ਮੇਰੇ ਕੋਲ :
'ਲਾਹਨਤ ਹੈ, ਤੁਹਾਡੇ 'ਤੇ'

ਕਿਹੋ ਜਿਹੇ ਸਮਿਆਂ 'ਚ
ਜੀਅ ਰਹੇ ਹਾਂ, ਅਸੀਂ-

ਜ਼ਿੰਦਗੀ ਦੇ ਹਰ ਖੇਤਰ 'ਚ ਹੀ
ਭੂਸਰੇ ਹੋਏ ਸਾਹਨ ਦਨਦਨਾਂਦੇ ਫਿਰਦੇ ਹਨ

ਕਾਤਲ ਹਕੂਮਤਾਂ ਦੇ, ਖ਼ੂਨੀ ਫੌਜੀ ਦਸਤੇ
ਲਾਸ਼ਾਂ ਦੇ ਢੇਰ ਲਗਾਂਦੇ ਫਿਰਦੇ ਹਨ
■

(ਮਾਲਟਨ, ਅਕਤੂਬਰ 28, 2023)

# ਡਾਕਟਰ ਦੀ ਡਿਗਰੀ

ਜੇ ਮੁੰਡਿਆ
ਤੂੰ, ਡਾਕਟਰ ਦੀ
ਡਿਗਰੀ ਲੈਣੀ
900 ਡਲਰ ਦਾ
ਕਰ ਲੈ ਇੰਤਜ਼ਾਮ

ਨ ਤੈਨੂੰ, ਕੋਈ ਕਿਤਾਬ ਪੜ੍ਹਣੀ ਪੈਣੀ
ਨ ਤੈਨੂੰ, ਕੋਈ ਇਮਤਿਹਾਨ ਦੇਣਾ ਪੈਣਾ

ਜੇ ਮੁੰਡਿਆ
ਤੂੰ, ਡਾਕਟਰ ਦੀ ਡਿਗਰੀ ਲੈਣੀ
ਵਿਸ਼ਵ ਪੰਜਾਬੀ ਸੰਮੇਲਨਾਂ ਦੇ
ਪਰਬੰਧਕਾਂ ਅੱਗੇ, ਬਸ
ਪੂਛ ਹਿਲਾਣੀ ਪੈਣੀ

ਜਿੱਥੇ ਕਹੇਂਗਾ
ਕੈਨੇਡਾ, ਇੰਡੀਆ, ਪਾਕਿਸਤਾਨ
ਤਸ਼ਤਰੀ ਵਿੱਚ ਸਜਾ ਕੇ
ਡਾਕਟਰ ਦੀ ਡਿਗਰੀ ਤੇਰੇ ਘਰ
ਆਪਣੇ ਆਪ ਹੀ
ਚੱਲ ਕੇ ਆਵੇਗੀ

900 ਡਾਲਰ ਦੀ, ਤੂੰ
ਬਸ, ਦਖਸ਼ਣਾ
ਰੱਖ ਤਿਆਰ

ਨੀਂ ਬਿੱਲੋ
ਤੂੰ ਵੀ ਲੈ ਲੈ, ਹੁਣ
ਡਾਕਟਰ ਦੀ ਡਿਗਰੀ
ਤੂੰ ਵੀ ਲੁੱਟ ਲੈ
ਮੌਜ ਬਹਾਰ

ਤੇਰੀ ਜ਼ੁਬਾਨ ਵੀ ਫੇਰ
ਵਿਸ਼ਵ ਪੰਜਾਬੀ ਸੰਮੇਲਨ ਦੇ
ਠੱਗਾਂ ਦੇ ਗੁਣ ਗਾਵੇਗੀ
■

(ਮਾਲਟਨ, ਅਪ੍ਰੈਲ 15, 2023

# ਇੱਕ, ਨਿੱਕੀ ਜਿਹੀ ਕੁੜੀ

ਫਰਾਕ, ਘੱਗਰੀ, ਪਾਈ
ਇੱਕ, ਨਿੱਕੀ ਜਿਹੀ, ਕੁੜੀ
ਹਰ ਦਿਨ, ਮੇਰੀ ਉਂਗਲੀ ਫੜੀ
ਘਰ ਦੇ ਨੇੜੇ, ਇੱਕ
ਨਿੱਕੇ ਜਿਹੇ, ਪਾਰਕ ਵਿੱਚ
ਮੇਰੇ ਨਾਲ, ਸੈਰ ਕਰਨ ਜਾਂਦੀ-

ਉਹ, ਪਾਰਕ ਦੁਆਲੇ
ਬਣੇ ਜੰਗਲੇ ਦੀਆਂ ਸੀਖਾਂ
ਫੜ ਕੇ ਪੀਂਘ ਝੂਟਦੀ
ਰੰਗ-ਬਰੰਗੇ, ਫੁੱਲਾਂ ਨੂੰ
ਮੁੜ, ਮੁੜ, ਸੁੰਘਦੀ
ਪਾਰਕ ਵਿੱਚ ਬੈਠੇ ਪੰਛੀ
ਫੜਣ ਲਈ, ਆਪਣੇ
ਨਿੱਕੇ, ਨਿੱਕੇ, ਪੈਰਾਂ ਨਾਲ
ਉਨ੍ਹਾਂ ਪਿੱਛੇ, ਦੌੜਦੀ

ਮੈਂ, ਉਸ, ਕੁੜੀ ਦੀ ਖੁਸ਼ੀ ਦੇ
ਹਰ, ਨਿੱਕੇ, ਨਿੱਕੇ, ਪਲ ਨੂੰ
ਆਪਣੇ, ਕੈਮਰੇ ਰਾਹੀਂ ਪਕੜਦਾ

ਕਦੀ, ਕਦੀ, ਘਰ ਮੁੜਣ ਤੋਂ ਪਹਿਲਾਂ
ਮੈਂ, ਉਸਨੂੰ ਫੁੱਲ ਤੋੜ ਕੇ ਦਿੰਦਾ

ਉਹ, ਅਕਸਰ ਹੀ
ਘਰ ਵੱਲ ਮੁੜਦਿਆਂ
ਰਾਹ 'ਚ ਹੀ, ਰੁਕ ਜਾਂਦੀ
ਮੇਰੀਆਂ, ਅੱਖਾਂ 'ਚ
ਆਪਣੀਆਂ, ਅੱਖਾ ਪਾ ਕੇ
ਮੈਨੂੰ, ਪੁੱਛਦੀ :
''ਕੀ, ਤੁਸੀਂ, ਸੱਚਮੁੱਚ
ਮੇਰੇ, ਦਾਦਾ ਹੋ?'

ਮੈਂ, ਉਸ ਵੱਲ
ਮੁਸਕਰਾ ਕੇ ਦੇਖਦਾ

ਉਹ, ਫਿਰ
ਚੁੱਪਚਾਪ, ਮੇਰੀ
ਉਂਗਲ ਫੜੀ, ਆਪਣੇ
ਘਰ ਵੱਲ ਤੁਰ ਪੈਂਦੀ

ਮੈਂ, ਦੂਰ-ਦੁਰਾਡੇ, ਕਿਸੇ ਵੀ ਦੇਸ਼
ਘੁੰਮਣ-ਫਿਰਨ, ਜਾਂ ਕਿਸੇ ਵੀ
ਕੰਮ ਜਾਂਦਾ, ਤਾਂ, ਮੈਂ
ਉਸ ਲਈ, ਸੁਗਾਤਾਂ ਲਿਆਉਣੀਆਂ
ਕਦੀ ਵੀ, ਨ ਭੁੱਲਦਾ-

ਖਾਸ ਤੌਰ 'ਤੇ
ਉਸ ਦੇ, ਨਿੱਕੇ, ਨਿੱਕੇ, ਪੈਰਾਂ ਲਈ
ਮੈਂ, ਤਿੱਲੇ ਦੀ ਕਢਾਈ ਵਾਲੀ
ਰੰਗ-ਬਰੰਗੀ, ਜੁੱਤੀ ਲੈ ਕੇ ਆਉਂਦਾ
ਤਾਂ, ਉਹ, ਪੈਰਾਂ ਵਿੱਚ ਜੁੱਤੀ ਪਾ
ਘਰ ਦੇ ਵਿਹੜੇ ਵਿੱਚ
ਦੇਰ ਤੱਕ, ਪੈਲਾਂ ਪਾਉਂਦੀ ਰਹਿੰਦੀ

ਉਸ ਦੀ ਮਾਂ, ਅਕਸਰ ਹੀ
ਮੈਨੂੰ, ਆਖਦੀ :
'ਤੁਸੀਂ, ਏਨੀ ਦੂਰੋਂ ਇਸ ਲਈ
ਕੀਮਤੀ ਸੁਗਾਤ ਲੈ ਕੇ ਆਏ ਹੋ
ਇਸ ਝੱਲੀ ਕੁੜੀ ਨੇ, ਤਾਂ, ਹੁਣ
ਇਹ ਜੁੱਤੀ, ਓਨੀ ਦੇਰ ਤੱਕ
ਆਪਣੇ, ਪੈਰੋਂ ਲਾਹੁਣੀ ਹੀ ਨਹੀਂ
ਜਦੋਂ ਤੱਕ, ਇਹ, ਜੁੱਤੀ
ਟੁੱਟ ਨਹੀਂ ਜਾਣੀ'

ਮੈਂ, ਉਸ, ਨਿੱਕੀ ਜਿਹੀ
ਕੁੜੀ ਵੱਲ, ਮੁਸਕਰਾ ਕੇ, ਦੇਖਦਾ

ਮੇਰੇ, ਜ਼ਿਹਨ ਵਿੱਚ, ਉਸਦੇ ਕਹੇ
ਸ਼ਬਦ ਗੂੰਜਣ ਲੱਗਦੇ :
'ਕੀ, ਤੁਸੀਂ, ਸੱਚਮੁੱਚ
ਮੇਰੇ, ਦਾਦਾ ਹੋ?'

ਇੱਕ ਵਾਰ, ਕਿਸੀ ਕਾਰਨ
ਮੈਂ, ਉਸ, ਨਿੱਕੀ ਜਿਹੀ ਕੁੜੀ ਨੂੰ
ਝਿੜਕ ਦਿੱਤਾ, ਤਾਂ
ਉਸ ਦੀਆਂ, ਅੱਖਾਂ 'ਚੋਂ
ਹੰਝੂਆਂ ਦਾ ਦਰਿਆ
ਵਗ ਪਿਆ

ਮੈਂ, ਹਫਤਿਆਂ ਬੱਧੀ
ਉਸਦੇ, ਹੰਝੂਆਂ ਬਾਰੇ
ਸੋਚ, ਸੋਚ, ਪ੍ਰੇਸ਼ਾਨ
ਹੁੰਦਾ ਰਿਹਾ

ਸਮਾਂ ਬੀਤਦਿਆਂ ਵੀ
ਪਤਾ ਹੀ ਨਹੀਂ ਲੱਗਦਾ-

ਹੁਣ, ਉਹ, ਕਿੰਨ੍ਹੀ
ਵੱਡੀ ਹੋ ਗਈ ਹੈ-

ਹੁਣ, ਉਹ
ਦੂਰ-ਦੁਰਾਡੇ ਦੇ, ਕਿਸੀ
ਸ਼ਹਿਰ ਵਿੱਚ ਰਹਿੰਦੀ ਹੈ

ਉਹ, ਨਿੱਕੀ ਜਿਹੀ, ਕੁੜੀ
ਹੁਣ ਵੀ, ਕਦੀ-ਕਦਾਈਂ, ਮੈਨੂੰ
ਮਿਲਣ ਆਉਂਦੀ ਹੈ-

ਹੁਣ, ਉਹ, ਆਪਣੀਆਂ, ਹਮਉਮਰ
ਸਹੇਲੀਆਂ ਵਾਂਗ, ਗੋਡਿਆਂ ਉੱਤੋਂ ਫਟੀ
ਨਵੇਂ ਫੈਸ਼ਨ ਦੀ, ਜੀਨ-ਸ਼ਰਟ ਪਾਉਂਦੀ
ਆਪਣੇ, ਬੁੱਲਾਂ ਉੱਤੇ, ਲਿਪਸਟਿਕ ਲਗਾਂਦੀ ਹੈ

ਹੁਣ, ਉਹ, ਆਪਣੀਆਂ, ਹਮਉਮਰ
ਸਹੇਲੀਆਂ ਵਾਂਗ, ਬਾਹਾਂ 'ਚ
ਨਵੇਂ ਫੈਸ਼ਨ ਦੀਆਂ, ਚਾਂਦੀ ਦੀਆਂ, ਚੂੜੀਆਂ
ਕੰਨਾਂ 'ਚ ਕਾਂਟੇ, ਹੱਥਾਂ 'ਚ, ਮੁੰਦੀਆਂ ਪਾਂਦੀ ਹੈ

ਹੁਣ, ਉਹ, ਟੀਵੀ ਉੱਤੇ ਦੇਖੇ ਸ਼ੌਆਂ ਬਾਰੇ ਛਪੇ
ਅੰਗਰੇਜ਼ੀ ਦੇ, ਨਵੇਂ ਨਵੇਂ, ਨਾਵਲ ਖਰੀਦਦੀ, ਪੜ੍ਹਦੀ ਹੈ

ਹੁਣ, ਉਹ, ਕਦੀ, ਕਦੀ, ਮੇਰੇ ਨਾਲ
ਕੈਨੇਡਾ ਦੀ, ਰਾਜਨੀਤੀ ਬਾਰੇ ਵੀ ਗੱਲਾਂ ਕਰਦੀ ਹੈ

ਹੁਣ, ਉਹ, ਕਦੀ, ਕਦੀ, ਮੇਰੇ ਨਾਲ
ਆਪਣੀ, ਪੜ੍ਹਾਈ ਅਤੇ ਅਧਿਆਪਕਾਂ ਦੇ
ਸੁਭਾਅ ਬਾਰੇ ਵੀ ਚਰਚਾ ਕਰਦੀ ਹੈ

ਹੁਣ, ਉਹ, ਬਿਨ੍ਹਾਂ ਕਿਸੀ ਝਿਜਕ ਦੇ
ਕਿਸੀ ਵਿਸ਼ੇ ਵਿੱਚ ਬੇਹਤਰ, ਕਿਸੀ ਵਿੱਚ
ਮਾੜੀ ਕਾਰਗੁਜ਼ਾਰੀ ਬਾਰੇ ਵੀ, ਮੈਨੂੰ
ਦੱਸਣ ਵਿੱਚ ਫ਼ਖਰ ਸਮਝਦੀ ਹੈ

ਹੁਣ, ਉਹ, ਨਿੱਕੀ ਜਿਹੀ ਕੁੜੀ
ਦਿਨ-ਭਰ, ਸ਼ੌਪਿੰਗ ਪਲਾਜ਼ਿਆਂ 'ਚ
ਮੇਰੇ ਨਾਲ, ਘੁੰਮਣ-ਫਿਰਨ
ਖਰੀਦੋ-ਫਰੋਖਤ ਕਰਨ ਤੋਂ ਬਾਹਦ
ਆਪਣੇ, ਦੂਰ-ਦੁਰਾਡੇ, ਸ਼ਹਿਰ
ਵਾਪਸ ਪਰਤਣ ਵਾਲੀ, ਬੱਸ ਦੇ
ਦਰਵਾਜ਼ੇ 'ਚ ਖੜ੍ਹ ਕੇ, ਜਦੋਂ
ਮੈਨੂੰ, ਅਲਵਿਦਾ ਕਹਿਣ ਲਈ
ਜ਼ੋਰ, ਜ਼ੋਰ, ਨਾਲ, ਆਪਣਾ
ਹੱਥ ਹਿਲਾਉਂਦੀ ਹੈ
ਤਾਂ, ਮੇਰਾ, ਚਿਹਰਾ
ਆਪਣੇ ਆਪ ਹੀ
ਗੁਲਾਬ ਵਾਂਗ, ਖਿੜ
ਉੱਠਦਾ ਹੈ-

ਮੇਰੇ, ਜ਼ਿਹਨ 'ਚ
ਉਸਦੇ, ਕਹੇ-
ਇਹ, ਸ਼ਬਦ, ਬਾਰ, ਬਾਰ
ਗੂੰਜਣ ਲੱਗਦੇ ਹਨ :

-ਕੀ, ਤੁਸੀਂ, ਸੱਚਮੁੱਚ
ਮੇਰੇ, ਦਾਦਾ ਹੋ?
-ਕੀ, ਤੁਸੀਂ, ਸੱਚਮੁੱਚ
ਮੇਰੇ, ਦਾਦਾ ਹੋ?
-ਕੀ, ਤੁਸੀਂ, ਸੱਚਮੁੱਚ
ਮੇਰੇ, ਦਾਦਾ ਹੋ?
■

(ਮਾਲਟਨ, ਮਈ 20, 2023)

# ਸਾਜਿਸ਼ੀ ਚੁੱਪ ਹੈ ਹਰ ਪਾਸੇ

ਨਾਜ਼ੀਆਂ ਨੇ, ਜਦੋਂ
ਲੱਖਾਂ ਹੀ, ਯਹੂਦੀਆਂ ਨੂੰ
ਗੈਸ ਚੈਂਬਰਾਂ 'ਚ ਸੁੱਟ
ਸੁਆਹ ਦੇ ਢੇਰ ਬਣਾਇਆ-
ਤਾਂ ਵੀ, ਮਨੁੱਖੀ ਇਤਿਹਾਸ ਦੇ ਮੱਥੇ 'ਤੇ
ਇਹ, ਕਲੰਕ ਸੀ

ਹੁਣ, ਜਦੋਂ
ਇਜ਼ਰਾਈਲੀ ਜੰਗਬਾਜ਼, ਲੱਖਾਂ ਹੀ
ਫਲਸਤੀਨੀਆਂ ਨੂੰ ਘਰਾਂ 'ਚ ਕੈਦ ਕਰ
ਉਨ੍ਹਾਂ ਉੱਤੇ, ਦਿਨ ਰਾਤ
ਬੰਬਾਂ ਦੀ ਵਰਖਾ ਕਰ
ਲਾਸ਼ਾਂ ਦੇ ਢੇਰ ਲਗਾ ਰਹੇ ਹਨ-
ਤਾਂ ਵੀ, ਮਨੁੱਖੀ ਇਤਿਹਾਸ ਦੇ ਮੱਥੇ 'ਤੇ
ਇਹ, ਕਲੰਕ ਹੈ

ਪਰ, ਜ਼ੁਲਮ ਦੀ
ਇਹ, ਇੰਤਹਾ ਦੇਖ ਕੇ ਵੀ
ਜੋ, ਲੇਖਕ, ਕਲਾਕਾਰ, ਪੱਤਰਕਾਰ, ਰਾਜਨੀਤੀਵਾਨ
ਸਾਜਿਸ਼ੀ, ਚੁੱਪ ਧਾਰੀ ਬੈਠੇ ਹਨ

ਜੋ, ਬੁੱਧੀਜੀਵੀ, ਚਿੰਤਕ, ਹਕੂਮਤਾਂ ਦੇ ਅਹਿਲਕਾਰ
ਮਨੁੱਖੀ ਖ਼ੂਨ ਦੇ ਵਹਿੰਦੇ ਦਰਿਆ ਦੇਖਕੇ ਵੀ
ਮਹਾਤਮਾ ਗਾਂਧੀ ਦੇ, ਤਿੰਨ ਬਾਂਦਰਾਂ ਵਾਂਗ
ਸਾਜਿਸ਼ੀ, ਚੁੱਪ ਧਾਰੀ ਬੈਠੇ ਹਨ

ਜੋ, ਤਿੰਨ ਬਾਂਦਰਾਂ ਵਾਂਗ

-ਅੱਖਾਂ ਨਾਲ, ਦੇਖ ਨਹੀਂ ਸਕਦੇ
-ਕੰਨਾਂ ਨਾਲ, ਸੁਣ ਨਹੀਂ ਸਕਦੇ
-ਮੂੰਹਾਂ ਨਾਲ, ਬੋਲ ਨਹੀਂ ਸਕਦੇ

ਜੋ, ਰਾਜਸਿੰਘਾਸਨਾਂ ਉੱਤੇ ਬੈਠੇ
ਮਹਿਜ਼, ਹਥਿਆਰਾਂ ਦੀ ਮੰਡੀ 'ਚ
ਆਪਣਾ, ਮਾਲ ਵੇਚਣ ਲਈ
ਗਿਰਝਾਂ ਵਾਂਗ ਸੋਚਦੇ ਹਨ

ਇਹ ਸਭ, ਮਨੁੱਖੀ ਇਤਿਹਾਸ ਦੇ
ਮੱਥੇ 'ਤੇ ਕਲੰਕ ਹਨ-

ਇਨ੍ਹਾਂ ਦੀ ਸਾਜਿਸ਼ੀ ਚੁੱਪ
ਹਰ, ਮਾਨਵਵਾਦੀ, ਮਨੁੱਖ ਨੂੰ
ਰੜਕਦੀ ਹੈ
ਇਨ੍ਹਾਂ ਦੀ ਸਾਜਿਸ਼ੀ ਚੁੱਪ
ਹਰ, ਮਾਨਵਵਾਦੀ, ਮਨੁੱਖ ਨੂੰ
ਚਿੰਤਾ 'ਚ ਡੋਬਦੀ ਹੈ
■

(ਮਾਲਟਨ, ਅਕਤੂਬਰ 30, 2023)

# ਪੰਜਾਬ ਦੀਆਂ ਰਾਜਨੀਤਕ ਭੇਡਾਂ ਦੀ ਬਹਿਸ

ਪੰਜਾਬ ਦੀਆਂ, ਰਾਜਨੀਤਕ, ਭੇਡਾਂ
ਮੈਂ ਮੈਂ ਮੈਂ ਕਰਦਿਆਂ, ਬੋਲੀਆਂ:
ਸਾਡੇ ਨਾਲ, ਬਹਿਸ ਕਰਨ ਲਈ
ਮੁੱਦਾ ਰੱਖੋ –
ਪੰਜਾਬ ਵਿੱਚ 'ਚਿੱਟੇ ਦੇ ਨਸ਼ੇ' ਨੂੰ
'ਮਜੀਠੀਆ' ਕਿਉਂ ਕਹਿੰਦੇ ਹਨ

ਪੰਜਾਬ ਦੀਆਂ, ਰਾਜਨੀਤਕ, ਭੇਡਾਂ
ਮੈਂ ਮੈਂ ਮੈਂ ਕਰਦਿਆਂ, ਬੋਲੀਆਂ:
ਸਾਡੇ ਨਾਲ, ਬਹਿਸ ਕਰਨ ਲਈ
ਮੁੱਦਾ ਰੱਖੋ–
'ਸਤਲੁੱਜ ਯਮਨਾ ਲਿੰਕ ਨਹਿਰ' ਨੂੰ ਟੱਕ ਲਗਾਉਣ ਲਈ
'ਚਾਂਦੀ ਦੀ ਕਹੀ' ਕੌਣ ਲੈ ਕੇ ਆਇਆ ਸੀ

ਪੰਜਾਬ ਦੀਆਂ, ਰਾਜਨੀਤਕ, ਭੇਡਾਂ
ਮੈਂ ਮੈਂ ਮੈਂ ਕਰਦਿਆਂ, ਬੋਲੀਆਂ:
ਸਾਡੇ ਨਾਲ, ਬਹਿਸ ਕਰਨ ਲਈ
ਮੁੱਦਾ ਰੱਖੋ–
ਪੰਜਾਬ ਵਿੱਚ, ਗੈਂਗਸਟਰਾਂ ਨੂੰ ਜਨਮ ਦੇਣ ਲਈ
ਕਿਹੜੀ ਕਿਹੜੀ ਰਾਜਨੀਤਕ ਪਾਰਟੀ ਜ਼ਿੰਮੇਵਾਰ ਹੈ

ਪੰਜਾਬ ਦੀਆਂ, ਰਾਜਨੀਤਕ, ਭੇਡਾਂ
ਮੈਂ ਮੈਂ ਮੈਂ ਕਰਦਿਆਂ, ਬੋਲੀਆਂ:
ਸਾਡੇ ਨਾਲ, ਬਹਿਸ ਕਰਨ ਲਈ
ਮੁੱਦਾ ਰੱਖੋ–
ਬਲਾਤਕਾਰੀ, ਸੱਚਾ ਸੌਦਾ ਮੁਖੀ, ਗੁਰਮੀਤ ਰਾਮ ਰਹੀਮ ਨੂੰ
ਰੰਗੀਨ ਕੁੜਤਾ ਕਿਸ ਰਾਜਨੀਤਕ ਪਾਰਟੀ ਨੇ ਭੇਟਾ ਕੀਤਾ ਸੀ

ਬਹਿਸ ਲਈ, ਮੁੱਦੇ, ਤਾਂ
ਹੋਰ ਵੀ, ਬਹੁਤ ਹਨ
ਜਿਵੇਂ-

ਗੁਰਦੁਆਰਿਆਂ ਦੀਆਂ, ਗੋਲਕਾਂ ਨੂੰ
ਸੰਨ੍ਹ ਲਗਾਉਣ ਵਾਲੀ ਕਿਹੜੀ
ਰਾਜਨੀਤਕ ਪਾਰਟੀ ਹੈ
1984 ਵਿੱਚ, ਇੱਕ ਧਰਮ ਨਾਲ
ਸਬੰਧਤ ਲੋਕਾਂ ਦੇ ਗਲਾਂ 'ਚ
ਬਲਦੇ ਟਾਇਰ ਪਾਉਣ ਵਾਲੇ ਲੋਕ ਕੌਣ ਸਨ
ਪੰਜਾਬ ਵਿੱਚ ਰਹਿੰਦਿਆਂ ਵੀ
ਆਪਣੀ, ਮਾਂ-ਬੋਲੀ 'ਹਿੰਦੀ'
ਲਿਖਵਾਉਣ ਵਾਲੀ ਕਿਹੜੀ ਫਿਰਕੂ ਧਿਰ ਸੀ
ਪੰਜਾਬ ਲਈ, ਵਧੇਰੇ ਹੱਕਾਂ ਦੀ ਮੰਗ ਨੂੰ
ਧਰਮੀ ਜਹਾਦ ਬਣਾਕੇ, ਪੰਜਾਬ ਦੇ
ਲੱਖਾਂ ਹੀ ਲੋਕਾਂ ਦਾ ਕਤਲ ਕਿਸਨੇ ਕਰਵਾਇਆ

ਬਹਿਸ ਲਈ, ਮੁੱਦੇ, ਤਾਂ
ਹੋਰ ਵੀ, ਬਹੁਤ ਹਨ-

ਪਰ, ਗੱਲ
ਬਹੁਤ, ਲੰਬੀ ਹੋ ਜਾਏਗੀ....
ਪਰ, ਗੱਲ
ਬਹੁਤ, ਲੰਬੀ ਹੋ ਜਾਏਗੀ....
ਪਰ, ਗੱਲ
ਬਹੁਤ, ਲੰਬੀ ਹੋ ਜਾਏਗੀ....
■

(ਮਾਲਟਨ, ਨਵੰਬਰ 1, 2023)